# ਸਮਤਾ

ਦਸੰਬਰ 1983 (ਅੰਕ 43)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਦਸੰਬਰ 1983
ਮੁੱਲ—ਦੋ ਰੁਪਏ
43

## ਸੰਪਾਦਕੀ

ਇਸ ਵੇਲੇ ਦੇਸ ਵਿਚ ਜੋ ਕੁਝ ਹੋ ਰਿਹਾ ਹੈ, ਉਹ ਹਰ ਸੋਚਣ ਵਾਲੇ ਨੂੰ ਮਜਬੂਰ ਕਰ ਰਿਹਾ ਹੈ ਕਿ ਉਹ ਰਾਹ ਲੱਭੇ ਜਿਸ ਤੇ ਚਲਦੇ ਹੋਏ ਉਹ ਦੇਸ਼ ਵਿਚ ਚਲ ਰਹੇ ਆਮ ਵਿਹਾਰ ਵਿਚ ਦਖਲਅੰਦਾਜ਼ੀ ਕਰ ਸਕੇ। ਇਹ ਦਖਲਅੰਦਾਜ਼ੀ ਦੋ ਹੀ ਤਰੀਕਿਆਂ ਨਾਲ ਹੋ ਸਕਦੀ ਹੈ। ਇਕ ਤਾਂ ਸਿਆਸੀ ਪੱਧਰ ਉਤੇ ਅਤੇ ਦੂਜਾ ਸਮਾਜਕ ਅਤੇ ਸਭਿਆਚਾਰਕ ਪੱਧਰ ਉਤੇ। ਸਿਆਸੀ ਪੱਧਰ ਤੇ ਜੋ ਅਸਲੀਅਤ ਸਾਡੇ ਸਾਹਮਣੇ ਹੈ, ਉਹ ਇਹ ਹੈ ਕਿ 'ਇਕ ਕਾਂਗਰਸ ਕਲਚਰ' ਜੋ ਇਕ ਚੋਰ ਕਲਚਰ ਹੈ, ਜਿਸ ਵਿਚ ਹਰ ਕਿਸਮ ਦੇ ਪੈਸੇ ਦਾ ਭ੍ਰਿਸ਼ਟਾਚਾਰ ਅਤੇ ਅਤਿਆਚਾਰ ਹੈ, ਸਮਾਜ ਤੇ ਅਪਣਾ ਧੱਕੜਸ਼ਾਹ ਵਰਤਾਰਾ ਕਾਇਮ ਕਰ ਚੁੱਕੀ ਹੈ। ਇਹ ਚੋਰ 'ਕਾਂਗਰਸ ਕਲਚਰ' ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪਣੀ ਲਪੇਟ ਵਿਚ ਲਿਆ ਚੁੱਕੀ ਹੈ। ਕਾਂਗਰਸ ਸਮੇਤ ਸਾਰੀਆਂ ਪਾਰਲੀਮਾਨੀ ਵਿਰੋਧੀ ਪਾਰਟੀਆਂ ਇਸ ਕਲਚਰ ਵਿਚ ਵਧ ਚੜ੍ਹਕੇ ਹਿੱਸਾ ਲੈਂਦੀਆਂ ਹਨ। ਕ੍ਰੋੜਾਂ ਰੁਪਇਆਂ ਦਾ ਫੰਡ ਜਮ੍ਹਾਂ ਕਰਕੇ ਸਿਆਸੀ ਜਲਸਿਆਂ ਅਤੇ ਸਿਆਸੀ ਅਲੈਕਸ਼ਨਾਂ ਵਿਚ ਖ਼ਰਚ ਕੀਤਾ ਜਾਂਦਾ ਹੈ। ਕਿਉਂਕਿ ਪੈਸਾ ਹਰ ਕਿਸਮ ਦੀ ਸਿਆਸੀ ਸਰਗਰਮੀ 'ਚ ਕੁੰਜੀ ਭੂਮਿਕਾ ਅਦਾ ਕਰਦਾ ਹੈ, ਇਸ ਲਈ ਸਿਆਸੀ ਪਿੜ ਵਿਚ ਹਰ ਪਾਰਟੀ ਇਸਦੀ ਸਰਦਾਰੀ ਮੰਨਦੀ ਹੋਈ ਆਪਣੀਆਂ ਸਰਗਰਮੀਆਂ ਨੂੰ ਇਸਦੇ ਮੁਤਾਬਿਕ ਢਾਲ ਰਹੀ ਹੈ। ਖੱਬੀਆਂ ਪਾਰਟੀਆਂ ਨੇ ਖਾਸ ਕਰਕੇ ਕਮਿਊਨਿਸਟ ਪਾਰਟੀਆਂ ਨੇ ਬੜਾ ਚਿਰ ਆਪਣੇ ਇਮਾਨਦਾਰ ਅਤੇ ਲਗਨ ਵਾਲੇ ਕੇਡਰ ਦੇ ਬਲਬੋਤੇ ਇਹ ਯਤਨ ਕੀਤਾ ਹੈ ਕਿ ਉਹ ਬੁਰਜੂਆ ਪਾਰਟੀਆਂ ਦੇ ਪੈਸੇ ਦੀ ਸਰਦਾਰੀ ਦਾ ਮੁਕਾਬਲਾ ਕਰਨ, ਪਰ ਹੁਣ ਉਹ ਵੀ ਇਸ ਯਤਨ ਵਿਚ ਹਾਰ ਗਈਆਂ ਹਨ ਹੁਣ ਜਿੱਥੇ ਉਹਨਾਂ ਦਾ ਵੱਸ ਚੱਲਦਾ ਹੈ, ਜਿਸ ਤਰ੍ਹਾਂ ਬੰਗਾਲ ਵਿਚ, ਤਾਂ ਉਹ ਵੀ ਪੈਸੇ ਦੀ ਸਰਦਾਰੀ ਵਾਲੀ ਸਿਆਸਤ ਪੂਰੀ ਤਰ੍ਹਾਂ ਖੇਡਦੇ ਹਨ। ਸਰਮਾਏਦਾਰਾਂ ਕੋਲੋਂ, ਉਦਯੋਗਪਤੀਆਂ ਕੋਲੋਂ ਲੱਖਾਂ ਦਾ ਫੰਡ ਬਕਾਇਦਾ ਲਿਆ ਜਾਂਦਾ ਹੈ ਅਤੇ ਫੇਰ ਆਪਣੇ ਆਪ ਨੂੰ ਸਟੇਟ ਪਾਵਰ ਵਿਚ ਰੱਖਣ ਖਾਤਰ ਉਹਦੀ ਵਰਤੋਂ ਜਾਂ ਦੁਰਵਰਤੋਂ ਬਾਕਾਇਦਾ ਕੀਤੀ ਜਾਂਦੀ ਹੈ। ਜਿਥੇ ਉਹ ਖੇਡ ਨਹੀਂ ਖੇਡ ਸਕਦੇ, ਉਥੇ ਉਹਨਾਂ ਦੀ ਹੌਲੀ ਹੌਲੀ ਸਭ ਹਸਤੀ ਹੀ ਮਿਟਦੀ ਜਾ ਰਹੀ ਹੈ। ਸਾਰੇ ਹਿੰਦੋਸਤਾਨ ਵਿਚ ਨਜ਼ਰ ਮਾਰੋ, ਪੰਜਾਬ, ਰਾਜਸਥਾਨ, ਮਧਿਆ ਪ੍ਰਦੇਸ਼, ਉਤਰ ਪ੍ਰਦੇਸ਼, ਮਹਾਂਰਾਸ਼ਟਰ,ਆਂਧਰਾ, ਕਰਨਾਟਕ, ਮਦਰਾਸ, ਜੰਮੂ ਕਸ਼ਮੀਰ,

### ਏਸ ਅੰਕ ਵਿਚ :

ਸੰਪਾਦਕੀ ੦ ਮਲੇਰੀਆ ? ਹੱਲ... ਤਕਨੀਕੀ ਜਾਂ ਰਾਜਸੀ/ਡਾ. ਤੇਜਦੀਪ ਸਿੰਘ ੦ ਸਾਹਿਤਕ ਪਛਾਣ—ਵਤਨੋਂ ਦੂਰ—ਮਨੁਖਤਾ ਦੀ ਸਹੀ ਆਵਾਜ਼/ਸ. ਜਗਜੀਤ ਸਿੰਘ ਦਾ ਪ੍ਰਤੀਕਰਮ ਅਤੇ ਮੁਕਤੀ ਘੋਲ ਬਾਰੇ ੦ ਕਹਾਣੀ—ਚਸ਼ਮਦੀਦ ਗਵਾਹ/ਕੁਮਾਰ ਸੰਭਵ ੦ ਦੋ ਗੀਤ/ਇੰਦਰ ਸਿੰਘ ਮਾਨ ੦ ਨਜ਼ਮਾਂ/ਕੁਲਦੀਪ ਖਿਆਲਾ ਅਤੇ ਅਜਮੇਰ ਗਿੱਲ ੦ ਪਾਠਕ ਲੇਖਕ ਫੋਰਮ—ਵਿਸ਼ਵ ਪੰਜਾਬੀ ਕਾਨਫਰੰਸੀਆਂ ਅਤੇ ਸੰਮੇਲਨੀਆਂ ਲਈ ਕੁਝ ਪ੍ਰਸ਼ਨ/ਹਮਦਰਦਵੀਰ ਨੌਸ਼ਹਿਰਵੀ ੦ ਗੁਰਨਾਮ ਸਿੰਘ ਦੀ ਕਹਾਣੀ ਨੇੜੇ ਦਾ ਸਫ਼ਰ ਬਾਰੇ/ਪਰਮਜੀਤ ਸਿੰਘ ਪਟਿਆਲਾ ੦ ਖੇਤ ਮਜ਼ਦੂਰ—ਤਸਵੀਰ ਦਾ (?) ਰੁਖ਼/ਸੁਰਜੀਤ ਆਲਮ ੦ ਪ੍ਰੋ. ਭਾਰਦਵਾਜ ਦੇ ਜਵਾਬ ਬਾਰੇ/ਇੰਦਰਜੀਤ ਸਿੰਘ ੦ ਲੰਬੀ ਗਰੁਪ ਅਤੇ RTF/ਨਰਿੰਦਰ ਸ਼ਰਮਾ, ਹੀਰਾ ਸਿੰਘ, ਸੁਖਜੀਵਨ ਕੁਮਾਰ ਸਮਤਾ ਦੀ ਸੰਪਾਦਕੀ ਬਾਰੇ/ਬਹਾਦਰ ਸਾਥੀ

ਹਿਮਾਚਲ ਪ੍ਰਦੇਸ਼, ਹਰਿਆਨਾ, ਆਸਾਮ, ਉੜੀਸਾ, ਅਰੁਣਾਚਲ ਆਦਿਕ ਵਿਚ ਹੁਣ ਕੋਈ ਵੀ ਸਥਾਪਤ ਖੱਬੀ ਪਾਰਟੀ ਨਹੀਂ ਜੋ ਇਨਾਂ ਥਾਵਾਂ ਤੇ ਕਿਸੇ ਵੀ ਵਿਹਾਰ 'ਚ ਕੋਈ ਮਮੂਲੀ ਜਹੀ ਭੂਮਿਕਾ ਨਿਭਾ ਸਕੇ। ਸਥਾਪਤ ਕਮਿਊਨਿਸਟ ਪਾਰਟੀਆਂ ਜਦੋਂ ਇਸ ਤਰਸਯੋਗ ਹਾਲਤ ਤੱਕ ਪੁੱਜ ਗਈਆਂ ਹਨ, ਤਾਂ ਕਮਿਊਨਿਸਟ ਇਨ-ਕਲਾਬੀਆਂ ਬਾਰੇ ਵੀ ਇਹ ਕਿਹਾ ਜਾਣਾ ਚਾਹੀਦਾ ਹੈ ਕਿ ਉਹ ਵੀ ਬਿਲਕੁਲ ਹਾਲੇ ਤੱਕ ਕੋਈ ਐਸੀ ਤਾਕਤ ਨਹੀਂ ਬਣਾ ਸਕੇ ਕਿ ਉਹ ਦੇਸ਼ ਦੇ ਵਰਤਾਰੇ ਵਿਚ ਕੋਈ ਅਸਰਦਾਇਕ ਦਖਲ-ਅੰਦਾਜ਼ੀ ਕਰ ਸਕਣ, ਇਹ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਹੜਾ ਸਿਆਸੀ ਫਲਸਫਾ ਨਕਸਲਬਾੜੀ ਲਹਿਰ ਨੇ ਉਤਪਨ ਕੀਤਾ ਹੈ, ਜਿਸ ਵਿਚ ਬੇਜ਼ਮੀਨੇ ਖੇਤ ਮਜ਼ਦੂਰ, ਕਬੀਲਿਆਂ ਦੇ ਲੋਕ, ਆਦੀਵਾਸੀ ਲੋਕ ਆਪਣੇ ਹੱਕਾਂ ਵਾਸਤੇ ਲੜਦੇ ਹੋਏ ਹਥਿਆਰਬੰਦ ਘੋਲਾਂ ਦਾ ਰਾਹ ਅਪਣਾਂਦੇ ਹਨ ਅਤੇ ਸਥਾਨੀਏ ਜਗੀਰਦਾਰਾਂ ਦੀਆਂ ਪਾਲੀਆਂ ਗੁੰਡਾ ਫੌਜਾਂ ਅਤੇ ਸਟੇਟ ਦੀ ਪਾਲੀ ਪੁਲਸ ਅਤੇ ਫੌਜੀ ਤਾਕਤ ਦਾ ਮੁਕਾਬਲਾ ਕਰਦੇ ਹਨ, ਉਹ ਫਲਸਫੇ ਨੂੰ ਅਪਣਾਉਂਦੇ ਹੋਏ ਹਾਲੀ ਵੀ ਦੇਸ਼ ਦੀਆਂ ਬਹੁਤ ਸਾਰੀਆਂ ਥਾਵਾਂ ਤੇ ਇਹ ਸੀਮਤ ਘੋਲ ਚਲ ਰਹੇ ਹਨ ਅਤੇ ਗਰੀਬ ਲੋਕਾਂ ਦੀ ਮੁੱਕਤੀ ਦਾ ਰਾਹ ਉਸੇ ਰਾਹ ਵਿਚੋਂ ਲੱਭਣਾ ਹੈ, ਪਰ ਦੇਸ਼ ਦੇ ਸਮੁੱਚੇ ਸਿਆਸੀ ਵਰਤਾਰੇ ਵਿਚ ਇਨਕਲਾਬੀਆਂ ਦੀ ਦਖਲ-ਅੰਦਾਜ਼ੀ ਹਾਲੀ ਨਾ ਮਾਤਰ ਹੀ ਹੈ। ਪੰਜਾਬ ਵਿਚ ਵੀ ਇਹ ਵੇਖਣ ਵਿਚ ਆਇਆ ਹੈ ਕਿ ਕਾਂਗਰਸ ਅਤੇ ਅਕਾਲੀ ਪਾਰਟੀ ਜੋ ਧੰਨੀ ਲੋਕਾਂ ਦੀਆਂ ਪਾਰਟੀਆਂ ਹਨ, ਪੰਜਾਬ ਵਿਚ ਹਰ ਸਿਆਸੀ ਖੇਡ ਵਿਚ ਮੂਹਰੇ ਹਨ। ਪੰਚਾਇਤ ਇਲੈਕਸ਼ਨਾਂ ਨੇ ਦੱਸਿਆ ਹੈ ਕਿ ਧੰਨ ਦੀ ਦੁਰਵਰਤੋਂ ਹੀ ਇਹਨਾਂ ਇਲੈਕਸ਼ਨਾਂ ਵਿਚ ਵੱਡੀ ਥਾਂ ਰੱਖਦੀ ਸੀ।

ਸੋ ਜਦੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਦੇਸ਼ ਦੀ ਸਿਆਸਤ ਉਤੇ ਸਰਮਾਏ ਅਤੇ ਧੰਨ ਦੀ ਪੂਰੀ ਸਰਦਾਰੀ ਕਾਇਮ ਹੋ ਚੁੱਕੀ ਹੈ ਤਾਂ ਕੀ ਸਾਧਾਰਨ ਬੰਦੇ ਦਾ ਜਾਂ ਹਰ ਸੋਚਣ ਵਾਲੇ ਮਨੁੱਖ ਦਾ ਇਹੀ ਫਰਜ਼ ਰਹਿ ਜਾਂਦਾ ਹੈ ਕਿ ਉਹ ਚੁੱਪ ਤਮਾਸ਼ਾਈ ਬਣਕੇ ਸਾਰਾ ਕੁਝ ਵੇਖਦਾ ਰਹੇ ? ਜੇ ਉਹ ਤਮਾਸ਼ਾਈ ਨਹੀਂ ਬਣਨਾ ਚਾਹੁੰਦਾ ਤਾਂ ਫੇਰ ਉਹਦੇ ਲਈ ਕੀ ਰਾਹ ਹੈ ? ਇਹ ਰਾਹ ਲੱਭਣ ਲਈ ਦੁਨੀਆਂ ਅਤੇ ਹਿੰਦੋਸਤਾਨ ਦੇ ਮੁਕਤੀ ਘੋਲਾਂ ਦਾ ਇਤਿਹਾਸ ਸਾਡੇ ਲਈ ਸਹਾਇਤਾ ਕਰ ਸਕਦਾ ਹੈ ਹਿੰਦੋਸਤਾਨ ਦੇ ਇਤਿਹਾਸ ਵਿਚ ਪੰਦਰਵੀਂ ਸੋਲ੍ਹਵੀਂ ਜਾਂ ਸਤਾਰਵੀਂ ਸਦੀ ਦਾ ਇਤਿਹਾਸ ਲਿਆ ਜਾ ਸਕਦਾ ਹੈ, ਕਿਉਂਕਿ ਇਸ ਇਤਿਹਾਸ ਨਾਲ ਸਾਡੇ ਸਾਧਾਰਨ ਤੋਂ ਸਾਧਾਰਨ ਲੋਕਾਂ ਦੀ ਵੀ ਕਾਫੀ ਵਾਕਫੀ ਹੈ। ਭਗਤ ਕਬੀਰ, ਬਾਬਾ ਨਾਨਕ, ਨਾਮਦੇਵ, ਗੁਰੂ ਗੋਬਿੰਦ ਸਿੰਘ, ਸਿੱਖ ਗੁਰੀਲਾ ਲਹਿਰ, ਇਹ ਐਸੀਆਂ ਲਹਿਰਾਂ ਸਨ, ਜਿਨ੍ਹਾਂ ਨੇ ਸਮੇਂ ਸਮੇਂ ਦੇਸ਼ ਦੇ ਭ੍ਰਿਸ਼ਟਾਚਾਰੀ ਧਾਰਮਕ, ਰਾਜਸੀ ਅਤੇ ਸਮਾਜਕ ਸਿਸਟਮ ਨੂੰ ਚੈਲਿੰਜ ਕੀਤਾ। ਬ੍ਰਹਮਣਵਾਦ (ਉੱਚ ਸ਼ਰੇਣੀ ਦਾ ਲੁੱਟ-ਖਸੁੱਟ ਕਰਨ ਦਾ ਫਲਸਫਾ) ਜੇਕਰ ਉਸ ਵੇਲੇ ਮੁਖ ਦੁਸ਼ਮਣ ਸੀ ਤਾਂ 'ਮਾਇਆਵਾਦ' (ਧੰਨ ਦੀ ਸਰਦਾਰੀ) ਅੱਜ ਸਮਾਜ ਦੀ ਸਭਿਆਚਾਰਕ ਤੋਰ ਤੇ ਮੁੱਖ ਦੁਸ਼ਮਣ ਕਰਾਰ ਦਿੱਤੀ ਜਾ ਸਕਦੀ ਹੈ। ਇਤਿਹਾਸ ਦੱਸਦਾ ਹੈ ਕਿ ਬ੍ਰਹਮਣਵਾਦ ਦੇ ਵਿਰੁੱਧ ਸੰਘਰਸ਼ ਪਹਿਲੇ ਸੁਧਾਰਕ ਲਹਿਰਾਂ ਦੀ ਸ਼ਕਲ ਵਿਚ ਸ਼ੁਰੂ ਹੋਇਆ ਪਰ ਬਾਅਦ ਵਿਚ ਇਹੀ ਲਹਿਰਾਂ ਸ਼ਕਤੀਸ਼ਾਲੀ ਸਿਆਸੀ ਲਹਿਰਾਂ ਦੀ ਸ਼ਕਲ ਅਖਤਿਆਰ ਕਰ ਗਈਆਂ। ਸਾਨੂੰ ਵੀ ਕੁਝ ਇਹਨਾਂ ਲੀਹਾਂ ਤੇ ਹੀ ਸੋਚਣਾ ਹੋਵੇਗਾ। ਪ੍ਰੋਲਤਾਰੀ ਜਮਾਤ ਦੀ ਇਨਕਲਾਬੀ ਵਰਤਾਰੇ ਵਿਚ ਸਰਦਾਰੀ ਨੂੰ ਸਵੀਕਾਰ ਕਰਦੇ ਹੋਏ, ਅਤੇ ਉਨ੍ਹਾਂ ਲੋਕਾਂ ਦੀ ਸ਼ਲਾਘਾ ਅਤੇ ਸਨਮਾਨ ਕਰਦੇ ਹੋਏ ਜਿਹੜੇ ਇਸ ਕੰਮ ਵਿਚ ਜੁੱਟੇ ਹੋਏ ਹਨ ਕਿ ਇਸ ਜਮਾਤ ਨੂੰ ਜਥੇਬੰਦ ਕਰਕੇ ਐਸੇ ਇਨਕਲਾਬ ਲਿਆਉਣ ਜੋ ਸਮੁੱਚੇ ਮਨੁੱਖ ਲਈ ਮੁਕਤੀ ਦਾ ਸਾਧਨ ਬਣੇ, ਇਹ ਕੁਝ ਸੱਤਰਾਂ ਉਹਨਾਂ ਲੋਕਾਂ ਲਈ ਲਿਖੀਆਂ ਜਾ ਰਹੀਆਂ ਹਨ, ਜਿਨ੍ਹਾਂ ਦੀਆਂ ਕੁਝ ਸੀਮਾਵਾਂ ਹਨ ਕਿ ਉਹ ਸਿੱਧੀ ਸਿਆਸਤ ਵਿਚ ਹਿੱਸਾ ਨਹੀਂ ਲੈ ਸਕਦੇ, ਪਰ ਦੇਸ਼ ਵਿਚ ਵਾਪਰ ਰਹੇ ਭ੍ਰਿਸ਼ਟਾਚਾਰੀ ਵਰਤਾਰੇ ਬਾਰੇ ਫਿਕਰਮੰਦ ਹਨ ਅਤੇ ਇਸ ਵਿਚ ਦਖਲ-ਅੰਦਾਜ਼ੀ ਕਰਨਾ ਚਾਹੁੰਦੇ ਹਨ।

o ਜਿਹੜੇ ਲਖਕ ਕਿਸਮ ਦੇ ਲੋਕ ਹਨ, ਜਿਨ੍ਹਾਂ ਵਿਚ ਇਹ ਪ੍ਰਤਿਭਾ ਹੈ ਕਿ ਉਹ ਸਮਾਜ ਵਿਚ ਜੋ ਕੁਝ ਹੋ ਰਿਹਾ ਹੈ, ਉਹਦਾ ਸਹੀ ਵਿਸ਼ਲੇਸ਼ਣ ਕਰ ਸਕਣ ਅਤੇ ਲੋਕਾਂ ਦੇ ਹਾਵਾਂ ਭਾਵਾਂ ਨੂੰ ਜ਼ਬਾਨ ਦੇ ਸਕਣ, ਉਹ ਆਪਣੇ ਵਿਤ ਅਨੁਸਾਰ ਲੋਕਾਂ ਨੂੰ ਜਾਗ੍ਰਿਤ ਕਰਨ। ਆਪਣੀਆਂ ਨਿੱਜੀ ਕਮਜ਼ੋਰੀਆਂ ਤੇ ਕਾਬੂ ਪਾਉਣ। ਪਿੰਡਾਂ ਵਿਚ, ਸ਼ਹਿਰਾਂ ਵਿਚ ਸਾਹਿਤਕ ਸਮਾਗਮ ਕੀਤੇ ਜਾਣ। ਸਾਧਾਰਨ ਬੰਦੇ ਨੂੰ ਮਾਯੂਸੀ ਦੀ ਹਾਲਾਤ ਵਿਚੋਂ ਕੱਢੇ ਜਾਣ ਦਾ ਹਰ ਉਪਰਾਲਾ ਕੀਤਾ ਜਾਏ। ਲੋਕ ਇਕੱਠੇ ਬੈਠਣਗੇ, ਚੰਗੀ

ਕਹਾਣੀ, ਚੰਗੀ ਕਵਿਤਾ, ਸੁਣਨਗੇ। ਚੰਗੇ ਨਾਟਕ ਵੇਖਣਗੇ ਤਾਂ ਕੁਝ ਨਵੇਂ ਵਿਸ਼ਵਾਸ ਬਣਨਗੇ। ਅਮਲ ਰਾਹੀਂ ਸਾਬਤ ਕੀਤਾ ਜਾਏ ਕਿ ਕੁਝ ਲੋਕ ਇਸ ਸਮਾਜ ਵਿਚ ਜ਼ਰੂਰ ਹਨ, ਜੋ ਪੈਸੇ ਦੀ ਸਰਦਾਰੀ ਨੂੰ ਕਬੂਲ ਨਹੀਂ ਕਰਦੇ। ਸਾਹਿਤਕ ਸਮਾਗਮਾਂ ਵਿਚ ਹਰ ਉਸ ਵਿਅਕਤੀ ਨੂੰ ਸਟੇਜ ਤੋਂ ਆਉਣ ਲਈ ਵਰਜਿਤ ਕੀਤਾ ਜਾਏ, ਜਿਸਨੇ ਦੇਸ਼ ਦੇ ਭ੍ਰਿਸ਼ਟਾਚਾਰੀ ਵਾਤਾਵਰਣ ਵਿਚ ਵਾਧਾ ਕਰਨ ਵਿਚ ਨਿੱਕਾ ਜਿਹਾ ਵੀ ਹਿੱਸਾ ਪਾਇਆ ਹੈ। ਸਰਕਾਰੀ ਕਿਸਮ ਦੇ ਅਹੁਦੇਦਾਰਾਂ ਨੂੰ ਤਾਂ ਜ਼ਰੂਰ ਵਰਜਿਤ ਕੀਤਾ ਜਾਏ। ਯੂਨੀਵਰਸਿਟੀਆਂ ਦੇ ਉਹ ਪ੍ਰੋਫੈਸਰ ਜੋ ਪ੍ਰਤਿਭਾ ਤੇ ਲਿਆਕਤ ਤਾਂ ਰੱਖਦੇ ਹਨ ਅਤੇ ਬੜੇ ਚੰਗੇ ਪੇਪਰ ਵੀ ਪੜ੍ਹ ਸਕਦੇ ਹਨ, ਪਰ ਜਿਨ੍ਹਾਂ ਨੇ ਕੋਰਸ ਦੀਆਂ ਕਿਤਾਬਾਂ ਲਗਵਾਉਣ ਲਈ ਜਾਂ ਕਿਸੇ ਹੋਰ ਨੂੰ ਕੋਈ ਰਿਆਇਤ ਦੇਣ ਵਿਚ ਇਸ ਭ੍ਰਿਸ਼ਟਾਚਾਰੀ ਸਿਸਟਮ ਵਿਚ ਪੂਰਾ ਹਿੱਸਾ ਲਿਆ ਹੈ, ਉਹਨਾਂ ਨੂੰ ਸਾਹਿਤਕ ਸਮਾਗਮਾਂ ਦੀ ਅਹੁਦੇਦਾਰੀ ਤੋਂ ਜ਼ਰੂਰ ਵਾਂਝਿਆ ਰਖਿਆ ਜਾਏ। ਇਸ ਪ੍ਰਸੰਗ ਵਿਚ ਪੰਜਾਬ ਦੇ ਸਾਹਿਤਕ ਪਿੜ ਵਿਚ ਮੈਂ ਕੇਂਦਰੀ ਲਿਖਾਰੀ ਸਭਾ ਤੇ ਕ੍ਰਾਂਤੀਕਾਰੀ ਸਾਹਿਤ ਸਭਾ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਕੇਂਦਰੀ ਲਿਖਾਰੀ ਸਭਾ ਇਕ ਜਥੇਬੰਦੀ ਦੇ ਤੌਰ ਤੇ ਪੰਜਾਬੀ ਦੇ ਬਹੁਤੇ ਲੇਖਕਾਂ ਦਾ ਸਹਿਯੋਗ ਲੈਣ ਵਿਚ ਸਫਲ ਹੋਈ ਹੈ ਅਤੇ ਇਹ ਹੁਣ ਇਸ ਯੋਗ ਜ਼ਰੂਰ ਹੈ ਕਿ ਹਰ ਕਿਸਮ ਦੇ ਭ੍ਰਿਸ਼ਟ ਅਸਰ ਤੋਂ ਆਪਣੇ ਆਪ ਨੂੰ ਆਜ਼ਾਦ ਕਰਕੇ ਇਕ ਨਿਰੋਲ ਸ਼ਕਤੀ-ਸ਼ਾਲੀ ਸਾਹਿਤਕ ਜਥੇਬੰਦੀ ਦੇ ਆਪਣੀ ਭੂਮਿਕਾ ਨਿਭਾਏ। ਅਗਰ ਸਰਕਾਰ ਇਸ ਜਥੇਬੰਦੀ ਨੂੰ ਕੁਝ ਸਰਗਰਮੀਆਂ ਲਈ ਫੰਡ ਦਿੰਦੀ ਹੈ ਤਾਂ ਉਹ ਬੜੇ ਅਣਖੀਲੇ ਤਰੀਕੇ ਨਾਲ ਸਵੀਕਾਰ ਹੋਣਾ ਚਾਹੀਦਾ ਹੈ। ਸਰਕਾਰ ਦੇ ਕਲਚਰ ਜਾਂ ਸਾਹਿਤਕ ਫੰਡ ਵਿਚੋਂ ਜੇ ਕੋਈ ਪੈਸਾ ਦਿਤਾ ਜਾਂਦਾ ਹੈ ਤਾਂ ਉਹ ਉਸ ਵਿਭਾਗ ਦਾ ਡਾਇਰੈਕਟਰ ਜਾਂ ਸੈਕਟਰੀ ਬਾਕਾਇਦਾ ਕਾਨਫਰੰਸ ਵਿਚ ਆਏ, ਪ੍ਰਬੰਧਕਾਂ ਨੂੰ ਚੈਕ ਪਕੜਾਏ ਅਤੇ ਬਾਕਾਇਦਾ ਰਸੀਦ ਲਵੇ। ਇਹ ਨਹੀਂ ਕਿ ਕੋਈ ਸਰਕਾਰੀ ਵਜ਼ੀਰ ਆਕੇ ਐਲਾਨ ਕਰ ਦੇਵੇ "ਹਮ ਨੇ ਇਤਨਾ ਪੈਸਾ ਦੀਯਾ ਲੇਖਕੋਂ ਕੀ ਮਦਦ ਕੇ ਲੀਏ" ਤੇ ਫੇਰ ਪ੍ਰਬੰਧਕ ਪਏ ਯਾਦਪੱਤ੍ਰ ਭੇਜਣ ਕਿ ਰੁਪਿਆ ਨਹੀਂ ਆਇਆ ਜਾਂ ਡੈਪੂਟੇਸ਼ਨ ਬਣਾ ਕੇ ਪਏ ਸਕੱਤਰੇਤ ਦੇ ਚੱਕਰ ਕੱਟਣ, 'ਬਾਦਸ਼ਾਹੋ ਪੈਸਾ ਜਿਸਦਾ ਐਲਾਨ ਕੀਤਾ ਸੀ, ਉਹ ਦੇ ਦੇਵੋ'। ਇਹ ਜ਼ਲਾਲਤ ਹੈ। ਕੇਂਦਰੀ ਲੇਖਕ ਸਭਾ ਦੇ ਸੂਝਵਾਨ ਲੇਖਕਾਂ ਦਾ ਫ਼ਰਜ਼ ਹੈ ਕਿ ਉਹ ਇਸ ਜ਼ਲਾਲਤ ਤੋਂ ਜਥੇਬੰਦੀ ਨੂੰ ਬਚਾਉਣ। ਕ੍ਰਾਂਤੀਕਾਰੀ ਸਾਹਿਤ ਸਭਾ ਜਿਹੜਾ ਦਾਅਵਾ ਕਰਦੀ ਹੈ ਕਿ ਉਹਦੀ ਪ੍ਰਤੀਬੱਧਤਾ ਕੇਂਦਰੀ ਲਿਖਾਰੀ ਸਭਾ ਤੋਂ ਬਹੁਤ ਵੱਧ ਹੈ ਅਤੇ ਉਹ ਇਹ ਲੇਖਕਾਂ ਕੋਲੋਂ ਇਹ ਉਮੀਦ ਕਰਦੀ ਹੈ ਕਿ ਲੇਖਕ ਲੋਕਾਂ ਦੇ ਸੰਘਰਸ਼ਾਂ ਵਿਚ ਭਾਗ ਲਏ, ਉਹ ਕੇਂਦਰੀ ਲਿਖਾਰੀ ਸਭਾ ਨਾਲ ਕਿਸੇ ਵਾਦਵਿਵਾਦ ਵਿਚ ਪਏ ਬਗੈਰ, ਆਪਣਾ ਕੰਮ ਬੜੀ ਸੂਝ ਨਾਲ ਕਰੇ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਕ੍ਰਾਂਤੀਕਾਰੀ ਸਾਹਿਤ ਦਾ ਸੁਨੇਹਾ ਦੇਵੇ। ਕੇਂਦਰੀ ਲਿਖਾਰੀ ਸਭਾ, ਕ੍ਰਾਂਤੀਕਾਰੀ ਸਾਹਿਤ ਸਭਾ ਅਤੇ ਹੋਰ ਸਾਹਿਤ ਸਭਾਵਾਂ ਵੱਖ ਵੱਖ ਸਮਾਗਮ ਵੀ ਕਰ ਸਕਦੇ ਹਨ ਅਤੇ ਇਕ ਦੂਜੇ ਦੇ ਸਮਾਗਮਾਂ ਵਿਚ ਸ਼ਾਮਿਲ ਹੋ ਕੇ ਉਹਨਾਂ ਨੂੰ ਵੱਧ ਤੋਂ ਵੱਧ ਕਾਮਯਾਬ ਕਰ ਸਕਦੇ ਹਨ। ਵੱਡੀ ਗੱਲ ਲੇਖਕਾਂ ਦੀ ਸੁਹਿਰਦਤਾ ਅਤੇ ਉਹਨਾਂ ਵੱਲੋਂ ਸਮਾਜ ਵੱਲ ਫ਼ਰਜ਼ ਦੀ ਅਦਾਇਗੀ ਹੈ। ਇਹ ਸਮਾਗਮ ਕਿਸੇ ਵੀ ਹਾਲਤ ਵਿਚ 'ਸ਼ਰਾਬ ਸਮਾਗਮ ਵਿਚ ਨਹੀਂ ਬਦਲਣੇ ਚਾਹੀਦੇ। ਇਸਦੇ ਨਾਲ ਇਹਨਾਂ ਸਮਾਗਮਾਂ ਦਾ ਅਸਰ ਲੋਕਾਂ ਉਤੇ ਉਲਟ ਪੈਂਦਾ ਹੈ।

oo ਲੇਖਕਾਂ ਦੀਆਂ ਸੰਸਥਾਵਾਂ ਤੋਂ ਇਲਾਵਾ ਸੂਝਵਾਨ ਲੋਕ ਮਨੁੱਖੀ ਅਧਿਕਾਰਾਂ ਦੇ ਆਲੇ ਦੁਆਲੇ ਬਣਾਈਆਂ ਸੰਸਥਾਵਾਂ ਵਿਚ ਆਪਣਾ ਹਿੱਸਾ ਪਾ ਸਕਦੇ ਹਨ। ਜਮਹੂਰੀ ਅਧਿਕਾਰ ਸਭਾ ਪੰਜਾਬ ਇਕ ਐਸੀ ਸੰਸਥਾ ਹੈ, ਜਿਸਨੂੰ ਪਿਛਲੇ ਤਜਰਬਿਆਂ ਤੋਂ ਸਿਖਦੇ ਹੋਰ ਸਰਗਰਮ ਕਰਨ ਦੀ ਲੋੜ ਹੈ। ਪ੍ਰੋਫੈਸਰ, ਇਨਜੀਨੀਅਰ, ਡਾਕਟਰ ਜਿਹੜੇ ਸਮਝਦੇ ਹਨ ਕਿ ਇਸ ਸਮਾਜ ਵਿਚ ਮਨੁੱਖੀ ਕਦਰਾਂ ਕੀਮਤਾਂ ਦੀ ਮਿੱਟੀ ਪਲੀਤ ਹੋ ਰਹੀ ਹੈ, ਉਹਨਾਂ ਨੂੰ ਐਸੀਆਂ ਸੰਸਥਾਵਾਂ ਵਿਚ ਆਉਣ ਦਾ ਸੱਦਾ ਦਿਤਾ ਜਾਏ। ਹਰ ਸ਼ਹਿਰ ਵਿਚ ਲਿਸਟਾਂ ਬਣਾਕੇ ਉਹਨਾਂ ਨਾਲ ਸੰਪਰਕ ਕਾਇਮ ਕੀਤਾ ਜਾਏ। ਇਹ ਬੜੀ ਹੀ ਵਿਸ਼ਾਲ ਸੰਸਥਾ ਹੋਣੀ ਚਾਹੀਦੀ ਹੈ। ਇਸ ਵਿਚ ਵਾਦਵਿਵਾਦ ਵਾਲੇ ਮਾਮਲਿਆ ਉਤੇ ਖੁਲ੍ਹਾ ਵਿਚਾਰ ਵਟਾਂਦਰਾ ਕੀਤਾ ਜਾਏ। ਲੋਕ ਰਾਏ ਬਣਾਈ ਜਾਵੇ। ਵੱਡੀ ਗੱਲ ਹੈ ਕਿ ਐਸੇ ਫੋਰਮ ਬਣਾਏ ਜਾਣ, ਜਿਥੇ ਠੀਕ ਸੋਚਣ ਵਾਲੇ ਲੋਕ ਇਕੱਠੇ ਬੈਠਣ। ਜਦੋਂ ਇਕੱਠੇ ਬੈਠਣਗੇ, ਨਤੀਜੇ ਵੀ ਚੰਗੇ ਨਿਕਲਣਗੇ।

ooo ਸਭਿਆਚਾਰਕ ਖੇਤ੍ਰ ਇਕ ਹੋਰ ਐਸਾ ਖੇਤ੍ਰ ਹੈ, ਜਿਸ ਵਿਚ ਸਿਰ ਜੋੜਕੇ ਬੈਠਣ ਦੀ ਲੋੜ ਹੈ। ਸਿਆਸਤ ਵਿਚ ਜੋ ਕੁਝ ਬਹੁਤਾ ਗ਼ਲਤ ਹੋ ਰਿਹਾ ਹੈ, ਉਹਦਾ ਵੱਡਾ ਕਾਰਨ ਲੋਕਾਂ ਦਾ ਨੀਵਾਂ ਸਭਿਆਚਾਰਕ ਪੱਧਰ ਹੈ। ਦਿੱਲੀ ਵਿਚ ਪਿਛੇ ਜਿਹੇ 'ਲੀਗ ਫਾਰ ਰੈਵੋਲਿਊਸ਼ਨਰੀ ਕਲਚਰ' ਦੀ ਸਥਾਪਨਾ ਕੀਤੀ ਗਈ ਹੈ। ਪੰਜਾਬ ਵਿਚ ਪੰਜਾਬ ਲੋਕ ਸਭਿਆਚਾਰ ਮੰਚ ਪਹਿਲੇ ਹੀ ਉਹਨਾਂ ਲੀਹਾਂ ਤੇ ਕੰਮ ਕਰ ਰਿਹਾ ਹੈ।

0000 ਅਧਿਆਪਕ ਵਰਗ ਤੋਂ ਵੀ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਸਾਰੂ ਸੋਚ ਬਨਾਉਣ ਵਿਚ ਉਹ ਆਪਣਾ ਹਿੱਸਾ ਸਮਾਜ ਵਿਚ ਪਾਉਣ ।

ਲੋੜ ਹੈ ਕਿ ਅਸੀਂ ਆਪਣੇ ਆਪਣੇ ਘਰਾਂ ਵਿਚੋਂ ਬਾਹਰ ਨਿਕਲੀਏ । ਵੱਧ ਤੋਂ ਵੱਧ ਸਾਹਿਤਕ, ਸਭਿਆਚਾਰਕ ਜਮਹੂਰੀ ਹੱਕਾਂ ਵਾਸਤੇ ਅਤੇ ਸਮਾਜਕ ਮਾਮਲਿਆਂ ਦੇ ਵਾਦਵਿਵਾਦ ਸਮਾਗਮਾਂ ਵਿਚ ਇਕੱਠੇ ਬੈਠੀਏ । ਹਰ ਰਾਹ ਲਭਿਆ ਜਾਏ ਕਿ ਦੇਸ਼ ਅਤੇ ਸਮਾਜ ਦੇ ਮਾਮਲਿਆਂ ਵਿਚ ਮਿਲਕੇ ਦਖਲ ਅੰਦਾਜ਼ੀ ਕੀਤੀ ਜਾਏ ਅਤੇ ਇਹਨਾਂ ਖੇਤ੍ਰਾਂ ਵਿਚ ਧੰਨ ਦੀ ਸਰਦਾਰੀ ਨੂੰ ਚੈਲਿੰਜ ਕੀਤਾ ਜਏ, ਇਹ ਸਮੇਂ ਦੀ ਲੋੜ ਹੈ ।

**ਗੁਰਸ਼ਰਨ ਸਿੰਘ**

---

ਵਿਚਾਰ ਚਰਚਾ

## 1. ਸਿੱਖ ਇਨਕਲਾਬ ਦੇ ਰੀਵੀਊ ਬਾਰੇ ਸ: ਜਗਜੀਤ ਸਿੰਘ ਦਾ ਪ੍ਰਤੀਕਰਮ

ਨਵੰਬਰ ਦੇ ਅੰਕ ਵਿਚ ਗੁਰਬਖਸ਼ ਜੱਸ ਦਾ ਰੀਵੀਊ (ਸ. ਜਗਜੀਤ ਸਿੰਘ ਰਚਿਤ 'ਸਿਖ ਇਨਕਲਾਬ' ਬਾਰੇ) ਪੜ੍ਹ ਕੇ ਉਹਨਾਂ ਨੂੰ ਆਪਣਾ ਪ੍ਰਤੀਕਰਮ ਜੋ ਇਕ ਚਿੱਠੀ ਦੀ ਸ਼ਕਲ ਵਿਚ ਮੈਨੂੰ ਭੇਜਿਆ, ਉਹ ਇਸ ਪ੍ਰਕਾਰ ਹੈ :

"ਸ਼ਾਇਦ ਮੈਂ ਆਪ ਨੂੰ ਸਪਸ਼ਟ ਕਰ ਦਿੱਤਾ ਹੋਵੇਗਾ ਕਿ ਮੈਂ ਮਾਰਕਸਸਿਟ ਨਾ ਕਦੇ ਸੀ ਅਤੇ ਨਾ ਹੁਣ ਹੀ ਹਾਂ । 'ਬਾਬਾ ਗਰੁਪ' ਨਾਲ ਮੈਂ ਬਹੁਤ ਸਾਲ ਕੰਮ ਕਰਦਾ ਰਿਹਾ ਅਤੇ ਪ੍ਰੋ: ਕਿਸ਼ਨ ਸਿੰਘ ਹੁਰਾਂ ਨਾਲ ਬਹੁਤ ਪੁਰਾਣੀ ਮਿਤਰਤਾ ਹੈ । ਹੋ ਸਕਦਾ ਹੈ ਕਿ ਇਸ ਕਾਰਨ ਮੇਰੇ ਵਿਚਾਰਾਂ ਬਾਰੇ ਟਪਲਾ ਲਗ ਜਾਂਦਾ ਹੋਵੇ ।' 'ਜੱਸ' ਹੋਰਾਂ ਦਾ ਵੱਡਾ ਇਤਰਾਜ਼ ਇਹ ਜਾਪਿਆ ਹੈ ਕਿ ਮੈਂ ਸਿਖ ਲਹਿਰ ਦੀ ਉਪਜ ਆਰਥਕ ਹਿੱਤਾਂ ਦੀ ਨੀਂਹ ਉਤੇ ਨਹੀਂ ਰੱਖੀ । ਉਹਨਾਂ ਦੀ ਦ੍ਰਿਸ਼ਟੀ ਤੋਂ ਇਹ ਠੀਕ ਹੈ । ਆਰਥਕ ਹਿੱਤ ਤੇ ਬਣਤਰ ਵਡੇ ਫੈਕਟਰ (Factors) ਹਨ, ਪਰ ਮੈਂ ਸਮੁੱਚੇ ਇਤਿਹਾਸਕ ਵਿਕਾਸ ਨੂੰ ਕੇਵਲ ਆਰਥਕ ਬਣਤਰ ਦੀ ਸੁਪਰ-ਸਟਰਕਚਰ (Super-Structure) ਨਹੀਂ ਸਮਝਦਾ । ਜ਼ਾਤ-ਪਾਤ ਨੇ ਮਨੁੱਖ ਜਾਤੀ ਦੇ ਇਕ ਖਾਸ ਵੱਡੇ ਹਿੱਸੇ ਨੂੰ ਹਜ਼ਾਰਾਂ ਸਾਲ ਆਪਣੇ ਸ਼ਕੰਜੇ ਵਿਚ ਜਕੜੀ ਰੱਖਿਆ ਅਤੇ ਜ਼ਾਤ-ਪਾਤ ਨੇ ਹੀ ਜਮਾਤੀ ਹਿੱਤਾਂ ਨੂੰ ਮਰੋੜੀ ਰੱਖਿਆ ।

ਰਣਜੀਤ ਸਿੰਘ ਬਾਰੇ ਉਠਾਏ ਨੁਕਤੇ ਦੀ ਮੈਨੂੰ ਸਮਝ ਨਹੀਂ ਆਈ । ਮੈਂ ਤਾਂ ਆਪ ਮਿਸਲਾਂ ਦੇ ਤੇ ਰਣਜੀਤ ਸਿੰਘ ਦੇ ਰਾਜ ਨੂੰ ਸਿਖ ਇਨਕਲਾਬ ਦੀ ਨੇਗੇਸ਼ਨ (Negation) ਸਮਝਦਾ ਹਾਂ । 'ਸਿਖ ਇਨਕਲਾਬ' ਏਸੇ ਕਾਰਨ ਮੈਂ ਮਿਸਲਾ ਤੋਂ ਪਹਿਲੋਂ ਦੇ ਸਮੇਂ ਤੱਕ ਸੀਮਤ ਕਰ ਦਿੱਤਾ ਸੀ, ਤਾਂ ਕਿ ਖੀਰ ਵਿਚ ਸਵਾਹ ਦੀ ਮਿਲਾਵਟ ਨਾ ਹੋ ਜਾਏ । ਰਣਜੀਤ ਸਿੰਘ ਬਾਰੇ ਮੈਂ ਸ਼ਾਇਦ ਇਹ ਲਿਖਿਆ ਸੀ ਕਿ ਸਿਖ ਇਨ-ਕਲਾਬ ਦੀ ਸਪਿਰਟ ਦੀ ਰਹਿੰਦ-ਖੂੰਦ ਵੀ ਇਤਨੀ ਸੀ ਕਿ ਰਣਜੀਤ ਸਿੰਘ ਨੂੰ ਤਖਤ ਉਤੇ ਬੈਠਣ ਦਾ ਹੌਂਸਲਾ ਨਾ ਪਿਆ ।

'ਮਾਰਕਸਵਾਦੀ ਗੈਰ-ਮਾਰਕਸਵਾਦੀਆਂ ਤੋਂ ਇਹ ਆਸ ਨਾ ਕਰਨ ਕਿ ਉਹ ਸਿਖ ਇਤਿਹਾਸ ਨੂੰ ਮਾਰਕਸ-ਵਾਦੀ ਨਜ਼ਰੀਏ ਤੋਂ ਵਿਆਖਣ । ਇਹ ਮਾਰਕਸਵਾਦੀਆਂ ਨੂੰ ਆਪ ਚਾਹੀਦਾ ਹੈ ਕਿ ਉਹ ਆਪ ਕੋਸ਼ਿਸ਼ ਕਰਨ । ਤਾਂ ਹੀ ਪਤਾ ਲਗੇਗਾ ਕਿ ਉਹਨਾਂ ਦੀ ਵਿਆਖਿਆ ਵਿਚ ਕਿਤਨਾ ਕੁ ਵਜ਼ਨ ਹੈ । ..

**ਹਿੰਮਤ ਸਿੰਘ ਸੋਢੀ**

## 2. ਵੱਖਵਾਦੀ ਕਿ ਕੌਮੀ ਮੁਕਤੀ ਘੋਲ ?

ਸਮਤਾ, ਅਕਤੂਬਰ 'ਚ ਸੁਰਿੰਦਰ ਕੈਲੇ ਦਾ ਲੇਖ, 'ਕੀ ਭਾਰਤ ਟੁਕੜੇ-ਟੁਕੜੇ ਹੋ ਜਾਵੇਗਾ' ਪੜ੍ਹਿਆ । ਉਹਨਾਂ ਨੇ ਸਾਰੇ ਲੇਖ ਦਾ ਸਾਰਾਂਸ ਅਖੀਰਲੇ ਪਹਿਰੇ 'ਚ ਦੇ ਦਿੱਤਾ ਹੈ । ਸਿਰਫ ਅਖੀਰਲੀ ਲਾਈਨ ਨਹੀਂ ਜਚੀ 'ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਅ ਸਕਦਾ ਹੈ' । ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਨਹੀਂ, ਅੱਗੇ ਨੂੰ ਵਿਕਾਸ ਕਰਦਾ ਹੈ ।

ਹਾਂ ਰਾਜਾਂ ਦੇ ਵੱਧ ਅਧਿਕਾਰਾਂ ਦਾ ਮਸਲਾਂ, ਅਸਲ 'ਚ ਵੱਡੀਆਂ ਕੌਮਾਂ ਹੱਥੋਂ ਲੁਟੀਂਦੀਆਂ ਛੋਟੀਆਂ ਕੌਮਾਂ ਦੀ ਮੁਕਤੀ ਦਾ ਮਸਲਾ ਹੈ । ਇਸ ਸਮੱਸਿਆ ਨੂੰ ਹਾਕਮ ਜਮਾਤਾਂ ਸਮਝਣਾ ਨਹੀਂ ਚਾਹੁੰਦੀਆਂ ਅਤੇ ਖੱਬੀ ਲਹਿਰ ਦੇ ਮੁਦੱਈ ਇਸ ਨੂੰ ਸਮਝਣ ਦਾ ਯਤਨ ਨਹੀਂ ਕਰ ਰਹੇ । ਅਸਲ 'ਚ ਹਿੰਦ-ਉਪ-ਮਹਾਂਦੀਪ 'ਕੌਮਾਂ ਦਾ ਚਿੜੀਆ ਘਰ' ਹੈ । ਹੁਣ ਚਿੜੀਆ ਘਰ 'ਚ ਕੈਦ ਕੌਮਾਂ ਨੂੰ ਆਪਣੇ ਅਸਲੇ ਦੀ ਪਹਿਚਾਣ ਆਉਣੀ ਸ਼ੁਰੂ ਹੋ ਗਈ ਹੈ । ਹੁਣ ਉਹਨਾਂ ਲਹਿਰਾਂ ਨੂੰ ਵੱਖਵਾਦੀ ਗਰਦਾਨਿਆਂ ਗੁਜ਼ਾਰਾ ਨਹੀਂ ਹੋਣਾ । ਜਦੋਂ ਸੰਬੰਧਤ ਦੇਸ਼ਾਂ ਦੀਆਂ ਸਰਕਾਰਾਂ ਉਹਨਾਂ ਨੂੰ ਵੱਖਵਾਦੀ ਕਹਿੰਦੀਆਂ ਹਨ ਤਾਂ ਸਮਝ ਆਉਣ ਵਾਲੀ ਗੱਲ ਹੈ, ਪਰ ਜਦੋਂ ਹਰ ਰੰਗ ਦੇ 'ਕਾਮਰੇਡ' ਇਹਨਾਂ ਨੂੰ ਵੱਖਵਾਦੀ ਕਹਿੰਦੇ ਹਨ ਤਾਂ ਹੈਰਾਨੀ ਹੁੰਦੀ ਹੈ । ਮਨ 'ਚ ਸਵਾਲ ਉਠਦਾ ਹੈ ਕਿ 'ਸਾਥੀ' ਸਰਕਾਰੀ ਬੋਲੀ ਕਿਉਂ ਬੋਲਦੇ ਹਨ ? ਕੀ ਉਹ ਵੀ ਹਾਕਮ ਜਮਾਤਾਂ ਨਾਲ ਮਿਲ ਗਏ ਹਨ ਜਾਂ ਉਹਨਾਂ ਨੇ ਇਸ ਮਸਲੇ ਬਾਰੇ ਡੂੰਘਾਈ 'ਚ ਸੋਚਿਆ ਹੀ ਨਹੀਂ ? ਹਾਂ ਸਾਥੀਓ, ਦੋਹਾਂ ਤੋਂ ਇਕ ਗੱਲ ਜ਼ਰੂਰ ਹੈ ।

ਕੌਮ ਤੋਂ ਮੇਰਾ ਭਾਵ ਇਕ ਖਾਸ ਭੂਗੋਲਿਕ ਇਲਾਕੇ 'ਚ ਰਹਿੰਦੇ, ਇਕੋ ਬੋਲੀ ਅਤੇ ਸਭਿਆਚਾਰ ਵਾਲੇ ਲੋਕਾਂ ਤੋਂ ਹੈ। ਪੂਰੇ ਏਸ਼ੀਆ 'ਚ ਜਬਰ ਦਾ ਸ਼ਿਕਾਰ ਛੋਟੀਆਂ ਕੌਮਾਂ, ਵੱਡੀਆਂ ਕੌਮਾਂ ਵਿਰੁਧ ਸੰਘਰਸ਼ ਕਰ ਰਹੀਆਂ ਹਨ। ਪਰ ਹਿੰਦ-ਉਪ-ਮਹਾਂਦੀਪ 'ਚ ਤਾਂ ਇਹ ਸੰਘਰਸ਼ ਸੰਵਿਧਾਨਿਕ ਲੜਾਈਆਂ ਦੀਆਂ ਹੱਦਾਂ ਟੱਪ ਕੇ, ਹਥਿਆਰਬੰਦ ਯੁੱਧ ਤੱਕ ਪਹੁੰਚ ਗਿਆ ਹੈ। ਕਈ ਕੌਮਾਂ ਜੋ ਅੱਜ ਸੰਵਿਧਾਨਿਕ ਲੜਾਈ ਲੜ ਰਹੀਆਂ ਹਨ 'ਕੱਲ੍ਹ' ਹਥਿਆਰਬੰਦ ਲੜਾਈ ਵੀ ਲੜਨਗੀਆਂ। ਆਪਣੀ ਭਾਸ਼ਾ ਕਲਚਰ ਤੇ ਸਾਹਿਤ ਦੀ ਸੁਰੱਖਿਆ ਲਈ ਅਤੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਇਹ ਲੜਾਈ ਉਹਨਾਂ ਲਈ ਜ਼ਰੂਰੀ ਵੀ ਹੈ।

ਜਿਥੋਂ ਤੱਕ ਇਤਿਹਾਸ ਦੇ ਦੁਹਰਾਉਣ ਦਾ ਸੰਬੰਧ ਹੈ, ਇਹ ਗ਼ਲਤ ਵਿਚਾਰ ਹੈ, ਇਤਿਹਾਸ ਵਿਕਾਸ ਕਰ ਰਿਹਾ ਹੈ। ਇਤਿਹਾਸ ਦੇ ਵਿਦਿਆਰਥੀ ਜਾਣਦੇ ਹਨ ਕਿ ਯੂਰਪ ਵਿਚ ਕੌਮਵਾਦੀ ਵਿਚਾਰ ਉਨੀਵੀਂ ਸਦੀ ਦੇ ਪਿਛਲੇ ਅੱਧ 'ਚ ਪਨਪਣੇ ਸ਼ੁਰੂ ਹੋਏ ਸਨ। ਦੂਸਰੇ ਮਹਾਂ ਯੁੱਧ ਤੋਂ ਬਾਅਦ ਜਦੋਂ ਸਾਮਰਾਜ ਦੀ ਪਕੜ ਕਮਜ਼ੋਰ ਹੋਈ ਤਾਂ ਯੂਰਪ ਦੀ ਮੁੜ ਵੰਡ ਹੋਈ। ਰਾਜਾਂ ਦੀ ਹੱਦਬੰਦੀ ਭਾਸ਼ਾ ਤੇ ਕਲਚਰ ਨੂੰ ਆਧਾਰ ਮੰਨਕੇ ਹੋਈ। (ਜਰਮਨੀ ਨੂੰ ਛੱਡਕੇ) ਪਰ ਉਸ ਸਮੇਂ ਏਸ਼ੀਆ ਸਾਮਰਾਜ ਦੀ ਬਸਤੀ ਸੀ। ਇਥੇ ਕੌਮਾਂ ਨੂੰ ਪਨਪਣ ਹੀ ਨਹੀਂ ਦਿੱਤਾ ਗਿਆ। ਸਾਮਰਾਜੀਆਂ ਨੇ ਕਿਸੇ ਵੀ ਕੌਮ ਨੂੰ ਆਪਣੀ ਭਾਸ਼ਾ, ਕਲਚਰ ਦੇ ਉੱਚ ਹੋਣ ਦਾ ਅਹਿਸਾਸ ਹੀ ਨਹੀਂ ਹੋਣ ਦਿੱਤਾ। ਹੁਣ ਜਦੋਂ ਸਾਮਰਾਜ ਸਿੱਧੇ ਰੂਪ 'ਚ ਏਸ਼ੀਆ 'ਚੋਂ ਗਿਆ, ਪਰ ਸਾਰੇ ਖਿੱਤਿਆਂ 'ਚ ਚੋਣਵੀਆਂ ਵੱਡੀਆਂ ਕੌਮਾਂ ਦੀ ਮੱਦਦ ਨਾਲ ਛੋਟੀਆਂ ਕੌਮਾਂ ਨੂੰ ਲੁਟਦਾ ਹੈ। ਇਥੋਂ ਦੀਆਂ ਛੋਟੀਆਂ ਕੌਮਾਂ ਨੂੰ ਵੱਡੀਆਂ ਕੌਮਾਂ ਜੋ ਸਾਮਰਾਜਵਾਦੀਆਂ ਦਾ ਹੱਥ-ਠੋਕਾ ਹਨ, ਦੁਆਰਾ ਜਬਰ ਦਾ, ਲੁੱਟ ਦਾ ਅਹਿਸਾਸ ਹੋਇਐ। ਵੱਡੀਆਂ ਕੌਮਾਂ ਛੋਟੀਆਂ ਕੌਮਾਂ ਨੂੰ ਆਰਥਕ ਤੌਰ ਤੇ ਹੀ ਨਹੀਂ ਲੁੱਟਦੀਆਂ, ਸਗੋਂ ਉਹਨਾਂ ਦੀ ਭਾਸ਼ਾ ਤੇ ਸੱਭਿਆਚਾਰ ਨੂੰ ਵੀ ਵਿਗਾੜਦੀਆਂ ਹਨ। ਇਸੇ ਸਰਵ-ਪੱਖੀ ਜਬਰ ਕਾਰਣ ਛੋਟੀਆਂ ਕੌਮਾਂ ਨੇ ਅੰਗੜਾਈ ਲਈ ਹੈ। ਉਹ ਮੁਕਤੀ ਚਾਹੁੰਦੀਆਂ ਹਨ। ਯੂਰਪ 'ਚ ਜੋ ਪ੍ਰਕ੍ਰਿਆ ਸਵਾ ਸੌ ਸਾਲ ਪਹਿਲਾਂ ਸ਼ੁਰੂ ਹੋਈ ਸੀ, ਏਸ਼ੀਆ 'ਚ ਇਸ ਸਦੀ ਦੇ ਸੱਠਵਿਆਂ ਤੋਂ ਸ਼ੁਰੂ ਹੈ। ਕੌਲੇ ਸਾਹਿਬ ਤਾਂ ਲਿਖਦੇ ਹਨ ਕਿ 'ਕਿਸੇ ਵੇਲੇ ਵੀ ਕੇਂਦਰ ਤੋਂ ਵੱਖ ਹੋਣ ਦਾ ਯਤਨ ਕਰ ਸਕਦੇ ਹਨ'—ਪਰ ਇਹ ਯਤਨ ਤਾਂ ਕਾਫ਼ੀ ਪਹਿਲਾਂ ਤੋਂ ਸ਼ੁਰੂ ਹੋ ਚੁੱਕੇ ਹਨ।

ਕੁਝ ਉਦਾਹਰਣਾਂ—ਜਿਥੇ ਛੋਟੀਆਂ ਕੌਮਾਂ ਨੇ ਮੁਕਤੀ ਲਈ ਵੱਡੀਆਂ ਕੌਮਾਂ ਵਿਰੁੱਧ ਹਥਿਆਰ ਚੁੱਕ ਲਏ ਹਨ। ਇਰਾਨ 'ਚ ਕੁਰਦ-ਕੁਰਦਸਤਾਨ ਲਈ, ਪਾਕ 'ਚ ਬਲੋਚਾਂ ਨੇ ਬਲੋਚਸਤਾਨ ਲਈ, ਉਂਝ ਸਿੰਧੀ ਤੇ ਪਖਤੂਨ ਵੀ ਆਪਣੇ ਆਪ ਨੂੰ ਪੰਜਾਬੀਆਂ ਦੀ ਬਸਤੀ ਸਮਝਦੇ ਹਨ। ਸਿੰਧੀ ਲੀਡਰ ਜੀ.ਐਮ. ਸਈਅਦ ਨੇ ਕਿਹਾ ਹੈ, 'ਅਸੀਂ ਕਦੋਂ ਤੱਕ ਪੰਜਾਬੀਆਂ ਦੀ ਬਸਤੀ ਬਣੇ ਰਹਾਂਗੇ, 'ਸਿੰਧ ਦੇਸ਼' ਵੀ ਤਾਂ ਸੰਸਾਰ ਦੇ ਨਕਸ਼ੇ ਤੇ ਬਣ ਸਕਦੈ। 25 ਸਤੰਬਰ, 1983 ਦੇ Indian Express ਵਿਚ ਬਲੋਚ ਨੇਤਾ ਸਰਦਾਰ ਮੈਂਗਲ ਦੀ ਇੰਟਰਵਿਊ ਛਪੀ ਹੈ—ਉਹਨਾਂ ਪਾਕਿਸਤਾਨੀ ਫੌਜ ਬਾਰੇ ਕਿਹਾ, ਜਿਨ੍ਹਾਂ 'ਚ ਜ਼ਿਆਦਾ ਗਿਣਤੀ ਪੰਜਾਬੀ ਦੀ ਹੈ, "they have treated us the Sindhis' & Blouchis' like third class citizens and Sind & Bauluchistan as their colony." ਉਕਤ ਅਖ਼ਬਾਰ 'ਚ ਉਸੇ ਦਿਨ ਇਹੋ ਜਹੇ ਵਿਚਾਰ ਹੀ ਪਖਤੂਨ ਆਗੂ ਖਾਨ ਅਬਦੁਲ ਵਲੀ ਖਾਂ ਦੇ ਛਪੇ ਹਨ ਕਿ ਪਖਤੂਨ ਵੀ ਹੋਮਲੈਂਡ ਚਾਹੁੰਦੇ ਹਨ।

ਹਿੰਦ-ਉਪ-ਮਹਾਂਦੀਪ ਵਲ ਵੇਖੋ—ਨਾਗੇ, ਮਤੇਈ (ਮਨੀਪੁਰ) ਮੀਜ਼ੋ ਵੀ ਆਜ਼ਾਦੀ ਲਈ ਲੜਦੇ ਹਨ। ਜੇ ਦਿੱਲੀ ਸਰਕਾਰ ਦਾ ਵਤੀਰਾ ਇਹੋ ਰਿਹਾ ਤਾਂ ਅਸਾਮੀ ਛੇਤੀ ਹੀ ਵੱਖ ਰਾਜ ਦੀ ਮੰਗ ਕਰਨਗੇ। ਲੰਕਾ 'ਚ ਤਾਮਲ 'ਐਲਮ' ਸਟੇਟ ਲਈ ਹਥਿਆਰਬੰਦ ਯੁੱਧ ਤੇ ਉਤਰ ਆਏ ਹਨ। ਬਰ੍ਹਮਾ ਦੀ ਹਾਲਤ ਵੀ ਇਸ ਦ੍ਰਿਸ਼ਟੀ-ਕੋਣ ਤੋਂ ਬਹੁਤ ਚੰਗੀ ਹੈ। ਧੁਰ ਉਤਰ 'ਚ ਕਾਚਿਨ ਸਟੇਟ ਤੇ Kachin Independence Army ਨੇ ਕਬਜ਼ਾ ਕਰ ਲਿਆ। ਪੂਰਵੀ ਹਿੱਸੇ 'ਚ ਸ਼ਾਨ (Shan) ਸਟੇਟ ਲਈ ਹਥਿਆਰਬੰਦ ਜਦੋ-ਜਹਿਦ ਜਾਰੀ ਹੈ। ਉਹਨਾਂ ਕਾਫ਼ੀ ਹਿੱਸੇ ਤੇ ਕਬਜ਼ਾ ਕਰ ਰੱਖਿਐ। ਆਰਕਾਨ ਰੇਂਜ 'ਚ ਆਰਕਾਨੀ ਗੁਰੀਲੇ ਆਪਣੀ ਕੌਮ ਦੀ ਮੁਕਤੀ ਲਈ ਲੜ ਰਹੇ ਹਨ। ਭਾਰਤ ਦੀਆਂ ਸਾਰੀਆਂ ਕੌਮਾਂ ਵੱਡੀ ਹਿੰਦੀ ਕੌਮ ਦੇ ਜਬਰ ਦਾ ਸ਼ਿਕਰ ਹਨ। ਤੇਲਗੂ ਭਾਸ਼ਾ ਤੇ ਕਲਚਰ ਦੀ ਸੁਰਖਿਆ ਦੇ ਨਾਂ ਤੇ ਐਨ. ਟੀ. ਰਾਮਾ ਰਾਓ ਆਂਧਰਾ 'ਚ ਕਾਂਗਰਸ ਨੂੰ ਖੂੰਜੇ ਲਾ ਗਿਆ ਹੈ।

ਸੋ ਇਹ ਹਾਲਤ ਹੈ ਏਸ਼ੀਆ ਦੀ। ਇਹਨਾਂ ਨੂੰ ਨੂੰ ਕੋਈ ਵੀ ਨਾਂ ਦਿੱਤਾ ਜਾ ਸਕਦੈ ਪਰ ਅਸਲ 'ਚ ਇਹ ਸਭ ਮੁਕਤੀ ਲਹਿਰਾਂ ਹਨ। ਪੰਜਾਬ 'ਚ ਮਿਲਦੇ ਹਰ ਰੰਗ ਦੇ ਕਾਮਰੇਡ ਇਹਨਾਂ ਲਹਿਰਾਂ ਨੂੰ 'ਵਖਵਾਦੀ ਤੇ ਇਨਕਲਾਬ ਲਈ ਵੱਧ ਹਾਨੀਕਾਰਕ' ਕਹਿਕੇ ਸਾਰ ਲੈਂਦੇ ਹਨ। ਇਨ੍ਹਾਂ ਦੀ ਅਗਵਾਈ ਕਰਨ ਤੋਂ ਡਰਦੇ ਹਨ। ਅਮਲ 'ਚ ਹਿੰਦ-ਉਪ-ਮਹਾਂਦੀਪ ਦੀ ਖੱਬੂ ਲਹਿਰ ਦੀ ਹਰ ਵੰਨਗੀ ਦੀ ਲੀਡਰਸ਼ਿਪ, ਹਰ ਉਠਦੀ ਇਨਕਲਾਬੀ ਲਹਿਰ ਨੂੰ ਅਗਵਾਈ ਦੇਣ ਦੀ ਥਾਂ—ਘਟਨਾਵਾਂ ਦੇ ਮਗਰ ਪੂਛ ਫੜ ਕੇ ਤੁਰਦੀ ਹੈ। ਪਰ ਕਬੂਤਰ ਦੇ ਅੱਖਾਂ ਮੀਟਿਆਂ ਬਿੱਲੀ ਕੋਲੋਂ ਦੀ ਨਹੀਂ ਲੰਘਣ ਲੱਗੀ।

**ਜਗਰੂਪ ਸਿੰਘ**

## ਮਲੇਰੀਆ...?—ਹੱਲ, ਤਕਨੀਕੀ ਜਾਂ ਰਾਜਸੀ

ਵਲੋਂ :—ਡਾਕਟਰ ਤੇਜਦੀਪ ਸਿੰਘ
ਕਨਵੀਨਰ
ਪੀਪਲਜ਼ ਹੈਲਥ ਗਰੁੱਪ, ਪਟਿਆਲਾ ।

ਸਾਡੇ ਦੇਸ਼ ਦਾ ਸ਼ਾਇਦ ਹੀ ਕੋਈ ਅਜੇਹਾ ਵਿਅਕਤੀ ਹੋਵੇ ਜਿਸ ਨੇ ਮਲੇਰੀਏ ਦਾ ਨਾਮ ਨਾ ਸੁਣਿਆ ਹੋਵੇ। ਇਸ ਵਿਚ ਤੇਜ਼ ਬੁਖਾਰ ਚੜ੍ਹਦਾ ਹੈ—ਇਕ ਦਿਨ ਛੱਡਕੇ ਜਾਂ ਰੋਜ਼, ਕਾਂਬਾ ਲਗਕੇ ਜਾਂ ਬਗੈਰ ਕਾਂਬੇ ਤੋਂ। ਕੁਨੈਣ (ਕਲੋਰੋਕੁਇਨ) ਖਾਣ ਨਾਲ ਬੁਖਾਰ ਭਾਂ ਉਤਰ ਜਾਂਦਾ ਹੈ ਪਰ ਕਾਫੀ ਦਿਨਾਂ ਤੱਕ ਬੇਹੱਦ ਕਮਜ਼ੋਰੀ ਰਹਿੰਦੀ ਹੈ, ਚੱਕਰ ਆਉਂਦੇ ਰਹਿੰਦੇ ਹਨ ਤੇ ਸਰੀਰ ਝੂਠਾ ਜਿਹਾ ਹੋਇਆ ਰਹਿੰਦਾ ਹੈ। ਆਮ ਤੌਰ 'ਤੇ ਗਰੀਬ ਲੋਕਾਂ 'ਚ ਪਹਿਲੇ ਅਟੈਕ ਦੀ ਕਮਜ਼ੋਰੀ ਅਜੇ ਹਟੀ ਨਹੀਂ ਹੁੰਦੀ, ਦੂਜਾ ਅਟੈਕ ਹੋ ਜਾਂਦਾ ਹੈ। ਉਂਝ ਤਾਂ ਮਲੇਰੀਆ ਸਾਰਾ ਸਾਲ ਹੀ ਹੁੰਦਾ ਰਹਿੰਦਾ ਹੈ ਪਰ ਗਰਮੀਆਂ ਤੇ ਖਾਸ ਕਰ ਬਰਸਾਤਾਂ ਦੇ ਮੌਸਮ ਵਿਚ ਇਹ ਵੱਡੇ ਪੱਧਰ ਤੇ ਫੈਲ ਜਾਂਦਾ ਹੈ। ਇਸ ਸਾਲ ਤਾਂ ਇਹ ਪਿਛਲੇ ਸਾਲਾਂ ਨਾਲੋਂ ਕਾਫ਼ੀ ਵੱਡੀ ਪੱਧਰ ਤੇ ਫੈਲਿਆ ਹੈ। ਐਤਕੀਂ ਇਸ ਦੇ ਨਾਲ ਹੀ ਇਕ ਹੋਰ ਬੀਮਾਰੀ ਜਿਸਨੂੰ 'ਡੇਂਗੂ" ਬੁਖਾਰ ਕਹਿੰਦੇ ਹਨ ਵੀ ਵੱਡੀ ਪੱਧਰ ਤੇ ਫੈਲੀ ਹੋਈ ਹੈ। ਮਲੇਰੀਏ ਤੇ ਡੈਂਗੂ ਬੁਖਾਰ ਨੇ ਰਲਕੇ ਤਾਂ ਇਸ ਸਾਲ ਲੋਕਾਂ ਦੇ ਨੱਕ 'ਚ ਦਮ ਕਰ ਦਿੱਤਾ ਹੈ।

ਡੇਂਗੂ ਬੁਖਾਰ ਨੂੰ ਵੀ ਮੱਛਰ ਹੀ ਫੈਲਾਉਂਦੇ ਹਨ। ਇਸ ਲਈ ਇਸ ਦੇ ਕਾਰਨ ਤੇ ਰੋਕਥਾਮ ਲੱਗਪਗ ਮਲੇਰੀਏ ਨਾਲ ਮਿਲਦੇ ਜੁਲਦੇ ਹਨ। ਇਸ ਬੀਮਾਰੀ ਦੇ ਐਡੀ ਵੱਡੀ ਪੱਧਰ ਉੱਤੇ ਫੈਲਣ ਦੇ ਕੁਝ ਹੋਰ ਕਾਰਨ ਵੀ ਹਨ ਜਿਨ੍ਹਾਂ ਨੂੰ ਇੱਕ ਵਖਰੇ ਲੇਖ ਦਾ ਵਿਸ਼ਾ ਬਣਾਇਆ ਜਾਵੇਗਾ। ਇਸ ਲੇਖ ਦਾ ਵਿਸ਼ਾ ਮਲੇਰੀਏ ਦੇ ਹੱਲ ਉਪਰ ਸੰਧਤ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਇਸ ਸਦੀਆਂ ਪੁਰਾਣੀ ਬੀਮਾਰੀ ਤੋਂ ਪਿੱਛਾ ਛੁਡਾਣ ਦੇ ਢੰਗਾਂ ਤੇ ਵਿਚਾਰ ਕਰੀਏ ਇਥੇ ਇਹ ਦੇਖਣਾ ਜ਼ਰੂਰੀ ਹੈ ਕਿ ਮਲੇਰੀਏ ਦੇ ਕਾਰਨ ਕੀ ਹਨ ਤੇ ਇਹ ਕਿਸ ਤਰ੍ਹਾਂ ਫੈਲਦਾ ਹੈ।

ਮਲੇਰੀਆ ਬੁਖਾਰ ਇਕ ਤਰ੍ਹਾਂ ਦੇ ਕੀਟਾਣੂਆਂ ਕਰਕੇ ਹੁੰਦਾ ਹੈ ਜਿਸ ਨੂੰ 'ਪਲਾਜ਼ਮੋਡੀਅਮ' ਕਹਿੰਦੇ ਹਨ। ਇਹਨਾਂ ਕੀਟਾਣੂਆਂ ਦੇ ਜੀਵਨ ਚੱਕਰ ਦਾ ਅੱਧਾ ਹਿੱਸਾ ਸਾਦਾ 'ਐਨਾਫਲੀਜ' ਮੱਛਰ ਵਿਚ ਪੂਰਾ ਹੁੰਦਾ ਹੈ ਤੇ ਅੱਧਾ ਮਨੁਖ ਦੇ ਸਰੀਰ ਵਿਚ। ਮਾਦਾ ਮੱਛਰ ਖੂਨ ਚੂਸਣ ਲਈ ਮਨੁੱਖਾਂ ਨੂੰ ਕੱਟਦੀ ਹੈ। ਜੇਕਰ ਮਨੁੱਖ ਮਲੇਰੀਆ ਦਾ ਮਰੀਜ਼ ਹੋਵੇ ਤਾਂ ਖੂਨ ਦੇ ਨਾਲ ਹੀ ਮਲੇਰੀਏ ਦੇ ਕੀਟਾਣੂ ਵੀ ਮੱਛਰ ਦੇ ਸਰੀਰ ਵਿਚ ਚਲੇ ਜਾਂਦੇ ਹਨ। ਇਹ ਕੀਟਾਣੂ ਮੱਛਰ ਦੇ ਸਰੀਰ ਅੰਦਰ ਆਪਣੇ ਜੀਵਨ ਚੱਕਰ ਦਾ ਅੱਧਾ ਹਿਸਾ ਪੂਰਾ ਕਰਦੇ ਹਨ ਤੇ ਨਾਲ ਹੀ ਗਿਣਤੀ ਵਿਚ ਵਧਦੇ ਹਨ। ਇਹ ਹਿੱਸਾ ਲੱਗਪਗ ਦੋ ਹਫਤੇ 'ਚ ਪੂਰਾ ਹੋ ਜਾਂਦਾ ਹੈ। ਹੁਣ ਜਦੋਂ ਇਹ ਮੱਛਰ ਖੂਨ ਪੀਣ ਲਈ ਕਿਸੇ ਸਿਹਤਮੰਦ ਵਿਅਕਤੀ ਨੂੰ ਕੱਟਦਾ ਹੈ ਤਾਂ ਮਲੇਰੀਏ ਦੇ ਕੀਟਾਣੂ ਉਸਦੇ ਖੂਨ ਵਿਚ ਚਲੇ ਜਾਂਦੇ ਹਨ। ਮਨੁੱਖੀ ਸਰੀਰ ਅੰਦਰ ਇਹ ਕੀਟਾਣੂ ਆਪਣੀ ਜ਼ਿੰਦਗੀ ਦਾ ਦੂਜਾ ਅੱਧ ਪੂਰਾ ਕਰਦੇ ਹਨ ਤੇ ਨਾਲੇ ਗਿਣਤੀ 'ਚ ਵਧਦੇ ਫੁੱਲਦੇ ਹਨ। ਇਹ ਹਿੱਸਾ ਵੀ ਲੱਗਪੱਗ ਦੋ ਹਫਤਿਆਂ ਵਿਚ ਪੂਰਾ ਹੋ ਜਾਂਦਾ ਹੈ। ਇਹ ਕੀਟਾਣੂ ਮੱਛਰ ਲਈ ਤਾਂ ਨੁਕਸਾਨ ਰਹਿਤ ਹਨ ਪਰ ਮਨੁੱਖ 'ਚ ਇਹ ਕੀਟਾਣੂ ਮਲੇਰੀਏ ਬੁਖਾਰ ਦਾ ਕਾਰਨ ਬਣਦੇ ਹਨ।

ਮੱਛਰ ਦੇ ਵਧਣ ਫੁਲਣ ਲਈ ਮੁੱਖ ਤੌਰ ਤੇ ਦੋ ਚੀਜ਼ਾਂ ਦੀ ਜ਼ਰੂਰਤ ਹੁੰਦੀ ਨੂੰ—ਇਕ ਤਾਂ ਮਨੁੱਖੀ ਖੂਨ ਦੀ, ਜਿਸ ਤੋਂ ਬਿਨਾਂ ਮਾਦਾ ਮੱਛਰ ਆਂਡੇ ਹੀ ਨਹੀਂ ਦੇ ਸਕਦੀ ਤੇ ਦੂਸਰੇ ਪਾਣੀ ਦੀ, ਜਿੱਥੇ ਮਾਦਾ ਮੱਛਰ ਅੰਡੇ ਦਿੰਦੀ ਹੈ ਤੇ ਅੰਡੇ ਤੋਂ ਪੂਰਾ ਮੱਛਰ ਬਣਨ ਤੱਕ ਕੋਈ ਦੋ ਕੁ ਹਫਤੇ ਲਗਦੇ ਹਨ। ਇਸ ਮਕਸਦ ਲਈ ਖੜਾ ਜਾਂ ਬਹੁਤ ਹੌਲੀ-2 ਚਲਦਾ ਪਾਣੀ ਹੀ ਬਹੁਤ ਅਨੁਕੂਲ ਹੈ। ਤੇਜ਼ ਚਲਦੇ ਪਾਣੀ ਵਿਚ ਨਾਂ ਤਾਂ ਮਾਦਾ ਮੱਛਰ ਬੈਠ ਸਕਦੀ ਹੈ ਕਿਉਂਕਿ ਅੰਡੇ ਤੋਂ ਪੂਰਾ ਮੱਛਰ ਬਨਣ ਤੱਕ ਦੋ ਹਫਤੇ ਦੌਰਾਨ ਉਸਨੂੰ ਸਾਹ ਹਵਾ ਵਿਚੋਂ ਹੀ ਲੈਣਾ ਹੁੰਦਾ ਹੈ ਜੋ ਕਿ ਤੇਜ਼ ਵਗਦੇ ਪਾਣੀ 'ਚ ਮੁਮਕਿਨ ਨਹੀਂ।

ਸੰਖੇਪ ਰੂਪ 'ਚ ਮਲੇਰੀਏ ਦਾ ਕਾਰਨ ਤੇ ਫੈਲਣ ਦਾ ਢੰਗ ਜਾਣ ਲੈਣ ਤੋਂ ਬਾਅਦ ਆਉ ਹੁਣ ਇਹ ਦੇਖੀਏ ਕਿ ਇਸ ਬੀਮਾਰੀ ਨੂੰ ਰੋਕਣ ਦੀਆਂ ਹੁਣ ਤੱਕ ਦੀਆਂ ਕੋਸ਼ਿਸ਼ਾਂ ਨਾਕਾਮ ਕਿਉਂ ਹੋਈਆਂ ਹਨ ਤੇ ਇਸਨੂੰ ਰੋਕਣ ਲਈ ਕੀ ਢੰਗ ਜਾਂ ਸਾਧਨ ਜ਼ਰੂਰੀ ਹਨ। ਮਲੇਰੀਏ ਨੂੰ ਰੋਕਣ ਦੇ ਢੰਗਾਂ ਨੂੰ ਅਸੀਂ ਦੋ ਮੁੱਖ ਹਿੱਸਿਆਂ 'ਚ ਵੰਡ ਸਕਦੇ ਹਾਂ—

1) ਤਕਨੀਕੀ ਹੱਲ
2) ਸਮਾਜਿਕ-ਆਰਥਿਕ ਰਾਜਨੀਤਕ ਹੱਲ।

**1. ਤਕਨੀਕੀ ਢੰਗ**—ਕਿਸੇ ਵੀ ਬੀਮਾਰੀ ਦਾ ਕਾਰਨ ਸਮਝ ਲੈਣ ਤੋਂ ਬਾਅਦ ਜੋ ਵਿਗਿਆਨਕ ਢੰਗ ਉਸ ਨੂੰ ਬੀਮਾਰੀ ਨੂੰ ਰੋਕਣ ਲਈ ਵਰਤੇ ਜਾ ਸਕਦੇ ਹਨ, ਉਸਨੂੰ ਅਸੀਂ ਤਕਨੀਕੀ ਹੱਲ ਦਾ ਨਾਮ ਦੇ ਸਕਦੇ ਹਾਂ। ਮਤਲਬ ਇਹ ਕਿ ਕਿਸ ਤਕਨੀਕ ਨਾਲ ਅਸੀਂ ਉਸ ਬੀਮਾਰੀ ਨਾਲ ਲੜ ਸਕਦੇ ਹਾਂ। ਕਈ ਬੀਮਾਰੀਆਂ ਅਜਿਹੀਆਂ ਹਨ ਜਿਨ੍ਹਾਂ ਦੇ ਕਾਰਨ ਹੀ ਵਿਗਿਆਨੀ ਅਜੇ ਨਹੀਂ ਲੱਭ ਸਕੇ ਜਾਂ ਜੇ ਕਾਰਨ ਲੱਭ ਗਏ ਹਨ ਤਾਂ ਉਸ ਬੀਮਾਰੀ ਨੂੰ ਰੋਕਣ ਦੀ ਤਕਨੀਕ ਨਹੀਂ ਲੱਭ ਸਕੇ।

ਪਰ ਮਲੇਰੀਆ ਇਕ ਅਜੇਹੀ ਬੀਮਾਰੀ ਹੈ ਜਿਸਦਾ ਕਾਰਨ ਲੱਭੇ ਲੱਗਪਗ ਇਕ ਸਦੀ ਹੀ ਬੀਤ ਚੁਕੀ ਹੈ ਤੇ ਇਸਦੀ ਰੋਕਥਾਮ ਦੀ ਤਕਨੀਕ ਲੱਭਿਆਂ ਵੀ ਅਨੇਕਾਂ ਦਹਾਕੇ ਬੀਤ ਚੁੱਕੇ ਹਨ। ਇਹ ਤਕਨੀਕ ਅਪਣਾ ਕੇ ਦੁਨੀਆਂ ਦੇ ਅਨੇਕਾਂ ਦੇਸ਼ ਮਲੇਰੀਏ ਤੋਂ ਛੁਟਕਾਰਾ ਪਾ ਚੁੱਕੇ ਹਨ ਪਰ ਸਾਡੇ ਦੇਸ਼ 'ਚ ਇਹ ਸਮਸਿਆ ਉਥੇ ਦੀ ਉਥੇ ਹੀ ਖੜੀ ਹੈ। ਆਖਰ ਕਾਰਨ ਕੀ ਹਨ ?

**2 ਰਾਜਸੀ ਹੱਲ**—ਇਹ ਕੋਈ ਜ਼ਰੂਰੀ ਨਹੀਂ ਸੀ ਕਿ ਜਦੋਂ ਕਿਸੇ ਬੀਮਾਰੀ ਨੂੰ ਕਾਬੂ ਕਰਨ ਦਾ ਵਿਗਿਆਨਕ ਤਕਨੀਕ ਲੱਭ ਪਵੇ, ਤਾਂ ਉਹ ਲਾਗੂ ਵੀ ਹੋ ਜਾਵੇਗਾ। ਉਸਨੂੰ ਲਾਗੂ ਕਰਨ 'ਚ ਅਨੇਕਾਂ ਕਿਸਮ ਦੀਆਂ ਆਰਥਕ ਸਮਾਜਕ ਤੇ ਰਾਜਨੀਤਕ ਰੁਕਾਵਟਾਂ ਹੋ ਸਕਦੀਆਂ ਹਨ। ਇਹਨਾਂ ਰੁਕਾਵਟਾਂ ਕਰਕੇ ਹੀ ਸਾਡੇ ਦੇਸ਼ ਵਿਚ ਮਲੇਰੀਏ ਦਾ ਹੱਲ ਨਹੀਂ ਹੋ ਰਿਹਾ। ਜਿਨ੍ਹਾਂ ਦੇਸ਼ਾਂ 'ਚ ਇਸ ਬੀਮਾਰੀ ਦਾ ਨਾਮੋਂ-ਨਿਸ਼ਾਨ ਨਹੀਂ, ਉਥੇ ਇਹਨਾਂ ਰੁਕਾਵਟਾਂ ਨੂੰ ਤੋੜ ਕੇ ਇਸ ਬੀਮਾਰੀ ਉਤੇ ਜਿੱਤ ਹਾਸਲ ਕੀਤੀ ਗਈ ਹੈ।

ਸਾਡੇ ਦੇਸ਼ ਦੀ ਸਿਹਤ ਸਿਖਿਆ ਪਰਨਾਲੀ ਜਿਸ ਦੀਆਂ ਜੜ੍ਹਾਂ ਪੱਛਮੀ ਦੇਸ਼ਾਂ ਵਿਚ ਹਨ, ਪੂਰੀ ਤਰ੍ਹਾਂ ਵਿਗਿਆਨਕ ਨਹੀਂ। ਜਿਵੇਂ ਕਿ ਆਮ ਕਹਾਵਤ ਹੈ ਕਿ "ਅੱਧਾ ਸੱਚ ਪੂਰੇ ਝੂਠ ਤੋਂ ਵੱਧ ਖਤਰਨਾਕ ਹੁੰਦਾ ਹੈ—" ਇਥੇ ਵੀ ਕਿਸੇ ਹੱਦ ਤੱਕ ਠੀਕ ਲਗਦਾ ਹੈ। ਇਸ ਸਿਖਿਆ ਪ੍ਰਨਾਲੀ ਵਿਚ ਜਦੋਂ ਵੀ ਕਿਸੇ ਬੀਮਾਰੀ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਸਨੂੰ ਤਕਨੀਕੀ ਕਾਰਨਾਂ ਅਤੇ ਤਕਨੀਕੀ ਹੱਲ ਤਕ ਹੀ ਸੀਮਤ ਰਖਿਆ ਜਾਂਦਾ ਹੈ। ਜਦ ਇਹ ਸੁਆਲ ਉਠਦਾ ਹੈ ਕਿ ਤਕਨੀਕ ਬਾਰੇ ਗਿਆਨ ਲਾਗੂ ਕਿਉਂ ਨਹੀਂ ਹੋ ਰਿਹਾ ਤਾਂ ਬੜੀ ਹੀ ਚੁਸਤੀ ਨਾਲ ਜਾਂ ਤਾਂ ਉਸ ਬਾਰੇ ਚੁੱਪ ਸਾਧ ਲਈ ਜਾਂਦੀ ਹੈ ਜਾਂ ਕਿਸੇ ਨਾਂ ਕਿਸੇ ਢੰਗ ਨਾਲ ਇਲਜ਼ਾਮ ਲੋਕਾਂ ਉਪਰ ਹੀ ਸੁੱਟ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਬੀਮਾਰੀਆਂ ਦੇ ਆਰਥਿਕ, ਸਮਾਜਿਕ ਤੇ ਰਾਜਸੀ ਕਾਰਨਾਂ ਉਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿਉਂਕਿ ਇਸ ਨਾਲ ਅਸਲੀ ਦੋਸ਼, ਜੋ ਕਿ ਸਮਾਜ ਉਪਰ ਤੇ ਇਸ ਸਿਹਤ-ਸਿਖਿਆ ਪ੍ਰਨਾਲੀ ਕੰਟਰੋਲ ਕਰ ਰਹੇ ਹੁੰਦੇ ਹਨ—ਨੰਗੇ ਹੁੰਦੇ ਹਨ। ਹਰ ਮੁਮਕਿਨ ਢੰਗ ਨਾਲ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਲੋਕਾਂ ਨੂੰ ਬੀਮਾਰੀਆਂ ਦੇ ਅਸਲ ਕਾਰਨਾਂ ਦੀ ਚੇਤਨਾ ਤੋਂ ਦੂਰ ਰੱਖਿਆ ਜਾਵੇ ਕਿਉਂਕਿ ਜੇ ਲੋਕ ਜੋ ਸਮਾਜ ਤੇ ਇਤਿਹਾਸ ਦੇ ਸਿਰਜਨਹਾਰੇ ਹਨ, ਇਹਨਾਂ ਕਾਰਨਾਂ ਤੋਂ ਚੇਤੰਨ ਹੋ ਗਏ ਤਾਂ ਉਹ ਇਹਨਾਂ ਕਾਰਨਾਂ ਨੂੰ ਖਤਮ ਕਰਨ ਲਈ ਇਕ ਸੰਘਰਸ਼ ਸ਼ੁਰੂ ਕਰ ਦੇਣਗੇ ਜੋ ਕਿ ਰਾਜ ਕਰਦਾ ਜਮਾਤਾਂ ਲਈ ਮੌਤ ਦੀ ਘੰਟੀ ਹੋਵੇਗੀ। ਆਉ ਜ਼ਰਾ ਸੰਖੇਪ 'ਚ ਵੇਖੀਏ ਕਿ ਮਲੇਰੀਏ ਨੂੰ ਕਾਬੂ ਕਰਨ ਲਈ ਤਕਨੀਕੀ ਹੱਲ ਕਿਹੜੇ-2 ਹਨ ਤੇ ਨਾਲ ਹੀ ਇਹ ਵੀ ਵਿਸ਼ਲੇਸ਼ਨ ਕਰੀਏ ਕਿ ਇਹਨਾਂ ਤਕਨੀਕੀ ਹੱਲਾਂ ਦੇ ਲਾਗੂ ਨਾ ਹੋਣ ਦੇ ਕੀ ਆਰਥਿਕ, ਸਮਾਜਿਕ ਤੇ ਰਾਜਸੀ ਕਾਰਨ ਹਨ ਅਤੇ ਹੱਲ ਕੀ ਹੈ—ਤਕਨੀਕੀ ਜਾਂ ਰਾਜਸੀ...?

**1 (ੳ) ਤਕਨੀਕੀ ਹਲ**—ਇਹ ਕਿਹਾ ਜਾਂਦਾ ਹੈ ਕਿ ਜੇ ਮੱਛਰਾਂ ਨੂੰ ਮਨੁੱਖ ਨੂੰ ਲੜਨ ਤੋਂ ਰੋਕ ਦਿੱਤਾ ਜਾਵੇ ਤਾਂ ਮਲੇਰੀਏ ਦਾ ਹੱਲ ਹੋ ਸਕਦਾ ਹੈ। ਜੇਕਰ ਮੱਛਰ ਮਲੇਰੀਏ ਦੇ ਮਰੀਜ਼ ਨੂੰ ਲੜ ਹੀ ਨਹੀਂ ਸਕਣਗੇ ਤਾਂ ਮਲੇਰੀਆ ਉਸ ਮਰੀਜ਼ ਤੋਂ ਸਿਹਤਮੰਦ ਵਿਅਕਤੀਆਂ ਤੱਕ ਫੈਲ ਨਹੀਂ ਸਕੇਗਾ। ਇਸ ਮਕਸਦ ਲਈ ਲੋਕਾਂ ਨੂੰ ਕਿਹਾ ਜਾਂਦਾ ਹੈ ਕਿ ਉਹ ਮਲੇਰੀਏ ਦੇ ਮਰੀਜ਼ ਨੂੰ ਮੱਛਰਦਾਨੀ ਵਿੱਚ ਰੱਖਣ ਜਾਂ ਉਸਦੇ ਨੰਗੇ ਅੰਗਾਂ ਉਤੇ ਮੱਛਰ-ਭਜਾਊ ਤੇਲ ਜਾਂ ਕਰੀਮ ਲਗਾ ਕੇ ਰੱਖਣ ਜਾਂ ਉਸ ਨੂੰ ਅਜਿਹੇ ਕਮਰੇ 'ਚ ਰਖਣ ਜਿਸਨੂੰ ਜਾਲੀਆਂ ਵਾਲੇ ਦਰਵਾਜ਼ੇ, ਖਿੜਕੀਆਂ ਹੋਣ ਤਾਂ ਕਿ ਉਸ ਕਮਰੇ 'ਚ ਮੱਛਰ ਵੜ ਹੀ ਨਾ ਸਕਣ ਤੇ ਜੋ ਅੰਦਰ ਵੜ ਹੀ ਜਾਵੇ ਤਾਂ ਉਸਨੂੰ 'ਫਲਿਟ' ਆਦਿ ਛਿੜਕ ਕੇ ਮਾਰ ਦੇਣ। ਜੇਕਰ ਇਹੀ ਢੰਗ ਸਿਹਤਮੰਦ ਵਿਅਕਤੀ ਅਪਣਾਵੇ ਤਾਂ ਮਲੇਰੀਏ ਦੇ ਕੀਟਾਣੂ ਉਸ ਤਕ ਪਹੁੰਚ ਨਹੀਂ ਸਕਣਗੇ ਕਿਉਂਕਿ ਮੱਛਰ ਉਸਨੂੰ ਕੱਟ ਹੀ ਨਹੀਂ ਸਕੇਗਾ। ਬੜੀ ਹੀ ਵਧੀਆ ਤਕਨੀਕ ਹੈ ਪਰ...?

**(ਅ) ਰਾਜਸੀ ਹਲ**— ਦੇਖਣ ਵਾਲੀ ਗੱਲ ਇਹ ਹੈ ਕਿ ਸਾਡੇ ਦੇਸ਼ ਦੇ ਕਿੰਨੇ ਪ੍ਰਤੀਸ਼ਤ ਲੋਕ ਮੱਛਰਦਾਨੀਆਂ ਮਛਰ ਭਜਾਊ ਤੇਲ ਜਾਂ ਕਰੀਮ, ਜਾਲੀਆਂ ਲਗੇ ਖਿੜਕੀਆਂ ਤੇ ਦਰਵਾਜਿਆਂ ਵਾਲੇ ਘਰ ਜਾਂ ਫਲਿਟ ਆਦਿ ਖਰੀਦ ਸਕਦੇ ਹਨ। ਜਿਸ ਦੇਸ਼ ਵਿਚ 90% ਲੋਕਾਂ ਨੂੰ ਦੋ ਵੇਲੇ ਰੋਟੀ ਦਾ ਫਿਕਰ ਲਗਿਆਂ ਰਹਿੰਦਾ ਹੋਵੇ ਉਥੇ ਅਜਿਹੀਆਂ ਗੱਲਾਂ ਦੀ ਆਸ ਰੱਖਣੀ, ਹੱਦ ਦਰਜੇ ਦੀ ਮੂਰਖਤਾ ਹੈ। ਜਰਾ, ਇਸ ਤੋਂ ਅੱਗੇ ਸੋਚੀਏ ਤਾਂ ਲਭਣਾ ਇਹ ਪਵੇਗਾ ਕਿ ਸਾਡੇ ਦੇਸ਼ ਦੇ ਲੋਕ ਕਿਉਂ ਇਹ ਜਿੰਦਗੀ ਦੀਆਂ ਜ਼ਰੂਰਤਾਂ ਨਹੀਂ ਖਰੀਦ ਸਕਦੇ—ਉਹ ਗ਼ਰੀਬ ਕਿਉਂ ਹਨ ? ਸਾਧਨਾਂ ਤੇ ਆਮਦਨ ਦੀ ਹੱਦ ਦਰਜੇ ਦੀ ਕਾਣੀ ਵੰਡ, ਕਿਰਤ ਦੀ ਅੰਨੀ ਲੁੱਟ, ਬੇ-ਰੁਜ਼ਗਾਰੀ, ਅਰਧ-ਬੇਰੁਜ਼ਗਾਰੀ, ਪਛੜੇ ਕਿਸਮ ਦੇ ਪੂੰਜੀਵਾਦੀ ਪੈਦਾਵਾਰੀ ਰਿਸ਼ਤਿਆਂ ਕਾਰਨ ਪੈਦਾਵਾਰੀ ਸ਼ਕਤੀਆਂ ਦੀ ਖੜੋਤ ਆਦਿ ਸਭ ਗਰੀਬੀ ਲਈ ਜੁੰਮੇਵਾਰ ਹਨ ਇਸ ਲਈ ਜੇ ਲੋਕਾਂ ਨੂੰ ਇਸ ਕਾਬਲ ਬਣਾਉਣਾ ਹੈ ਕਿ ਉਹਨਾਂ ਕੋਲ ਜਾਲੀਆਂ ਵਾਲੇ ਘਰ ਹੋਣ, ਮੱਛਰਦਾਨੀਆਂ ਹੋਣ, ਮਛਰ ਭਜਾਊ ਤੇਲ-ਕਰੀਮਾਂ ਤੇ ਫਲਿਟ ਆਦਿ ਹੋਣ ਤਾਂ ਜਰੂਰੀ ਹੈ ਕਿ ਸਮਾਜ ਵਿਚ ਇਕ ਅਜਿਹਾ ਇਨਕਲਾਬ

ਹੋਵੇ ਜਿਸ ਨਾਲ ਕਿਰਤ ਦੀ ਲੁੱਟ ਦਾ ਅੰਤ ਹੋਵੇ, ਪੈਦਾਵਾਰੀ ਸਾਧਨ ਸਮੁੱਚੇ ਸਮਾਜ ਦੀ ਮਲਕੀਅਤ ਹੋਣ, ਸਮਾਜਿਕ ਪੈਦਾਵਾਰ ਸਮੁੱਚੇ ਸਮਾਜ ਲਈ ਹੋਵੇ ਨਾ ਕਿ ਕੁਝ ਕੁ ਲੋਕਾਂ ਦੇ ਮੁਨਾਫੇ ਲਈ, ਪੂੰਜੀਵਾਦੀ ਰਿਸ਼ਤੇ ਖਤਮ ਕੀਤੇ ਜਾਣ ਤਾਂ ਕਿ ਪੈਦਾਵਾਰੀ ਸ਼ਕਤੀਆਂ ਦੀ ਉਨਤੀ ਹੋਵੇ ਜਿਸ ਨਾਲ ਬੇਰੁਜ਼ਗਾਰੀ ਤੇ ਅਰਧ-ਬੇਰੁਜ਼ਗਾਰੀ ਖਤਮ ਹੋਵੇਗੀ, ਲੋਕ ਖੁਸ਼ਹਾਲ ਹੋਣਗੇ ਤੇ ਇਸ ਤਰ੍ਹਾਂ ਮਲੇਰੀਏ ਨੂੰ ਰਾਜਸੀ ਪੱਧਰ ਤੇ ਖਤਮ ਕੀਤਾ ਜਾ ਸਕੇਗਾ।

**2. (ੳ) ਤਕਨੀਕੀ ਹੱਲ**—ਵਿਗਿਆਨੀਆਂ ਨੂੰ ਮੱਛਰ ਦੀ ਇਸ ਆਦਤ ਦਾ ਪਤਾ ਹੈ ਕਿ ਉਹ ਖੂਨ ਪੀਣ ਤੋਂ ਬਾਅਦ ਆਰਾਮ ਕਰਦਾ ਹੈ ਅਤੇ ਜੇ ਉਹ ਕਮਰੇ ਦੇ ਅੰਦਰ ਹੋਵੇ ਤਾਂ ਉਹ ਆਰਾਮ ਕੰਧਾਂ ਉਤੇ ਜਾਂ ਛੱਤ ਉਤੇ ਬੈਠ ਕੇ ਕਰਦਾ ਹੈ। ਇਸ ਆਦਤ ਦਾ ਫਾਇਦਾ ਉਠਾਂਦੇ ਹੋਏ ਸਰਕਾਰ ਹਰ ਘਰ 'ਚ ਕੰਧਾਂ ਤੇ ਛੱਤਾਂ ਉਤੇ ਮੱਛਰ ਮਾਰੂ ਦਵਾਈਆਂ ਛਿੜਕ ਦਿੰਦੀ ਹੈ। ਇਹ ਕਿਹਾ ਜਾਂਦਾ ਹੈ ਕਿ ਜਦੋਂ ਮੱਛਰ ਮਲੇਰੀਏ ਦੇ ਮਰੀਜ਼ ਦਾ ਖੂਨ ਪੀਣ ਤੋਂ ਬਾਅਦ ਕੰਧਾਂ ਜਾਂ ਛੱਤਾਂ ਉਪਰ ਆਰਾਮ ਕਰੇਗਾ ਤਾਂ ਉਥੇ ਛਿੜਕੀ ਦਵਾਈ ਉਸਨੂੰ ਮਾਰ ਦੇਵੇਗੀ। ਇਸ ਤਰ੍ਹਾਂ ਮਲੇਰੀਆ ਫੈਲਣ ਤੋਂ ਰੁਕ ਜਾਵੇਗਾ। ਇਸੇ ਥੀਸਿਸ ਦੇ ਆਧਾਰ ਉਤੇ ਪਿਛਲੇ ਤੀਹ ਸਾਲਾਂ ਤੋਂ ਹਰ ਸਾਲ ਇਹ ਦਵਾਈ ਗਰਮੀਆਂ ਦੇ ਦਿਨਾਂ 'ਚ ਦੋ ਜਾਂ ਤਿੰਨ ਵਾਰੀ ਘਰਾਂ 'ਚ ਛਿੜਕੀ ਜਾਂਦੀ ਹੈ ਪਰ...?

**(ਅ) ਰਾਜਸੀ ਹੱਲ**—ਇਹ ਤਕਨੀਕ ਦੇਖਣ ਨੂੰ ਤਾਂ ਬਹੁਤ ਵਿਗਿਆਨਕ ਲੱਗਦੀ ਹੈ ਪਰ ਅਸਲੀਅਤ ਵਿਚ ਵਾਪਰਿਆ ਕੀ ਹੈ ? ਪਹਿਲਾਂ ਪਹਿਲ ਇਸ ਮਕਸਦ ਲਈ ਡੀ.ਡੀ.ਟੀ. ਛਿੜਕੀ ਜਾਂਦੀ ਸੀ ਪਰ ਕੁਝ ਸਾਲਾਂ ਬਾਦ ਇਸ ਨਾਲ ਮੱਛਰ ਮਰਨਾ ਹੱਟ ਗਿਆ। ਫਿਰ ਬੀ.ਐਚ.ਸੀ. ਛਿੜਕਣ ਲੱਗੇ ਪਰ ਕੁਝ ਸਾਲਾਂ ਬਾਅਦ ਮੱਛਰ ਇਸ ਤੋਂ ਵੀ ਮਰਨ ਤੋਂ ਇਨਕਾਰੀ ਹੋ ਗਿਆ। ਅਤੇ ਹੁਣ 'ਮੈਲਾਥਾਇਓਨ' ਛਿੜਕੀ ਜਾ ਰਹੀ ਹੈ ਤੇ ਕੁਝ ਸਾਲਾਂ ਬਾਅਦ ਇਸਦਾ ਵੀ ਇਹੀ ਹਸ਼ਰ ਹੋਵੇਗਾ ਲੋਕ ਇਹਨਾਂ ਦਵਾਈਆਂ ਨੂੰ ਇਸ ਗੱਲ ਦੇ ਬਾਵਜੂਦ ਵੀ ਛਿੜਕਾਈ ਜਾ ਰਹੇ ਹਨ ਕਿ ਇਹ ਬੇ-ਹੱਦ ਜ਼ਹਿਰੀਲੀਆਂ ਦਵਾਈਆਂ ਹਨ। ਸਾਡੇ ਦੇਸ਼ਵਾਸੀਆਂ ਦੇ ਖੂਨ ਵਿਚ ਇਹਨਾਂ ਦੀ ਮਾਤਰਾ ਵਿਗਿਆਨੀਆਂ ਵੱਲੋਂ ਦੱਸੀ 'ਸੁਰੱਖਿਅਤ ਮਾਤਰਾ' ਤੋਂ ਕਈ ਗੁਣਾ ਵੱਧ ਹੈ। ਇਹ ਦਵਾਈਆਂ ਸਰੀਰ ਵਿਚ ਇਕ ਵਾਰੀ ਚਲੀਆਂ ਜਾਣ ਤਾਂ ਜਲਦੀ ਜਲਦੀ ਸਰੀਰ 'ਚੋਂ ਨਿਕਲਦੀਆਂ ਨਹੀਂ। ਇਹ ਮਾਂ ਦੇ ਦੁੱਧ ਰਾਹੀਂ ਬੱਚੇ ਵਿਚ ਵੀ ਪਹੁੰਚ ਜਾਂਦੀਆਂ ਹਨ। ਇਹਨਾਂ ਦਵਾਈਆਂ ਦੇ ਜ਼ਹਿਰ ਦੇ ਕੋਈ ਖਾਸ ਲੱਛਣ ਨਹੀਂ ਹੁੰਦੇ। ਇਹ ਪਤਾ ਵੀ ਨਹੀਂ ਲੱਗਦਾ ਕਿ ਹੌਲੀ ਹੌਲੀ ਇਹਨਾਂ ਦਾ ਅਸਰ ਸਰੀਰ ਉਤੇ ਹੋ ਰਿਹਾ ਹੈ। ਇਹ ਅਸਰ ਵਿਅਕਤੀ ਦੀ ਸ਼ਕਤੀ ਘਟਾਉਂਦਾ ਹੈ ਅਤੇ ਇਸ ਤਰ੍ਹਾਂ ਮਨੁੱਖ ਦੀ ਔਸਤਨ ਉਮਰ ਘੱਟ ਜਾਂਦੀ ਹੈ। ਇਹਨਾਂ ਦਵਾਈਆਂ ਦੀ ਗੰਧ ਵੀ ਬੇ-ਹੱਦ ਭੈੜੀ ਹੁੰਦੀ ਹੈ। ਬੀ.ਐਚ.ਸੀ. ਦੀ ਗੰਧ ਬੜੀ ਤੇਜ਼ ਹੁੰਦੀ ਹੈ ਅਤੇ ਕਈ ਦਿਨਾਂ ਤੱਕ ਚੜ੍ਹਦੀ ਰਹਿੰਦੀ ਹੈ। "ਮੈਲਾਥਾਇਓਨ" ਦੀ ਗੰਧ ਐਨੀ ਭੈੜੀ ਹੁੰਦੀ ਹੈ ਜਿਵੇਂ ਕਿ ਕੋਈ ਚੂਹਾ ਘਰ 'ਚ ਕਈ ਦਿਨਾਂ ਤੋਂ ਮਰਿਆ ਹੋਵੇ।

ਇਹਨਾਂ ਗੱਲਾਂ ਤੋਂ ਇਲਾਵਾ ਇਹ ਵੀ ਸੋਚਣ ਵਾਲੀ ਗੱਲ ਹੈ ਕਿ ਕਿੰਨੇ ਫੀਸਦੀ ਲੋਕਾਂ ਕੋਲ ਅਜਿਹੇ ਘਰ ਤੇ ਸਹੂਲਤਾਂ ਹਨ ਕਿ ਉਹ ਗਰਮੀਆਂ ਦੇ ਦਿਨਾਂ 'ਚ ਅੰਦਰ ਸੌਂ ਸਕਣ। ਦਵਾਈ ਅੰਦਰ ਕੰਧਾਂ ਤੇ ਛੱਤ ਉਪਰ ਛਿੜਕੀ ਹੋਈ ਹੈ, ਪਰ ਲੋਕ ਬਾਹਰ ਵਿਹੜੇ ਵਿਚ ਜਾਂ ਕੋਠੇ ਉਪਰ ਸੁੱਤੇ ਪਏ ਹਨ। ਕੀ ਮੱਛਰ ਬਾਹਰੋਂ ਖੂਨ ਪੀ ਕੇ ਅੰਦਰ ਆਤਮ ਹੱਤਿਆ ਕਰਨ ਜਾਵੇਗਾ...?

ਸਾਰ ਅੰਸ਼ ਇਹ ਹੈ ਕਿ ਇਹਨਾਂ ਦਵਾਈਆਂ ਦਾ ਮਲੇਰੀਏ ਨੂੰ ਰੋਕਣ 'ਚ ਕਿੰਨਾ ਰੋਲ ਹੈ, ਇਸਦਾ ਅਜੇ ਕੋਈ ਪਤਾ ਨਹੀਂ। ਲੋਕਾਂ ਨੂੰ ਇਸਦੇ ਨੁਕਸਾਨ ਹਨ ਪਰ ਕੁਝ ਲੋਕਾਂ ਨੂੰ ਇਸਦੇ ਫਾਇਦੇ ਵੀ ਹਨ। ਉਹ ਲੋਕ ਕੌਣ ਹਨ ?

ਪਹਿਲੇ ਨੰਬਰ ਉਤੇ ਲੋਕ ਵਿਰੋਧੀ ਸਰਕਾਰ ਜੋ ਕਿ ਮਲੇਰੀਆ ਤੇ ਡੈਂਗੂ ਬੁਖਾਰ ਸਣੇ ਬਹੁਤੀਆਂ ਬੀਮਾਰੀਆਂ ਨੂੰ ਫੈਲਾਉਣ ਲਈ ਖ਼ੁਦ ਜ਼ੁਮੇਵਾਰ ਹਨ ਪਰ ਘਰ ਵਿਚ ਦੋ ਜਾਂ ਤਿੰਨ ਵਾਰ ਇਹਨਾਂ ਦਵਾਈਆਂ ਦੀ ਸਪਰੇ ਕਰਵਾ ਕੇ ਇਹੀ ਸਰਕਾਰਾਂ ਇਹ ਪ੍ਰਭਾਵ ਦਿੰਦੀਆਂ ਹਨ ਕਿ ਉਹ ਮਲੇਰੀਏ ਨੂੰ ਕਾਬੂ ਕਰਨ ਲਈ ਬੇ-ਹੱਦ ਫਿਕਰਮੰਦ ਹਨ ਤੇ ਉਹਨਾਂ ਨੂੰ ਲੋਕਾਂ ਦੀ ਸਿਹਤ ਦਾ ਬੇਹੱਦ ਖਿਆਲ ਹੈ। ਸਪਰੇ ਕਰਨ ਵਾਸਤੇ ਸਸਤੇ ਕਾਮਿਆਂ ਦੀ ਤਾਂ ਇਸ ਮੁਲਕ 'ਚ ਕੋਈ ਘਾਟ ਹੀ ਨਹੀਂ ਤੇ ਉਹ ਹੈ ਵੀ ਏਨੇ ਲੋੜਵੰਦ ਕਿ ਇਹਨਾਂ ਦਵਾਈਆਂ ਦੇ ਮਾੜੇ ਅਸਰਾਂ ਦਾ ਡਰ ਉਹਨਾਂ ਵਾਸਤੇ ਕੋਈ ਮਾਇਨੇ ਨਹੀਂ ਰੱਖਦਾ। ਇਸ ਤਰ੍ਹਾਂ ਇਹ ਮਲੇਰੀਆ ਖਤਮ ਕਰਨ ਦਾ ਵਿਗਿਆਨਕ ਢੰਗ ਘੱਟ ਤੇ ਲੋਕ ਵਿਰੋਧੀ ਸਰਕਾਰ ਨੂੰ ਲੋਕ-ਪੱਖੀ ਰੰਗਤ ਦੇਣ ਦਾ ਢੰਗ ਵੱਧ ਹੈ।

ਦੂਜੇ ਨੰਬਰ ਤੇ ਹਨ ਦੇਸੀ ਤੇ ਵਿਦੇਸ਼ੀ ਸਰਮਾਏਦਾਰ, ਜੋ ਇਹਨਾਂ ਦਵਾਈਆਂ ਦੀ ਪੈਦਾਵਾਰ ਤੇ ਵਪਾਰ 'ਚੋਂ ਅੰਨ੍ਹਾਂ ਪੈਸਾ ਕਮਾਉਂਦੇ ਹਨ। ਇਹ ਦਵਾਈਆਂ ਜਾਂ ਤਾਂ ਵਿਦੇਸ਼ਾਂ ਤੋਂ ਦਰਾਮਦ ਕੀਤੀਆਂ ਜਾਂਦੀਆਂ ਹਨ, ਜੋ ਕਿ ਵਿਦੇਸ਼ੀ ਬਹੁ-ਕੌਮੀ ਕੰਪਨੀਆਂ ਅੰਨ੍ਹਾਂ ਮੁਨਾਫਾ

ਕਮਾ ਕੇ ਵੇਚਦੀਆਂ ਹਨ ਤੇ ਜਾਂ ਇਹਨਾਂ ਬਹੁ-ਕੌਮੀ ਕੰਪਨੀਆਂ ਨੇ ਇਹ ਦਵਾਈਆਂ ਬਨਾਉਣ ਦੇ ਕਾਰਖਾਨੇ ਸਾਡੇ ਦੇਸ਼ ਦੇ ਅਜਾਰੇਦਾਰਾਂ ਨਾਲ ਰਲ ਕੇ ਸਾਡੇ ਦੇਸ਼ ਵਿਚ ਭੇਜ ਦਿੱਤੇ ਹਨ ਕਿਉਂਕਿ ਉਹਨਾਂ ਦੇਸ਼ਾਂ ਵਿਚ ਇਹਨਾਂ ਦਵਾਈਆਂ ਦੀ ਪੈਦਾਵਾਰ ਤੇ ਵਰਤੋਂ ਉਪਰ ਪਾਬੰਦੀਆਂ ਲੱਗਾ ਦਿੱਤੀਆਂ ਹਨ। ਵਿਗਿਆਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਹਨਾਂ ਦਵਾਈਆਂ ਦੀ ਵਰਤੋਂ (ਕਿਸੇ ਵੀ ਸ਼ਕਲ ਵਿਚ) ਮਨੁੱਖੀ ਸਰੀਰ ਲਈ ਹਾਨੀ-ਕਾਰਕ ਹੈ। ਇਹਨਾਂ ਦਵਾਈਆਂ ਦੀ ਪੈਦਾਵਾਰ ਵੀ ਵਾਤਾਵਰਨ ਨੂੰ ਗੰਧਲਾ ਕਰਦੀ ਹੈ ਇਸ ਲਈ ਇਹਨਾਂ ਦੀ ਪੈਦਾਵਾਰ ਤੇ ਵੀ ਕਈ ਦੇਸ਼ਾਂ ਨੇ ਪਾਬੰਦੀ ਲਗਾ ਦਿੱਤੀ ਹੈ। ਸਾਡੇ ਦੇਸ਼ ਦੀ ਅਫਸਰਸ਼ਾਹੀ ਵੀ ਇਸ ਲੁੱਟ-ਖਸੁੱਟ ਵਿਚ ਆਪਣਾ ਪੂਰਾ ਹਿੱਸਾ ਲੈਂਦੀ ਹੈ ਤੇ ਇੱਥੋਂ ਤੱਕ ਕਿ ਨਕਲੀ ਜਾਂ ਮਿਆਦ ਲੰਘੀਆਂ ਦਵਾਈਆਂ ਦੀ ਖ਼ਰੀਦ ਕਰਨ ਤੋਂ ਬਾਜ ਨਹੀਂ ਆਉਂਦੇ। ਅਜਿਹੀਆਂ ਅਨੇਕਾਂ ਉਦਾਹਰਣਾਂ ਸਾਡੇ ਅਖ਼ਬਾਰਾਂ ਵਿਚ ਰਿਪੋਰਟ ਹੋ ਚੁੱਕੀਆਂ ਹਨ।

ਇਸ ਤਰ੍ਹਾਂ ਮਲੇਰੀਆ ਖਤਮ ਕਰਨ ਦਾ ਇਹ ਵਿਗਿਆਨਕ ਢੰਗ ਦੇਸੀ ਤੇ ਵਿਦੇਸ਼ੀ ਇਜਾਰੇਦਾਰਾਂ ਤੇ ਅਫਸਰਸ਼ਾਹੀ ਦੇ ਮੁਨਾਫਿਆਂ ਦਾ ਇਕ ਵਧੀਆ ਢੰਗ ਹੈ।

**3. (ੳ) ਤਕਨੀਕੀ ਹੱਲ**—ਲੋਕਾਂ ਨੂੰ ਇਹ ਕਿਹਾ ਜਾਂਦਾ ਹੈ ਕਿ ਆਪਣਾ ਆਲਾ-ਦੁਆਲਾ ਸਾਫ ਰੱਖੋ, ਨਾਲੀਆਂ ਵਿਚ ਪਾਣੀ ਨਾ ਖੜਾ ਹੋਣ ਦੇਵੋ, ਮੀਂਹ ਦਾ ਪਾਣੀ ਘਰ ਦੇ ਆਸ-ਪਾਸ ਨਾ ਖੜ੍ਹਾ ਹੋਣ ਦੇਵੋ। ਜੇ ਘਰ ਦੇ ਆਸ ਪਾਸ ਪਾਣੀ ਹੀ ਨਹੀਂ ਖੜ੍ਹਾ ਹੋਵੇਗਾ ਤਾਂ ਮਾਦਾ ਮੱਛਰ ਅੰਡੇ ਕਿਥੇ ਦੇਵੇਗੀ ਤੇ ਇਸ ਤਰ੍ਹਾਂ ਮੱਛਰ ਪੈਦਾ ਹੀ ਨਹੀਂ ਹੋਵੇਗਾ।

**(ਅ) ਰਾਜਸੀ ਹਲ**—ਪਰ ਇਹ ਸਭ ਕਰੇਗਾ ਕੌਣ? ਕੀ ਸਾਫ ਸੁਥਰੇ ਘਰ, ਸਾਫ ਆਲਾ-ਦੁਆਲਾ ਤੇ ਪਾਣੀ ਦਾ ਵਧੀਆ ਨਿਕਾਸ ਆਦਿ ਲੋਕਾਂ ਦੀ ਆਪਣੀ ਜ਼ੁੰਮੇਵਾਰੀ ਹੈ? ਦੁਨੀਆਂ ਦਾ ਇਤਿਹਾਸ ਗਵਾਹ ਹੈ ਕਿ ਜਿਥੇ ਕਿਤੇ ਵੀ ਲੋਕਾਂ ਨੂੰ ਅਜਿਹਾ ਵਾਤਾਵਰਨ ਮਿਲਿਆ ਹੈ ਸਰਕਾਰਾਂ ਰਾਹੀਂ ਹੀ ਮਿਲਿਆ ਹੈ। ਕਿਉਂਕਿ ਇਹ ਕੰਮ ਇਨੇ ਵੱਡੇ ਹਨ ਕਿ ਇਕੱਲਾ-ਦੁਕੱਲਾ ਵਿਅਕਤੀ ਜਾਂ ਪ੍ਰੀਵਾਰ ਇਸਨੂੰ ਨਹੀਂ ਕਰ ਸਕਦਾ। ਇਹ ਕੰਮ ਸਰਕਾਰਾਂ ਹੀ ਕਰਿਆ ਕਰਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲੋਕਾਂ ਦੀ ਸ਼ਮੂਲੀਅਤ ਜਾਂ ਪਹਿਲਕਦਮੀ ਵੀ ਜ਼ਰੂਰੀ ਹੁੰਦੀ ਹੈ। ਲੋਕ ਇਸ ਗੱਲ ਲਈ ਤਾਂ ਜ਼ੁੰਮੇਵਾਰ ਠਹਿਰਾਏ ਜਾ ਸਕਦੇ ਹਨ ਕਿ ਉਹ ਅਜਿਹੀ ਲੋਕ-ਵਿਰੋਧੀ ਸਰਕਾਰ ਨੂੰ ਬਰ-ਦਾਸ਼ਤ ਕਰੀ ਜਾ ਰਹੇ ਹਨ ਜੋ ਬੀਮਾਰੀਆਂ ਪੈਦਾ ਕਰਨ ਵਾਲੇ ਵਾਤਾਵਰਨ ਲਈ ਸਿੱਧੀ ਜ਼ੁੰਮੇਵਾਰ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਲੋਕ-ਵਿਰੋਧੀ ਸਰਕਾਰ ਦੀ ਥਾਂ ਕੋਈ ਲੋਕ-ਪੱਖੀ ਸਰਕਾਰ ਹੋਵੇ ਜੋ ਗਰੀਬੀ ਤੇ ਭੁੱਖ-ਮਰੀ ਖਤਮ ਕਰ ਸਕੇ; ਲੋਕਾਂ ਨੂੰ ਚੰਗੇ ਸਾਫ-ਸੁਥਰੇ ਘਰ ਦੇ ਸਕੇ, ਸਾਫ ਸੁਥਰਾ ਵਾਤਾਵਰਤਨ ਦੇ ਸਕੇ ਜਿਥੇ ਪਾਣੀ ਦੇ ਨਿਕਾਸ ਦਾ ਵਧੀਆ ਪ੍ਰਬੰਧ ਹੋਵੇ ਤਾਂ ਕਿ ਮੱਛਰ ਪੈਦਾ ਹੀ ਨਾ ਹੋ ਸਕੇ। ਨਾ ਰਾਤਾਂ ਦੀ ਨੀਂਦ ਹਰਾਮ ਹੋਵੇ ਅਤੇ ਨਾ ਹੀ ਮਲੇਰੀਏ ਤੇ ਡੈਂਗੂ ਵਰਗੀਆਂ ਬੀਮਾਰੀਆਂ ਫੈਲਣ।

**4 (ੳ) ਤਕਨੀਕੀ ਹਲ**—ਇਹ ਕਿਹਾ ਜਾਂਦਾ ਹੈ ਕਿ ਜਿਥੇ ਪਾਣੀ ਖੜਾ ਹੋਵੇ, ਉਥੇ ਮਿੱਟੀ ਦਾ ਤੇਲ ਛਿੜਕ ਦੇਵੋ। ਮਿੱਟੀ ਦਾ ਤੇਲ ਪਾਣੀ ਦੀ ਸਤਾਹ ਉਪਰ ਪਤਲੀ ਜਿਹੀ ਤਹਿ ਬਣਾ ਦੇਵੇਗਾ ਜਿਸ ਨਾਲ ਮੱਛਰ ਦੇ ਲਾਰਵੇ ਹਵਾ 'ਚੋਂ ਸਾਹ ਨਹੀਂ ਲੈ ਸਕਣਗੇ ਤੇ ਮਰ ਜਾਣਗੇ। ਬੜੀ ਵਿਗਿਆਨਕ ਗੱਲ ਹੈ ਪ੍ਰੰਤੂ...?

**(ਅ) ਰਾਜਸੀ ਹਲ**—ਕੀ ਸਾਡੇ ਦੇਸ਼ ਦੇ ਗਰੀਬ ਲੋਕ ਮਿੱਟੀ ਦਾ ਤੇਲ ਨਾਲੀਆਂ ਜਾਂ ਖੜ੍ਹੇ ਪਾਣੀ ਉਪਰ ਪਾਉਣ ਦੀ ਸਮਰੱਥਾ ਰਖਦੇ ਹਨ। ਮਿੱਟੀ ਦਾ ਤੇਲ ਬਾਲਣ ਲਈ ਤਾਂ ਮਿਲਦਾ ਨਹੀਂ ਤੇ ਇਹ ਕਹਿੰਦੇ ਹਨ ਕਿ......। ਸਰਕਾਰ ਦਾ ਆਪਣਾ ਤੇਲ-ਛਿੜਕਾਉ ਮਹਿਕਮਾ ਜਿਸਨੂੰ "ਐਂਟੀਲਾਰਵਾ ਮਹਿਕਮਾ" ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਕਿੰਨਾ ਕੁ ਕਾਰਗਰ ਹੈ, ਇਹ ਸਭ ਨੂੰ ਹੀ ਪਤਾ ਹੈ।

**5 (ੳ) ਤਕਨੀਕੀ ਹਲ**—ਇਹ ਕਿਹਾ ਜਾਂਦਾ ਹੈ ਕਿ ਜਦੋਂ ਵੀ ਸਰਕਾਰ ਦਾ ਮਲੇਰੀਆਂ ਵਰਕਰ ਪਿੰਡ 'ਚ ਆਵੇ ਤਾਂ ਫਟਾ-ਫਟ ਉਸਤੋਂ ਖੂਨ ਟੈਸਟ ਕਰਵਾਓ ਭਾਵੇਂ ਬੁਖਾਰ ਹਟ ਵੀ ਚੁੱਕਿਆ ਹੋਵੇ। ਜੇਕਰ ਤੁਹਾਡੇ ਖ਼ੂਨ 'ਚੋਂ ਮਲੇਰੀਆ ਨਿਕਲਿਆ ਤਾਂ ਉਹ ਤੁਹਾਨੂੰ ਪੰਜ ਦਿਨ 'ਪਰਾਈਮਾਕੁਇਨ' ਦੀਆਂ ਗੋਲੀਆਂ ਖੁਆਏਗਾ। ਜਦ ਨੂੰ ਖ਼ੂਨ ਦੀ ਰੀਪੋਰਟ ਆਉਂਦੀ ਹੈ (ਆਮ ਤੌਰ ਤੇ ਇਕ ਜਾਂ ਦੋ ਮਹੀਨੇ ਬਾਅਦ) ਤਦ ਤੱਕ ਬੁਖਾਰ ਤਾਂ ਹੱਟ ਚੁਕਿਆ ਹੁੰਦਾ ਹੈ ਤੇ ਖ਼ੂਨ 'ਚੋਂ ਵੀ ਮਲੇਰੀਏ ਦੇ ਜਰਮ ਖਤਮ ਹੋ ਚੁੱਕੇ ਹੁੰਦੇ ਹਨ ਪਰ ਇਹ ਕਿਹਾ ਜਾਂਦਾ ਹੈ ਕਿ ਜਿਗਰ ਵਿਚ ਛੁਪੇ ਜਰਮਾਂ ਨੂੰ ਮਾਰਨ ਲਈ ਪੰਜ ਦਿਨ ਪਰਾਈਮਾਕੁਇਨ' ਜ਼ਰੂਰ ਖਾਉ ਤਾਕਿ ਇਹ ਛੁਪੇ ਜਰਮ ਫਿਰ ਖੂਨ ਵਿਚ ਆ ਕੇ ਦੁਬਾਰਾ ਮਲੇਰੀਆ ਨਾ ਕਰ ਦੇਣ ਜਾਂ ਇਸ ਕਰਕੇ ਇਹ ਅੱਗੇ ਨਾ ਫੈਲ ਸਕਣ। ਪਰ ਜਦੋਂ ਆਲੇ ਦੁਆਲੇ ਐਨੇ ਵਿਅਕਤੀਆਂ ਨੂੰ ਮਲੇਰੀਆ ਹੋ ਰਿਹਾ ਹੋਵੇ ਤਾਂ ਜਿਗਰ 'ਚ ਪਏ ਜਰਮਾਂ ਨੂੰ ਮਾਰਨ ਦਾ ਕੀ ਫਾਇਦਾ? ਜੇਕਰ ਉਹਨਾਂ ਨੂੰ ਮਾਰ ਵੀ ਦਿਤਾ ਜਾਵੇਗਾ ਤਾਂ ਅਗਲੇ ਦਿਨ ਮੱਛਰ ਫਿਰ ਕੱਟ ਲਵੇਗਾ ਤੇ ਮਲੇਰੀਏ ਦੇ ਜਰਮ ਫਿਰ ਸਰੀਰ ਵਿਚ ਦਾਖਲ ਹੋ

ਜਾਣਗੇ। 'ਪਰਾਈਮਾਕੁਇਨ' ਇਕ ਅਜਿਹੀ ਦਵਾਈ ਹੈ ਜਿਸਦੇ ਸਰੀਰ ਉਤੇ ਬੇਹੱਦ ਮਾੜੇ ਅਸਰ ਹਨ। ਇਹ ਖਾਣ ਵਾਲੇ ਨੂੰ ਹੀ ਪਤਾ ਲੱਗਦਾ ਹੈ ਕਿ ਉਸਦਾ ਹਾਲ ਕੀ ਹੁੰਦਾ ਹੈ। ਅਸੀਂ ਕਦੇ ਕਿਸੇ ਡਾਕਟਰ ਨੂੰ ਤਾਂ 'ਪਰਾਈਮਾਕੁਇਨ' ਖਾਂਦੇ ਦੇਖਿਆ ਨਹੀਂ। ਗਰੀਬ ਲੋਕਾਂ ਨੂੰ ਇਹ ਐਨੀ ਨੁਕਸਾਨਦਾਇਕ ਦਵਾਈ ਬਗ਼ੈਰ ਕਿਸੇ ਠੋਸ ਫ਼ਾਇਦੇ ਤੋਂ ਖਵਾਈ ਜਾ ਰਹੀ ਹੈ। ਇਸ ਤਰ੍ਹਾਂ ਸਰਕਾਰ ਦਾ ਇਹ "ਮਲੇਰੀਆ-ਖਤਮ ਕਰੂ-ਮਹਿਕਮਾ" ਲੋਕਾਂ ਉਪਰ ਸਰਕਾਰ ਦਾ ਰੋਹਬ ਪਾਉਣ ਲਈ ਵੱਧ ਵਰਤਿਆ ਜਾ ਰਿਹਾਂ ਹੈ ਤੇ ਮਲੇਰੀਆ ਖਤਮ ਕਰਨ ਲਈ ਘੱਟ। ਪੰਜਾਬ ਵਿਚ ਹੋਏ ਇਕ ਸਰਵੇਖਣ ਅਨੁਸਾਰ ਮਲੇਰੀਏ ਦੇ ਸਿਰਫ਼ ਦਸ ਪ੍ਰਤੀਸ਼ਤ ਮਰੀਜ਼ ਸਰਕਾਰੀ ਸੰਸਥਾਵਾਂ ਤੋਂ ਦਵਾਈ ਲੈਂਦੇ ਹਨ। ਇਹਨਾਂ 10% ਵਿਚੋਂ ਕਿੰਨੇ ਕੁ ਮਲੇਰੀਆ ਵਿਭਾਗ ਕੋਲੋਂ ਦਵਾਈ ਲੈਂਦੇ ਹੋਣਗੇ। ਇਸ ਤਰ੍ਹਾਂ ਇਹ ਵਿਭਾਗ ਲੋਕ-ਵਿਰੋਧੀ ਸਰਕਾਰਾਂ ਨੂੰ ਲੋਕ-ਪੱਖੀ ਰੰਗਤ ਦੇਣ ਦਾ ਕੰਮ ਵੱਧ ਕਰਦਾ ਹੈ ਤੇ ਮਲੇਰੀਏ ਦਾ ਹੱਲ ਘੱਟ।

ਕਿਸੇ ਵੀ ਬੀਮਾਰੀ ਦਾ ਹੱਲ ਕਰਨ ਤੋਂ ਪਹਿਲਾਂ ਉਸ ਬੀਮਾਰੀ ਦੇ ਕਾਰਨਾਂ ਨੂੰ ਡੂੰਘਾਈ ਵਿਚ ਜਾਨਣਾ ਬੇਹੱਦ ਜ਼ਰੂਰੀ ਹੁੰਦਾ ਹੈ। ਆਮ ਤੌਰ ਤੇ ਇਕ ਬੀਮਾਰੀ ਨੂੰ ਜਨਮ ਦੇਣ ਦੇ ਅਨੇਕਾਂ ਕਾਰਨ ਹੁੰਦੇ ਹਨ ਤੇ ਉਹਨਾਂ ਵਿਚੋਂ ਕਿਸੇ ਇਕ ਕਾਰਨ ਨੂੰ ਦੂਜਿਆਂ ਨਾਲੋਂ ਨਿਖੇੜ ਕੇ ਨਾ ਹੀ ਬੀਮਾਰੀ ਨੂੰ ਸਮਝਿਆ ਜਾ ਸਕਦਾ ਹੈ ਤੇ ਨਾ ਹੀ ਉਸਦਾ ਹੱਲ ਕੀਤਾ ਜਾ ਸਕਦਾ ਹੈ। ਅਨਪੜ੍ਹਤਾ (ਅਗਿਆਨਤਾ), ਬੇਰੁਜ਼ਗਾਰੀ, ਗਰੀਬੀ, ਗੰਦਗੀ ਤੇ ਬੀਮਾਰੀਆਂ ਦਾ ਆਪਸ ਵਿਚ ਅਟੁੱਟ ਰਿਸ਼ਤਾ ਹੈ। ਇਹ ਸਾਰੀਆਂ ਕਿਸ ਸਮਾਜ ਵਿਚ ਇਕੱਠੀਆਂ ਹੀ ਉਪਜਦੀਆਂ ਹਨ ਅਤੇ ਇਕੱਠੇ ਹੀ ਇਹਨਾਂ ਦਾ ਹੱਲ ਹੁੰਦਾ ਹੈ। ਮਲੇਰੀਆ ਜਾਂ ਕਿਸੇ ਹੋਰ ਬੀਮਾਰੀ ਨੂੰ ਬਾਕੀ ਗੱਲਾਂ ਤੋਂ ਅੱਡ ਕਰਕੇ ਸਮਝਣਾ ਜਾਂ ਹੱਲ ਕਰਨ ਦੀ ਕੋਸ਼ਿਸ਼ ਕਰਨੀ ਬੇਕਾਰ ਹੀ ਜਾਵੇਗੀ।

**ਸਾਹਿਤਕ ਪਹਿਚਾਣ :**

## ਵਤਨੋਂ ਦੂਰ-ਮਨੁੱਖਤਾ ਦੀ ਸਹੀ ਆਵਾਜ਼

ਕੈਨੇਡਾ ਵਿਚ ਬੈਠੇ ਸਾਡੇ ਸਾਹਿਤਕਾਰ ਅਤੇ ਚਿੰਤਕ ਆਪਣੇ ਵਿਚਾਰ ਪ੍ਰਗਟਾਉਣ ਲਈ ਬੜੀ ਮੇਹਨਤ ਅਤੇ ਲਗਨ ਨਾਲ ਇਕ ਪਰਚਾ 'ਵਤਨੋਂ ਦੂਰ' ਕੱਢਦੇ ਹਨ। 'ਵਤਨੋਂ ਦੂਰ' ਦਾ ਦਸਵਾਂ ਸਾਲਾਨਾ ਅੰਕ ਸਾਡੇ ਹੱਥਾਂ ਵਿਚ ਹੈ, ਜਿਸ ਨੂੰ ਸੁਰਿੰਦਰ ਧੰਜਲ ਨੇ ਸੰਪਾਦਤ ਕੀਤਾ ਹੈ। ਇਕ ਪਰਚਾ ਜਦੋਂ ਆਪਣੇ ਦਸ ਸਾਲਾਂ ਦਾ ਪੈਂਡਾ ਮੁਕਾ ਲੈਂਦਾ ਹੈ, ਤੇ ਖ਼ਾਸ ਕਰਕੇ ਪ੍ਰਦੇਸ ਵਿਚ ਬੈਠੇ ਮੁਸ਼ਕਲ ਹਾਲਾਤ ਵਿਚ ਜਦੋਂ ਕਿ ਪ੍ਰਿੰਟਿੰਗ ਸਹੂਲਤਾਂ ਬਹੁਤ ਘੱਟ ਹਨ ਅਤੇ ਕਈ ਵਾਰ ਪਰਚਾ ਹੱਥ ਲਿਖਤ ਰਾਹੀਂ ਹੀ ਕੱਢਣਾ ਪੈਂਦਾ ਹੈ ਤਾਂ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਸਿਦਕ ਪਿੱਛੇ ਕੋਈ ਨਿਸ਼ਾਨਾ ਹੈ, ਜੋ ਸੰਬੰਧਤ ਲੋਕਾਂ ਨੂੰ, ਇਹ ਕੰਮ ਜਾਰੀ ਰਖਣ ਲਈ ਪ੍ਰੇਰਨਾ ਦੇਂਦਾ ਹੈ। 'ਵਤਨੋਂ ਦੂਰ' ਦੇ ਇਸ ਅੰਕ ਨੂੰ ਪੜ੍ਹਕੇ ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖਤਾ ਦੀਆਂ ਅਗਾਂਹ ਵਧੂ ਕਦਰਾਂ ਕੀਮਤਾਂ ਲਈ ਵਤਨੋਂ ਦੂਰ ਬੈਠੇ ਸਾਡੇ ਭਰਾ ਸਾਡੇ ਤੋਂ ਵੀ ਵੱਧ ਚਿੰਤਕ ਹਨ ਅਤੇ ਗੰਦੇ ਆਲੇ ਦੁਆਲੇ ਨੂੰ ਜੜ੍ਹੋਂ ਮਿਟਾਉਣ ਦੀ ਖ਼ਾਤਰ ਸਾਡੇ ਸੰਘਰਸ਼ਾਂ ਦਾ ਇਕ ਹਿੱਸਾ ਹਨ। ਪਰਚੇ ਵਿਚ ਦਿਤੀਆਂ ਕਹਾਣੀਆਂ, ਕਵਿਤਾਵਾਂ ਅਤੇ ਲੇਖ ਆਪਣੀ ਵਿਚਲੀ ਸਚਾਈ ਕਰਕੇ ਸਾਡਾ ਧਿਆਨ ਖਿਚਦੀਆਂ ਹਨ।

ਇਸ ਪਰਚੇ ਵਿਚ 'ਦੂਰੋਂ ਨੇੜਿਓਂ' ਕਾਲਮ ਹੇਠ ਲਿਖਿਆ ਸਾਧੂ ਦਾ ਇਕ ਲੇਖ ਜੋ 'ਬੀ. ਸੀ. ਸਰਕਾਰ ਦਾ ਨਵਾਂ ਬੱਜਟ' ਦੇ ਪ੍ਰਸੰਗ ਵਿਚ ਲਿਖਿਆ ਹੈ, ਉਹ ਸਾਡੀ ਅੱਜ ਪੰਜਾਬ ਦੀ ਸਥਿਤੀ ਵਿਚ ਬੜੀ ਮਹੱਤਤਾ ਰਖਦਾ ਹੈ। ਬੁਰਜੂਆ ਪਾਰਟੀਆਂ ਦੀਆਂ ਸਰਕਾਰਾਂ ਚੋਣਾਂ ਵੇਲੇ 'ਸਮਾਜਵਾਦ' ਜਾਂ ਮਨੁੱਖੀ ਹੱਕਾਂ ਦੇ ਬੜੇ ਨਾਅਰੇ ਦੇਂਦੀਆਂ ਹਨ (ਅਕਾਲੀਆਂ ਵਲੋਂ ਅਨੰਦਪੁਰ ਮਤੇ ਵਿਚ ਵੀ ਬੜੀਆਂ ਇਹੋ ਜਹੀਆਂ ਧਾਰਾਵਾਂ ਹਨ) ਪਰ ਸਰਕਾਰ ਬਣਾਉਣ ਤੋਂ ਬਾਅਦ ਉਹ ਆਪਣੀ ਜਮਾਤ ਦੇ ਹਿੱਤ ਹੀ ਪਾਲਦੀਆਂ ਹਨ। ਬੀ. ਸੀ. ਸਰਕਾਰ ਨੇ ਹੋਰਨਾਂ ਮਜ਼ਦੂਰ ਦੁਸ਼ਮਣ ਬਿਲਾਂ ਤੋਂ ਇਲਾਵਾ ਇਕ ਬਿਲ ਰਾਹੀਂ ਮਨੁੱਖੀ ਹੱਕਾਂ ਦੇ ਮਹਿਕਮੇ ਨੂੰ ਖ਼ਤਮ ਕਰ ਦਿਤਾ ਹੈ। ਇਹ ਇਕ ਐਸਾ ਮਹਿਕਮਾ ਸੀ ਜਿਹੜਾ ਕੈਨੇਡਾ ਵਿਚੋਂ ਬਾਹਰੋਂ ਆ ਕੇ ਵੱਸੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਦਾ ਸੀ। ਨਸਲੀ ਵਿਤਕਰੇ ਦੇ ਵਿਰੁੱਧ ਕਾਨੂੰਨੀ ਕਾਰਵਾਈ ਦਾ ਸਾਧਨ ਸੀ। ਇਹ ਬਿਲ ਹੋਰਨਾਂ ਕੌਮਾਂ ਤੋਂ ਇਲਾਵਾ ਪੰਜਾਬੀਆਂ ਨੂੰ ਸਭ ਤੋਂ ਵੱਧ ਨੁਕਸਾਨ ਪੁਚਾਂਦਾ ਹੈ। ਇਸ ਲੇਖ ਵਿਚ ਜੋ ਜਾਣਕਾਰੀ ਦਿਤੀ ਗਈ ਹੈ, ਉਹ ਸਿੱਧ ਕਰਦੀ ਹੈ ਕਿ ਇਹਨਾਂ ਮਨੁੱਖ ਦੋਖੀ ਕਾਨੂੰਨਾਂ ਦੇ ਖ਼ਿਲਾਫ਼ ਕਾਲਿਆਂ ਅਤੇ ਗੋਰਿਆਂ ਨੇ ਰਲਕੇ ਇਕ ਸ਼ਕਤੀਸ਼ਾਲੀ ਆਵਾਜ਼ ਉਠਾਈ ਹੈ ਅਤੇ ਵੈਨਕੂਵਰ ਵਿਚ ਮਜ਼ਦੂਰ ਜਮਾਤ ਨੇ ਨਸਲੀ ਵਿਤਕਰੇ ਨੂੰ ਲਾਂਭੇ ਰੱਖਕੇ ਜੋ ਹਜ਼ਾਰਾਂ ਦੀ ਗਿਣਤੀ ਵਿਚ ਵਿਖਾਵੇ ਕੀਤੇ ਹਨ, ਉਹ ਦੁਨੀਆ ਭਰ ਦੇ ਮਜ਼ਦੂਰਾਂ ਦੀ ਯੱਕ ਜਹਿਤੀ ਦੀ ਆਪਣੀ ਹੀ ਇਕ ਮਿਸਾਲ ਹਨ। ਸਾਡੇ ਆਪਣੇ ਪੰਜਾਬ ਵਿਚ ਜਾਗੀਰਦਾਰ, ਧਨੀ ਕਿਸਾਨ, ਜਾਂ ਸਰਮਾਏਦਾਰ ਜਮਾਤ 'ਭਈਏ' ਮਜ਼ਦੂਰਾਂ ਦੀ ਗੱਲ

ਚੁੱਕਕੇ ਮਜ਼ਦੂਰ ਜਮਾਤ ਵਿਚ ਫੁੱਟ ਪਾਉਣ ਦੇ ਯਤਨ ਕਰ ਰਹੀ ਹੈ। ਇਹ ਲੇਖ ਇਸ ਮਸਲੇ ਤੇ ਸਾਡੀ ਸੋਚ ਨੂੰ ਟੁੰਬਦਾ ਹੈ। ਇਕ ਹੋਰ ਸਚਾਈ ਜੋ ਇਸ ਲੇਖ ਵਿਚੋਂ ਬਾਹਰ ਆਉਂਦੀ ਹੈ, ਉਹ ਇਹ ਹੈ ਕਿ ਧਾਰਮਕ ਆਗੂ ਜੋ ਉਂਝ ਮਨੁਖਤਾ ਦੀ ਬੜੀ ਗੱਲ ਕਰਦੇ ਨੇ, ਪਰ ਕਿਸੇ ਇਮਤਿਹਾਨ ਵਿਚ ਅਗੇ ਨਹੀਂ ਆਉਂਦੇ ਤੇ ਕੰਨੀ ਕੁਤਰਾ ਜਾਂਦੇ ਹਨ। ਇਸ ਲੇਖ ਦੇ ਆਖ਼ਰੀ ਦੋ ਪੈਰੇ ਇਹਨਾਂ ਵਿਚਾਰਾਂ ਨੂੰ ਸਪਸ਼ਟ ਕਰਨ ਲਈ ਇਥੇ ਦਿਤੇ ਜਾ ਰਹੇ ਹਨ :

ਜੇ ਇਹ ਬੱਜਟ ਪਾਸ ਹੋ ਗਿਆ ਤਾਂ ਬੀ.ਸੀ. ਦੇ ਆਮ ਸ਼ਹਿਰੀ ਨੂੰ ਵੀ ਕਾਫੀ ਨੁਕਸਾਨ ਹੋਵੇਗਾ, ਪਰ ਸਭ ਤੋਂ ਵੱਧ ਨੁਕਸਾਨ ਸਾਡੀ ਕਮਿਊਨਿਟੀ ਤੇ ਇਹਦੇ ਮੈਂਬਰਾਂ ਨੂੰ ਹੋਵੇਗਾ। ਅਸੀਂ ਸ਼ਰੇਆਮ ਵਿਤਕਰੇ ਅਤੇ ਧੱਕੇ ਦਾ ਸ਼ਿਕਾਰ ਹੋਵਾਂਗੇ ਤੇ ਕਾਨੂੰਨੀ ਤੌਰ 'ਤੇ ਇਹਦੇ ਬਾਰੇ ਕੁਝ ਕਰ ਵੀ ਨਹੀਂ ਸਕਾਂਗੇ। ਸਾਡੇ ਉਪਰ ਹੋ ਰਹੇ ਇਸ ਹਮਲੇ ਦਾ ਸਾਨੂੰ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਰੋਸ ਮੁਜ਼ਾਹਰਿਆਂ ਤੇ ਜਲੂਸਾਂ ਵਿਚ ਸਾਨੂੰ ਸਭ ਤੋਂ ਵਧ ਕੇ ਹਿੱਸਾ ਲੈਣਾ ਚਾਹੀਦਾ ਹੈ। ਪਰ ਹੁਣ ਤਕ ਸਾਡੀ ਕਮਿਊਨਿਟੀ ਵਿਚੋਂ ਬਹੁਤ ਘੱਟ ਗਿਣਤੀ ਲੋਕਾਂ ਨੇ ਇਸ ਵਿਚ ਹਿੱਸਾ ਲਿਆ ਹੈ। ਬੀ.ਸੀ. ਵਿਚਲੇ ਬਹੁਤ ਸਾਰੇ ਚਰਚਾਂ ਤੇ ਧਾਰਮਿਕ ਸੰਸਥਾਵਾਂ ਨੇ ਬੱਜਟ ਦੇ ਖ਼ਿਲਾਫ਼ ਆਵਾਜ਼ ਉਠਾਈ ਹੈ, ਪਰ ਸਾਡੇ ਗੁਰਦੁਆਰਿਆਂ ਦੇ ਮੋਹਰੀਆਂ ਅਜੇ ਤਕ ਅਜੇਹਾ ਕੋਈ ਕਦਮ ਨਹੀਂ ਚੁਕਿਆ। ਵੈਨਕੂਵਰ ਵਿਚ ਨਿਕਲਦੇ ਸਿੱਖਾਂ ਦੇ ਧਾਰਮਿਕ ਜਲੂਸਾਂ ਵਿਚ ਲੋਕਾਂ ਦੀ ਗਿਣਤੀ ਤੀਹ ਚਾਲੀ ਹਜ਼ਾਰ ਤਕ ਪਹੁੰਚ ਜਾਂਦੀ ਹੈ, ਪਰ ਇਹਨਾਂ ਰੋਸ ਮੁਜ਼ਾਹਰਿਆਂ ਵਿਚ ਪੱਗਾਂ ਵਾਲਿਆਂ ਦੀ ਗਿਣਤੀ ਚਾਲੀ ਪੰਜਾਹ ਤੋਂ ਉਪਰ ਨਹੀਂ ਹੋਈ। ਦਸ ਅਗਸਤ ਵਾਲੇ ਮੁਜ਼ਾਹਰੇ ਵਿਚ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ (CFU) ਤੇ ਨਸਲਵਾਦ ਦੇ ਖ਼ਿਲਾਫ ਲੜਨ ਵਾਲੀ (BCOFR) ਦੇ ਬੈਨਰਾਂ ਪਿੱਛੇ ਕਾਫੀ ਪੰਜਾਬੀ ਸਨ, ਪਰ ਜੇ ਕਮਿਊਨਿਟੀ ਵਿਚੋਂ ਦੂਜੀਆਂ ਜਥੇਬੰਦੀਆਂ ਵੀ ਆਪਣੇ ਮੈਂਬਰ ਲੈ ਕੇ ਉਥੇ ਪਹੁੰਚਦੀਆਂ ਤਾਂ ਕਿੰਨਾ ਚੰਗਾ ਹੁੰਦਾ।

ਸਾਡੀ ਕਮਿਊਨਿਟੀ ਦੀ ਅਸਲੀ ਵਾਗਡੋਰ ਅਜੇ ਗੁਰਦੁਆਰਿਆਂ ਦੇ ਹੱਥ ਵਿਚ ਹੀ ਹੈ। ਇਸ ਕਰਕੇ ਇਹਨਾਂ ਅਦਾਰਿਆਂ ਦੇ ਮੋਹਰੀਆਂ ਨੂੰ ਜ਼ਰੂਰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਹ ਠੀਕ ਹੈ ਕਿ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਉਹਨਾਂ ਉਪਰ ਸਿਧਾ ਅਸਰ ਹੁੰਦਾ ਹੈ ਤੇ ਉਹਨਾਂ ਬਾਰੇ ਫ਼ਿਕਰਮੰਦ ਵੀ ਹੋਣਾ ਚਾਹੀਦਾ ਹੈ। ਪਰ ਅਸੀਂ ਜਿਥੇ ਰਹਿੰਦੇ ਹਾਂ ਉਥੇ ਵਾਪਰਦੀਆਂ ਘਟਨਾਵਾਂ, ਜਿਨ੍ਹਾਂ ਦਾ ਸਿੱਧਾ ਸਾਡੇ ਤੇ ਅਸਰ ਹੁੰਦਾ ਹੈ, ਉਸ ਤੋਂ ਅੱਖਾਂ ਮੀਟ ਰੱਖਣੀਆ ਕੋਈ ਸਿਆਣਪ ਨਹੀਂ ਹੈ। ਸਿੱਖ ਕੌਮ ਨੂੰ ਆਪਣੇ ਸੁਨਹਿਰੀ ਇਤਿਹਾਸ ਨੂੰ ਸਿਰਫ਼ ਧਾਰਮਿਕ ਯੁੱਧ ਲੜਨ ਵੇਲੇ ਹੀ ਨਹੀਂ ਯਾਦ ਕਰਨਾ ਚਾਹੀਦਾ, ਸਗੋਂ ਜਦੋਂ ਵੀ, ਜਿੱਥੇ ਵੀ ਕਿਸੇ ਕਿਸਮ ਦੀ ਕੋਈ ਵਧੀਕੀ ਹੁੰਦੀ ਹੋਵੇ ਤਾਂ ਸਿੱਖਾਂ ਨੂੰ ਆਪਣੇ ਖਾੜਕੂ ਵਿਰਸੇ ਨੂੰ ਧਿਆਨ ਵਿਚ ਰੱਖਦਿਆਂ ਆਪਣੇ ਹੱਕਾਂ ਲਈ ਜੂਝਣਾ ਚਾਹੀਦਾ ਹੈ। ਇਸ ਗੱਲ ਦੀ ਉਡੀਕ ਨਹੀਂ ਕਰਨੀ ਚਾਹੀਦੀ ਕਿ ਕੋਈ ਸੰਤ ਜਾਂ ਧਾਰਮਿਕ ਲੀਡਰ ਆ ਕੇ ਕਹੇ ਕਿ ਬੀ.ਸੀ. ਦੀ ਸਰਕਾਰ ਦੀਆਂ ਨਸਲਵਾਦੀ ਨੀਤੀਆਂ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ, ਇਸ ਗੱਲ ਦਾ ਖ਼ੁਦ ਅਹਿਸਾਸ ਹੋਣਾ ਚਾਹੀਦਾ ਹੈ। ਲੋਕਾਂ ਵੱਲੋਂ ਆਪਣੇ ਹੱਕਾਂ ਲਈ ਹੁੰਦੇ ਰੋਸ ਮੁਜ਼ਾਹਰਿਆਂ ਵਿਚ ਜੇ ਦੋ ਚਾਰ ਹਜ਼ਾਰ ਸਿੱਖ, ਪੰਜਾਬੀ ਦਿਸਦੇ ਹੋਣ ਤਾਂ ਇਥੋਂ ਦੇ ਮਜ਼ਦੂਰਾਂ ਅੰਦਰ ਉਹਨਾਂ ਲਈ ਸਤਿਕਾਰ ਵਧੇਗਾ ਤੇ ਕਲੈਨ ਵਰਗੀਆਂ ਜਥੇਬੰਦੀਆਂ ਅੰਦਰ ਇਹਨਾਂ ਦਾ ਜੋਸ਼ ਦੇਖ ਕੇ ਡਰ ਪੈਦਾ ਹੋਵੇਗਾ। ਇਥੋਂ ਦੇ ਲੋਕਾਂ ਨਾਲ ਨੇੜਤਾ ਦਿਖਾਉਣ ਦੇ ਇਹੋ ਜਿਹੇ ਮੌਕੇ ਹੱਥੋਂ ਨਹੀਂ ਜਾਣ ਦੇਣੇ ਚਾਹੀਦੇ।

ਸੁਖਿੰਦਰ ਦਾ ਇਕ ਲੇਖ 'ਪੰਜਾਬੀ ਲੇਖਕ, ਕ੍ਰਾਂਤੀ ਅਤੇ ਨਿੱਜਵਾਦ' ਸਾਡਾ ਧਿਆਨ ਖਿਚਦਾ ਹੈ। ਬਹੁਤ ਜ਼ਰੂਰੀ ਨੁਕਤੇ ਸਾਡੇ ਲੇਖਕਾਂ ਵਾਸਤੇ ਉਠਾਏ ਗਏ ਹਨ :

## ਪੰਜਾਬੀ ਲੇਖਕ, ਕ੍ਰਾਂਤੀ ਅਤੇ ਨਿੱਜਵਾਦ

"ਸੜਦੇ ਹੋਏ ਵਣਾਂ ਨੂੰ, ਕੋਈ ਹੀ ਗੌਲਦਾ ਹੈ,
ਲੱਗਦੀ ਹੈ ਲਾਸ ਅੱਗ ਦੀ ਆਪਣੇ ਜਦੋਂ ਪਰਾਂ ਨੂੰ।"

ਡਾ. ਜਗਤਾਰ ਨੇ ਤਾਂ ਇਹ ਸ਼ੇਅਰ ਪਤਾ ਨਹੀਂ ਕਿਹੜੇ ਹਾਲਾਤ ਵੇਖ ਕੇ ਲਿਖਿਆ ਹੋਵੇਗਾ, ਪਰ ਮੌਜੂਦਾ ਹਾਲਤ ਵਿਚ ਪੰਜਾਬੀ ਲੇਖਕਾਂ ਉਤੇ ਇਹ ਬੜੀ ਚੰਗੀ ਤਰ੍ਹਾਂ ਢੁੱਕਦਾ ਹੈ। ਸਾਡੇ ਪੰਜਾਬੀ ਲੇਖਕ, ਜੋ ਕਿ ਵਿਸ਼ਵ ਕ੍ਰਾਂਤੀ ਦੇ ਨਾਹਰੇ ਲਾਉਂਦੇ ਥੱਕਦੇ ਨਹੀਂ ਸਨ (ਭਾਵੇਂ ਅਜੇ ਵੀ ਉਹ ਪ੍ਰਗਤੀਵਾਦੀ ਲੇਖਕ ਕਹਾਉਣ ਵਿਚ ਹੀ ਫਖ਼ਰ ਸਮਝਦੇ ਹਨ) ਉਨ੍ਹਾਂ ਨੇ ਹੁਣ ਸ਼ਾਇਦ ਹਿੰਦੁਸਤਾਨ ਦੀ ਕ੍ਰਾਂਤੀ ਦੀ ਗੱਲ ਤਾਂ ਕੀ ਕਰਨੀ ਹੈ ਉਹ ਆਪਣੇ ਘਰ ਦੀ ਕ੍ਰਾਂਤੀ ਤੋਂ ਅੱਗੇ ਨਹੀਂ ਤੁਰਦੇ। ਉਨ੍ਹਾਂ ਦਾ ਪ੍ਰਗਤੀਵਾਦ ਵਿਸ਼ਵ-ਵਿਦਿਆਲਿਆਂ ਦੀਆਂ ਕੁਰਸੀਆਂ, ਸੰਸਥਾਵਾਂ ਦੀਆਂ ਪ੍ਰਧਾਨਗੀਆਂ, ਸਰਕਾਰੀ ਅਫ਼ਸਰਾਂ ਨਾਲ ਨੇੜਤਾ, ਇਨਾਮਾਂ ਲਈ ਦੌੜ, ਪ੍ਰਕਾਸ਼ਨ-ਘਰਾਂ ਅਤੇ ਦਫ਼ਤਰਾਂ ਦੀਆਂ ਫਾਈਲਾਂ ਵਿਚ ਗਵਾਚ ਕੇ ਰਹਿ ਗਿਆ ਹੈ।

ਇਸ ਸਭ ਕੁਝ ਦੇ ਦਰਮਿਆਨ ਸਾਡੇ ਹੀ ਲੇਖਕਾਂ ਦੇ ਇਕ ਹਿੱਸੇ ਵੱਲੋਂ ਇਸ ਗੱਲ ਦਾ ਵੀ ਸ਼ੋਰ ਪਾਇਆ ਜਾ ਰਿਹਾ ਹੈ ਕਿ 'ਹੁਣ ਕਵਿਤਾ ਦਾ ਦੌਰ ਖਤਮ ਹੋ ਗਿਆ ਹੈ। ਪਾਠਕ ਪੁਸਤਕਾਂ ਖ੍ਰੀਦਦੇ ਨਹੀਂ ਹਨ।' ਅਜਿਹਾ ਕਹਿਣ ਵਾਲਿਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ 'ਹੁਣ ਕਵਿਤਾ ਦਾ ਦੌਰ ਖਤਮ ਹੋ ਗਿਆ ਹੈ' ਤਾਂ ਦਰਅਸਲ ਹੁਣ ਨਾਵਲ, ਕਹਾਣੀ, ਨਾਟਕ, ਤਬਸਰਾ, ਜੀਵਨੀ, ਸਵੈ-ਜੀਵਨੀ ਹਰ ਚੀਜ਼ ਦਾ ਹੀ ਦੌਰ ਖ਼ਤਮ ਹੋ ਗਿਆ ਹੈ। ਕਿਉਂਕਿ ਪਾਠਕਾਂ ਨੂੰ (ਸਾਡੇ) ਲੇਖਕਾਂ ਉਤੇ ਭਰੋਸਾ ਉੱਠ ਗਿਆ ਹੈ। ਜੇਕਰ ਸਾਡੀਆਂ ਲਿਖੀਆਂ ਪੁਸਤਕਾਂ ਵਿਕਦੀਆਂ ਨਹੀਂ ਹਨ ਤਾਂ ਸਪਸ਼ਟ ਹੈ ਕਿ ਜੋ ਕੁਝ ਅਸੀਂ ਲਿਖ ਰਹੇ ਹਾਂ ਇਹ ਸਭ ਝੂਠ ਹੈ। ਜੋ ਕੁਝ ਪਾਠਕਾਂ ਦੇ ਸਾਹਮਣੇ ਰੋਜ਼ਾਨਾ ਜ਼ਿੰਦਗੀ ਵਿਚ ਵਾਪਰਦਾ ਹੈ ਉਹ ਤਾਂ ਸਾਹਿਤ ਦੇ ਕਿਸੇ ਵੀ ਰੂਪ ਵਿਚ ਪ੍ਰਗਟ ਨਹੀਂ ਕੀਤਾ ਜਾ ਰਿਹਾ। ਲੇਖਕਾਂ ਨੇ ਜਦੋਂ ਖ਼ੁਦ ਮਖੌਟੇ ਪਹਿਨ ਰੱਖੇ ਹਨ ਤਾਂ ਉਨ੍ਹਾਂ ਦੀਆਂ ਲਿਖਤਾਂ ਸਚਾਈ ਕਿਵੇਂ ਪ੍ਰਗਟ ਕਰ ਸਕਦੀਆਂ ਹਨ। ਸਾਡੀਆਂ ਲਿਖਤਾਂ ਖੋਖਲੀਆਂ ਹਨ।

ਅੱਜ ਹਿੰਦੁਸਤਾਨ ਵਿਚ ਜਿੱਥੇ ਆਰਥਿਕ ਇਨਕਲਾਬ ਅਤੇ ਰਾਜਸੀ ਚੇਤਨਤਾ ਦੀ ਲੋੜ ਹੈ, ਉਥੇ ਜਾਤ-ਪਾਤ, ਕੁਨਬਾ-ਪਰਵਰੀ, ਆਪਸੀ ਲੁੱਟ-ਖਸੁੱਟ, ਫਿਰਕੂਵਾਦ ਅਤੇ ਨਿੱਜਵਾਦ ਤੋਂ ਵੀ ਉਪਰ ਉਠਣ ਦੀ ਲੋੜ ਹੈ। ਪਰ ਕੀ ਸਾਡੇ ਪੰਜਾਬੀ ਲੇਖਕ ਇਨ੍ਹਾਂ ਸਾਰੀਆਂ ਲੋੜਾਂ ਨੂੰ ਇਕ ਸੰਯੁਕਤ ਇਕਾਈ ਵਿਚ ਦੇਖਦੇ ਹਨ? ਸ਼ਾਇਦ ਇਨ੍ਹਾਂ ਸਾਰੀਆਂ ਗੱਲਾਂ ਦਾ ਉੱਤਰ ਨਾਂਹ ਵਿਚ ਹੀ ਮਿਲੇਗਾ। ਸਾਡੇ ਆਪਣੇ ਲੇਖਕ (ਜਿਸ ਵਿਚ ਅਸੀਂ ਸਭ ਸ਼ਾਮਿਲ ਹਾਂ) ਇਸ ਅਣਮਨੁੱਖੀ ਵਰਤਾਰੇ ਵਿਚ ਭਾਈਵਾਲ ਬਣ ਚੁੱਕੇ ਹਨ। ਦਫਤਰਾਂ, ਸਕੂਲਾਂ, ਯੂਨੀਵਰਸਿਟੀਆਂ, ਪ੍ਰਕਾਸ਼ਨ ਘਰਾਂ ਵਿਚ ਜੋ ਕੁਰੱਪਸ਼ਨ ਦਾ ਬੋਲਬਾਲਾ ਹੈ ਅਤੇ ਜਿਸ ਬਾਰੇ ਅਸੀਂ ਲਿਖਦੇ ਨਹੀਂ ਥੱਕਦੇ, ਕੀ ਉਹ ਖਿਲਾਅ ਵਿਚੋਂ ਜਨਮਦੀ ਹੈ? ਜੇ ਨਹੀਂ ਤਾਂ ਸਾਨੂੰ ਇਸ ਬਾਰੇ ਕਾਗਜ਼ ਕਾਲੇ ਕਰਨ ਦਾ ਕੀ ਹੱਕ ਹੈ?

ਪੰਜਾਬ ਅਤੇ ਆਸਾਮ ਵਿਚ ਅਣਮਨੁੱਖੀ ਵਰਤਾਰੇ ਵਾਪਰ ਰਹੇ ਹਨ। ਫਿਰਕੂਵਾਦ ਦੀ ਅੱਗ ਘਰ ਘਰ ਫੈਲ ਰਹੀ ਹੈ। ਪੰਜਾਬੀ ਲੇਖਕਾਂ ਦੀਆਂ ਕਲਮਾਂ ਨੂੰ ਕੀ ਸੱਪ ਸੁੰਘ ਗਏ ਹਨ? ਕਿੱਥੇ ਹਨ ਉਹ ਪ੍ਰਗਤੀਵਾਦ ਦੇ ਪੈਗੰਬਰ? ਕੀ ਸਾਡੀ ਚੁੱਪ ਦਾ ਇਹੀ ਮਤਲਬ ਤਾਂ ਨਹੀਂ ਕਿ ਅਸੀਂ ਚਾਹੇ ਜਾਂ ਅਣਚਾਹੇ ਇਸ ਅਣਮਨੁੱਖੀ ਅਤੇ ਫਿਰਕੂ ਵਰਤਾਰਿਆਂ ਵਿਚ ਸ਼ਾਮਿਲ ਹਾਂ ਅਤੇ ਇਸ ਬਾਰੇ ਕੁਝ ਬੋਲ ਕੇ ਆਪਣੇ ਮਖੌਟੇ ਲਹਿ ਜਾਣ ਤੋਂ ਡਰਦੇ ਹਾਂ?

ਸ਼ਾਇਦ ਇਹੀ ਕਾਰਨ ਹੈ ਕਿ ਸਾਡੀਆਂ ਲਿਖਤਾਂ ਪਿਛਲੇ ਤੀਹ ਚਾਲੀ ਸਾਲਾਂ ਵਿਚ ਵੀ ਪਾਠਕਾਂ ਵਿਚ ਏਨੀ ਕੁ ਚੇਤਨਤਾ ਨਹੀਂ ਜਗਾ ਸਕੀਆਂ। ਸਾਡੇ ਉੱਚ ਕੋਟੀ ਦੇ ਵਧੇਰੇ ਲੇਖਕਾਂ ਦੀਆਂ ਰਚਨਾਵਾਂ ਖ਼ੂਬਸੂਰਤ ਰੋਮਾਂਚਿਕ ਮਹੱਲਾਂ ਦੀ ਉਸਾਰੀ ਹੈ ਜੋ ਕਿ ਬਾਲ-ਮਨ ਨੂੰ ਤਾਂ ਪਰਚਾ ਸਕਦੀਆਂ ਹਨ, ਪਰ ਧਰਤੀ 'ਤੇ ਤੁਰੇ ਫਿਰਦੇ ਮਨੁੱਖਾਂ ਨਾਲ ਆਪਣਾ ਰਿਸ਼ਤਾ ਗੰਢਣ ਵਿਚ ਅਸਮਰਥ ਜਾਪਦੀਆਂ ਹਨ।

ਇਹ ਗੱਲਾਂ ਮਹਿਜ਼ ਸ਼ੋਰ ਪਾਉਣ ਲਈ ਹੀ ਨਹੀਂ ਕਹੀਆਂ ਗਈਆਂ। ਇਨ੍ਹਾਂ ਵਿਚ ਕੌੜੀ ਸੱਚਾਈ ਵੀ ਹੈ। ਇਸੇ ਲਈ ਇਹ ਗੱਲਾਂ ਕੈਨੇਡਾ, ਇੰਗਲੈਂਡ ਅਤੇ ਹੋਰਨਾਂ ਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਲੇਖਕਾਂ ਉਤੇ ਵੀ ਪੂਰੀਆਂ ਢੁੱਕਦੀਆਂ ਹਨ, ਬਲਕਿ ਬਦੇਸ਼ੀ ਪੰਜਾਬੀ ਲੇਖਕਾਂ ਉਤੇ ਤਾਂ ਸਗੋਂ ਕੁਝ ਵਧੇਰੇ ਹੀ। ਅਸੀਂ ਗੱਤੇ ਦੀਆਂ ਤਲਵਾਰਾਂ ਚਲਾਉਣ ਦੇ ਹੀ ਆਦੀ ਹਾਂ। ਸਾਡੀ ਆਪਣੀ ਜ਼ਿੰਦਗੀ ਅਤੇ ਲਿਖਤਾਂ ਔਰਤ ਅਤੇ ਸ਼ਰਾਬ ਤੋਂ ਅੱਗੇ ਨਹੀਂ ਤੁਰਦੀਆਂ। ਅਸਲ ਵਿਚ ਅਸੀਂ ਜਾਗੀਰੂ ਸੋਚ ਦੇ ਧਾਰਨੀ ਹਾਂ। ਏਸੇ ਕਰਕੇ ਸਮਾਂ ਆਉਣ ਉਤੇ ਮੈਦਾਨੇ-ਜੰਗ ਵਿਚ ਨਿੱਜੀ ਲਾਭਾਂ ਸਾਹਮਣੇ ਸਾਡੇ ਮਖੌਟਿਆਂ ਵਾਂਗ ਸਾਡੇ ਹੱਥਾਂ ਵਿਚਲੀਆਂ ਗੱਤੇ ਦੀਆਂ ਤਲਵਾਰਾਂ ਵੀ ਡਿੱਗ ਪੈਂਦੀਆਂ ਹਨ। ਅਤੇ ਸ਼ਾਇਦ ਏਸੇ ਲਈ ਹੀ ਤੁਹਾਨੂੰ ਮੇਰੇ ਇਸ ਲੇਖ ਵਿਚ ਚਲਾਈਆਂ ਗੱਤੇ ਦੀਆਂ ਤਲਵਾਰਾਂ ਉਤੇ ਵੀ ਕਿੰਤੂ/ਸੰਦੇਹ ਕਰ ਸਕਣ ਦਾ ਪੂਰਾ ਪੂਰਾ ਹੱਕ ਹੈ।

**ਸੁਖਿੰਦਰ**

'ਵਤਨੋਂ ਦੂਰ' ਦੇ ਇਸ ਅੰਕ ਵਿਚੋਂ ਕੁਝ ਚੋਣਵੀਆਂ ਕਵਿਤਾਵਾਂ ਇਥੇ ਦੇ ਕੇ ਅਸੀਂ ਦੂਰ ਬੈਠੇ ਸਾਹਿਤਕਾਰਾਂ ਨਾਲ ਆਪਣੀ ਸਾਂਝ ਦਾ ਹੁੰਗਾਰਾ ਭਰਦੇ ਹਾਂ।

## ਜ਼ਿੰਦਗੀ

**ਸੁਰਿੰਦਰ ਧੰਜਲ**

ਦੁਨੀਆਂ ਦੀ ਭੀੜ ਤੋਂ ਉਕਤਾ ਕੇ
ਜਦ ਵੀ ਕੋਈ ਇਕੱਲਤਾ ਵੱਲ ਨੱਸਦਾ ਹੈ
ਇਕਾਂਤ ਦੀ ਕਾੜ੍ਹਨੀ 'ਚ ਦੁੱਧ ਵਾਂਗ ਰਿੱਝਦਾ ਹੈ।
ਇਕੱਲਤਾ ਦੇ ਸ਼ੋਰ 'ਤੋਂ ਤੰਗ ਆ ਕੇ
ਜਦ ਦੁਨੀਆਂ ਦੀ ਭੀੜ 'ਚ ਪਰਤਦਾ ਹੈ
ਚੱਕੀ ਦੇ ਪੁੜਾਂ 'ਚ ਪਿਸਦੇ
ਦਾਣਿਆਂ 'ਚ ਸ਼ਾਮਲ ਹੋ ਜਾਂਦਾ ਹੈ।

ਜ਼ਿੰਦਗੀ ਦੀ ਕਿਸ਼ਤੀ
ਨਾ ਇਕੱਲਤਾ ਦੀ ਸ਼ਾਂਤ ਝੀਲ 'ਚ ਤਰਦੀ ਹੈ
ਨਾ ਭੀੜ ਦੇ ਹੜ੍ਹ-ਆਏ ਦਰਿਆ 'ਚ

ਜ਼ਿੰਦਗੀ ਦੇ ਸਾਹਮਣੇ
ਇਕ ਨਹੀਂ, ਕਿੰਨੀਆਂ ਹੀ ਸ਼ਾਂਤ ਝੀਲਾਂ ਨੇ
ਇਕ ਨਹੀਂ, ਕਿੰਨੇ ਹੀ ਹੜ੍ਹ-ਆਏ ਦਰਿਆ ਨੇ
ਜਿਊਂਦੇ ਤਾਂ ਸਿਰਫ਼ ਉਹੀ ਨੇ
ਜੋ ਸ਼ਾਂਤ ਝੀਲਾਂ ਅਤੇ ਹੜ੍ਹ-ਆਏ ਦਰਿਆਵਾਂ ਵਿਚਕਾਰ
ਆਪਣੇ ਆਪ ਨਾਲੋਂ ਕੋਈ ਟੁਕੜਾ ਲਾਹ
ਨਵੀਂ ਕਿਸ਼ਤੀ ਵਰਗਾ ਕੁਝ ਉਸਾਰਦੇ ਨੇ
ਪਾਣੀਆਂ ਦੀ ਹਿੱਕ 'ਤੇ ਉਤਾਰਦੇ ਨੇ
o

## ਬੇਕਾਰ ਹੋਇਆ ਇਨਕਲਾਬ

(1982 ਦੀ ਬੇਕਾਰੀ ਤੇ ਰੀਸੈਸ਼ਨ ਦੇ ਨਾਂ)

**ਰਵਿੰਦਰ ਰਵੀ**

ਬਣਕੇ ਆਲਸ ਲੱਥਿਆ
ਅੰਗਾਂ ਦੇ ਵਿਚ-
ਸਰਦ ਸਿੱਕਾ
ਰੀੜ੍ਹ ਦੀ ਹੱਡੀ ਦੇ ਵਿਚ
ਧੁੰਧਲਾਇਆ,
ਜ਼ਿਹਨ ਅੰਦਰ ਆਫ਼ਤਾਬ !
ਬੇਕਾਰ ਬੈਠੇ ਹਾਂ ਅਸੀਂ,
ਸਾਡੇ ਬਿਨਾ,
ਬੇਕਾਰ ਹੋਇਆ ਇਨਕਲਾਬ !

ਵੈੱਲਫੇਅਰ, ਬੇਕਾਰ-ਭੱਤਾ,
ਧੀਮਾਂ ਜ਼ਹਿਰ
ਰੀਂਗਦੇ ਨੇ ਹੋਂਦ ਵਿੱਚ !

ਖੁੱਲ੍ਹਕੇ, ਜੀ ਸਕਦੇ ਨਹੀਂ,
ਆਪ ਮਰ ਸਕਦੇ ਨਹੀਂ !

ਨਜ਼ਰ ਵਿੱਚ ਆਕਾਸ਼ ਹੈ,
ਸਾਗਰ ਸਮਾਨ ਪਿਆਸ ਹੈ !
ਬੂੰਦ ਮਿਲਦੀ ਹੈ, ਅਸੀਂ
ਇਹ ਵੀ ਜਰ ਸਕਦੇ ਨਹੀਂ !
ਸੁੱਕ ਰਹੀ ਨਾਲੀ ਦੇ ਕੀੜੇ
ਕੁਝ ਵੀ ਕਰ ਸਕਦੇ ਨਹੀਂ !

ਫਿਰ ਵੀ ਉਸਰਨ, ਛੁਹਣ ਅੰਬਰ,
ਕੋਈ ਕੋਈ, ਕਿਤੇ ਕਿਤੇ ਇਮਾਰਤਾਂ !
ਸੋਗ ਬਣ ਨਗਰੀ ਤੇ ਪਸਰੀ,
ਮੰਗ ਬਾਲਾਂ ਦੀ, ਘਰਾਂ ਦੀ ਮੋਰਗੇਜ਼ !

ਅੱਖ ਸੌਹੇਂ, ਸਿਆਹ ਪਰਦਾ ਝੂਲਦਾ,
ਪਾਰਦਰਸ਼ ਸੋਝੀ ਦੇ ਨਜ਼ਰੀਂ ਪੈ ਰਹੀ
ਵਾੜ ਕੰਡਿਆਲੀ 'ਚ ਬਿਜਲੀ ਦੌੜਦੀ।
ਰੱਤ ਸਾਡੀ 'ਚੋਂ ਨਚੋੜਣ ਚਾਨਣੀ—
ਵਾੜ ਪਿੱਛੇ, ਲੋਕ ਕੁਝ ਹੱਸਦੇ ਪਏ,
ਕਰ ਰਹੇ ਮਨਮਾਨੀਆਂ, ਖਰਮਸਤੀਆਂ—
ਸਿਉਂਕ ਵਾਂਗ ਅੰਦਰ ਹੀ ਅੰਦਰ ਖਾ ਰਹੀ—
ਬੇਬਸੀ ਦੀ ਚੇਤਨਾ, ਸਭ ਹਸਤੀਆਂ

ਮੱਚਲ ਮਾਰੀ,
ਦੱਪ ਧਾਰੀ ਸ਼ਾਸਕਾਂ !

ਪ੍ਰਸ਼ਨ ਕਰ ਕਰ, ਜੀਭ ਹਰ ਬੇਕਾਰ ਹੋਈ
ਮੌਨ-ਧਾਰੀ ਜਾਪਦੇ, ਸੱਭੇ ਜਵਾਬ !

ਬੇਕਾਰ ਬੈਠੇ ਹਾਂ ਅਸੀਂ,
ਸਾਡੇ ਬਿਨਾ,
ਬੇਕਾਰ ਹੋਇਆ ਇਨਕਲਾਬ !
o

## ਸੱਤ ਸਮੁੰਦਰ ਪਾਰ

**ਹਰਮਿੰਦਰ**

ਓ ਪੰਛੀਆ
ਜਾਹ ਸੱਤ ਸਮੁੰਦਰ ਪਾਰ
ਜਾਹ ਚੁੰਝ ਭਰ ਲੈ ਆ
ਵੇ ਕੋਈ ਸੁੱਖ ਸੁਨੇਹੜਾ !

ਮਾਂ ਮੇਰੀ ਜੇ ਪੁੱਛਣ ਬੈਠੇ ਹਾਲ ਦਿਲਾਂ ਦਾ
ਚੰਗਾ ਚੰਗਾ ਕਹਿ ਤੂੰ ਹੱਸ ਸੁਣਾਈਂ
ਦੇਖੀਂ ਵੇ !
ਕਿਤੇ ਤੇਰਾ ਹੰਝੂ
ਤੈਨੂੰ ਝੂਠਾ ਕਰ ਜਾਵੇ।

ਸਖੀ ਸਹੇਲੀ ਪੁੱਛ ਬੈਠੇ, ਕੇਹੀ ਸਾਵਣ ਦੀ ਰੁੱਤ ਇੱਥੇ
ਕਹੀਂ ਹਰ ਰੁੱਤ ਸੁਹਾਵਣੀ ਵਿੱਚ ਪਰਦੇਸੀਂ
ਦੇਖੀਂ ਵੇ !
ਕਿਤੇ ਖੰਭੀਂ ਲੱਗਿਆ ਸੁੱਕਾ ਤਿਣਕਾ
ਤੈਨੂੰ ਝੂਠਾ ਕਰ ਜਾਵੇ।

ਬਾਬਲ ਪੁੱਛੇ, ਕੇਹੀ ਮੇਰੇ ਸੰਧੂਰ ਦੀ ਲਾਲੀ
ਕਹੀਂ ਐਸੀ ਲਾਲੀ ਤੂੰ ਕਿਧਰੇ ਨਾ ਪਹਿਲੋਂ ਦੇਖੀ
ਦੇਖੀਂ ਵੇ !
ਕਿਤੇ ਤੇਰਾ ਹਾਉਕਾ
ਤੈਨੂੰ ਝੂਠਾ ਕਰ ਜਾਵੇ

ਵੀਰਾ ਮੇਰਾ ਜੇ ਪੁੱਛਣ ਬੈਠਾ, ਕੇਹੀ ਮੇਰੇ ਬਾਗ਼ ਦੀ ਰੌਣਕ
ਕਹੀਂ ਕੋਈ ਨਾ ਸ਼ਾਖ਼ ਕੰਡਿਆਵਲੀ ਮੇਰੇ ਬਾਗ਼ੀਂ
ਦੇਖੀਂ ਵੇ !
ਕਿਤੇ ਤੇਰਾ ਖੰਭ ਛਿੱਜਿਆ
ਤੈਨੂੰ ਝੂਠਾ ਕਰ ਜਾਵੇ।
o

## ਨਸੀਹਤ

### ਹਰਜਿੰਦਰ ਚੀਮਾ

ਹੋ ਰਹੇ ਨਸਲੀ ਵਿਤਕਰੇ ਵਿਰੁੱਧ
ਆਵਾਜ਼ ਉਠਾਉਣ ਵਾਲਿਓ,
ਜ਼ਰਾ ਆਪਣੇ ਹੀ ਅੰਦਰ
ਝਾਕ ਕੇ ਵੇਖੋ ਕਿ ਤੁਹਾਨੂੰ
ਕੀ ਇਖ਼ਲਾਕੀ ਹੱਕ ਹੈ
ਕਿ ਅੱਜ ਤੁਸੀਂ ਵੀ
ਨਸਲੀ ਵਿਤਕਰੇ ਵਿਰੁੱਧ
ਆਵਾਜ਼ ਉਠਾ ਸਕੋ ।
ਕੀ ਕਦੀ ਆਪਣੀ ਪੀੜ੍ਹੀ ਹੇਠ ਵੀ
ਫ਼ੇਰ ਕੇ ਵੇਖਿਆ ਸੋਟਾ
ਜੋ ਖ਼ੁਦ ਜ਼ਾਤ-ਪਾਤ ਦੇ ਹਾਮੀ
ਕਰਦੇ ਰਹੇ ਹੋ ਨਸਲੀ ਵਿਤਕਰੇ ?
ਕੀ ਯਾਦ ਹੈ ਉਹ ਦਿਨ
ਜਦੋਂ ਦਿਹਾੜੀ ਦੀ ਹੱਡ-ਭੰਨਵੀਂ
ਮਿਹਨਤ ਤੋਂ ਪਿਛੋਂ
ਕੋਈ ਦਰਵੇਸ਼ ਤੁਹਾਡੇ ਦਰ ਤੋਂ
ਆਇਆ ਸੀ ਮੰਗਣ
ਆਪਣੀ ਮਿਹਨਤ ਦਾ ਫਲ
ਤਾਂ ਸੁੱਕੀਆਂ ਰੋਟੀਆਂ ਤੇ ਗੱਠਾ
ਦੇਹ ਮਾਰਿਆ ਸੀ ਉਸਦੇ
ਬਿਆਈ ਪਾਟੇ ਹੱਥਾਂ ਤੇ
ਫ਼ੁੱਟ ਦੀ ਦੂਰੀ ਤੋਂ ?
ਯਾਦ ਹੈ ਉਹ ਸਮਾਂ
ਜਦੋਂ ਲਾਗੀ, ਮਜ਼ਹਬੀ, ਚੂਹੜੇ, ਚਮਾਰ
ਝਿਊਰ, ਸਾਂਹਸੀ ਅਤੇ ਲੁਹਾਰ
ਆਦਿਕ ਨਾਵਾਂ ਨਾਲ
ਕਰਦੇ ਰਹੇ ਮਨੁੱਖ ਦੀ ਪਛਾਣ
ਦਿੰਦੇ ਰਹੇ ਹੋ ਦੂਰੋਂ ਦੁਰਕਾਰ ।
ਤੇ ਅੱਜ ਜਦੋਂ ਹੈ
ਆਪਣੀ ਵਾਰੀ ਆਈ
ਤਾਂ ਨਸਲਵਾਦ ਦਾ ਹੋਕਾ ਦੇ ਕੇ
ਕਿਉਂ ਕਾਂਵਾਂ ਰੌਲੀ ਪਾਈ ?
ਅਜੇ ਤਾਂ ਹੋਈ ਹੈ ਸਿਰਫ਼ ਸ਼ੁਰੂਆਤ
ਅਜੇ ਤੁਹਾਨੂੰ ਉਸ ਪੀੜ ਦਾ
ਕਿਥੋਂ ਅਹਿਸਾਸ
ਜੋ ਉਹਨੂੰ ਲੋਕਾਂ ਨੇ (ਰਹਿ)
ਆਪਣੀ ਹੀ ਮਾਂ-ਭੂਮੀ ਤੇ
ਸਦੀਆਂ ਲਈ ਹੰਢਾਈ
ਇਹ ਤਾਂ ਸੀ ਦੋਸਤੋ ।
ਇਨਸਾਨਾਂ ਦੀ ਖੰਡ
ਆਓ, ਨਿਕੇ ਜਿਹੇ ਦੇਸ਼ ਨੂੰ ਵੀ
ਦੇਈਏ ਹੱਦਾਂ ਵਿਚ ਵੰਡ ।
ਕਿਸੇ ਨੂੰ ਮਝੈਲ ਤੇ ਕਿਸੇ ਨੂੰ ਜੰਗਲੀ ਕਹੀਏ,
ਕਿਸੇ ਨੂੰ ਮਲਵਈ ਤੇ ਕਿਸੇ ਨੂੰ ਦੁਆਬੀਏ,
ਕਿਸੇ ਨੂੰ ਪੂਰਬੀਏ ਤੇ ਕਿਸੇ ਨੂੰ ਸੱਦੀਏ ਭੱਈਏ ।
ਜਦ ਵੀ ਉਹ ਯੂ.ਪੀ. ਤੋਂ ਪੰਜਾਬ ਆਏ,
ਸਾਡੇ ਹੀ ਲੋਕਾਂ ਨੇ ਮੱਥੇ ਤੇ ਵੱਟ ਪਾਏ ।
ਸੋਚਿਆ ਸੀ ਇਹ ਭੁੱਖ ਨੰਗ ਦੇ ਮਾਰੇ,
ਸਾਡੇ ਹੱਥਾਂ ਦੀ ਰੋਟੀ ਨੂੰ ਖੋਹਣ ਆਏ ।
ਤੇ ਫੇਰ ਅੱਜ ਵੀ
ਤੁਹਾਡੇ ਕੋਲੋਂ
ਆਉਂਦੀ ਹੈ ਬੋਅ
ਨਸਲੀ ਜ਼ਹਿਰ ਦੀ
ਇਕ ਪਾਸੇ ਮਲਵੱਈਆਂ ਦੀ ਬੋਲੀ
ਤੇ ਦੂਜੇ ਪਾਸੇ ਦੁਆਬੀ,
ਜਿਹੜੀ ਕਿ ਦਿੰਦੀ ਹੈ
ਖਾਨਦਾਨੀ ਗੁਣਾਂ ਦੀ ਗਵਾਹੀ ।
ਲੜਦੇ ਹੋ ਅੰਦਰ-ਗਤੀ
ਆਪਣੇ ਹੀ ਸੰਗ
ਉਪਰੋਂ ਦਿੰਦੇ ਏਕੇ ਦੀ ਸਫ਼ਾਈ ।
ਜਦੋਂ ਆਪ ਹੀ ਹੋ
ਨਸਲੀ ਫੁੱਟ ਦਾ ਸ਼ਿਕਾਰ
(ਤਾਂ) ਫਿਰ ਗ਼ੈਰਾਂ ਨੂੰ ਕਾਹਦਾ ਦੋਸ਼
ਆਪਣੀ ਹੀ ਗ਼ਲਤੀ ਕਰੋ ਸਵੀਕਾਰ
ਆਓ, ਫੇਰ ਰਲਕੇ ਕਸਮ ਖਾਈਏ
ਯਤਨਾਂ ਨੂੰ ਬਰਾਬਰ ਦੇ ਭਾਈਵਾਲ ਬਣਾਈਏ
ਤੇ ਫਿਰ ਦੇਈਏ,
ਮਨੁੱਖਤਾ ਦੀ ਸਾਂਝ ਦਾ ਹੋਕਾ
ਕਿ ਫਿਰ ਕੋਈ ਸ਼ੈਤਾਨ,
ਨਾ ਕਰ ਸਕੇ
ਰੰਗਾਂ ਤੇ ਨਸਲਾਂ ਤੋਂ
ਕਿਸੇ ਮਨੁੱਖ ਦੀ ਪਛਾਣ
ਸਭਨਾ ਨੂੰ ਸਮਝੀਏ ਇਕ ਜਾਨ
ਸਭਨਾ ਨੂੰ ਦੇਈਏ
ਇਕੋ ਜਿਹਾ ਮਾਣ ।

o

**ਨੋਟ**—ਅਦਾਰਾ ਸਮਤਾ 'ਵਤਨੋਂ ਦੂਰ' ਦੇ ਕੁਝ ਪਰਚੇ ਇਥੇ ਮੰਗਵਾਉਣ ਦਾ ਪ੍ਰਬੰਧ ਕਰ ਰਿਹਾ ਹੈ । ਦਿਲਚਸਪੀ ਰੱਖਣ ਵਾਲੇ ਸਾਥੀ ਸੰਪਰਕ ਬਨਾਉਣ ।

### ਨਕਸਲੀ ਸ਼ਹੀਦਾਂ ਦੀ ਛਪ ਰਹੀ ਪੁਸਤਕ ਸੰਬੰਧੀ

ਪੰਜਾਬੀ ਦੇ ਮਾਸਿਕ ਪਰਚਾ ਹਿਰਾਵਲ ਦਸਤਾ ਦੇ ਅਦਾਰੇ ਵਲੋਂ ਨਕਸਲੀ ਸ਼ਹੀਦਾਂ ਦੀ ਪੁਸਤਕ ਛਾਪੀ ਜਾ ਰਹੀ ਹੈ। ਸੋ ਸਮੂਹ ਜਮਹੂਰੀਅਤ ਪਸੰਦਾਂ ਤੇ ਲਹਿਰ ਨਾਲ ਸਬੰਧਤ ਕਾਰਕੁੰਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸ਼ਹੀਦਾਂ ਸਬੰਧੀ ਹਰ ਕਿਸਮ ਦੀ ਜਾਣਕਾਰੀ ਅਤੇ ਆਰਥਿਕ ਸਹਾਇਤਾ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨ ।
ਸੰਪਾਦਕ ਹਿਰਾਵਲ ਦਸਤਾ, ਬਲਦੇਵ ਸਿੰਘ ਮਾਨ, ਪਿੰਡ ਅਤੇ ਡਾਕਖਾਨਾ ਬੱਗਾ, ਵਾਇਆ ਰਾਜਾ ਸਾਂਸੀ, ਅੰਮ੍ਰਿਤਸਰ ।

# ਚਸ਼ਮਦੀਦ ਗਵਾਹ

ਕੁਮਾਰ ਸੰਭਵ

'ਇਕਾਇਕ ਤੈਨੂੰ ਵੇਖਕੇ ਮੈਨੂੰ ਸਮਝ ਨਹੀਂ ਆ ਰਹੀ ਕਿ ਗੱਲ ਕਿੱਥੋਂ ਸ਼ੁਰੂ ਕਰਾਂ, ਪਤਾ ਏਂ ਕਿਉਂ ? ਇਸ ਚਾਰ ਸਾਲ ਦੇ ਵਕਫੇ ਨੇ ਮੈਨੂੰ ਤੇਰੇ ਸਾਹਮਣੇ ਰਸਮੀ ਜਿਹਾ ਬਣਾ ਦਿੱਤਾ ਹੈ। ਖ਼ੈਰ, ਇਹ ਦਸ, ਕਿੱਥੋਂ ਆ ਰਹੀ ਏਂ ?'

'ਦਿੱਲੀ ਤੋਂ, ਪਿਤਾ ਜੀ ਦੀ ਤਬੀਅਤ ਖ਼ਰਾਬ ਹੋ ਗਈ ਸੀ। ਹੁਣ ਤੁਸੀਂ ਇਹ ਵੀ ਜਾਨਣਾ ਚਾਹੋਗੇ ਕਿ ਕੀ ਕਲਕੱਤੇ ਵਿਚ ਹਸਪਤਾਲ ਨਹੀਂ ਸਨ ਜੋ ਦਿੱਲੀ ਗਈ ਸਾਂ, ਤਾਂ ਇਸ ਦੇ ਜੁਆਬ ਵਿਚ ਇਹੀ ਕਹਾਂਗੀ ਕਿ ਕਲਕੱਤੇ ਤੋਂ ਪਿਤਾ ਜੀ ਉਕਤਾ ਗਏ ਸਨ, ਇਸ ਲਈ ਅਸੀਂ ਦਿੱਲੀ ਗਏ ਸਾਂ। ਸੁਚਿਤਰਾ ਨੇ ਕਿਹਾ ਅਤੇ ਫਿੱਕਾ ਜਿਹਾ ਹੱਸ ਪਈ।

'ਹੁਣ ਤਾਂ ਕਲਕੱਤੇ ਜਾ ਰਹੀ ਏਂ ਨਾ ?' ਮੈਂ ਪੁੱਛਿਆ।

'ਹਾਂ, ਉਹ ਕੀ ਕਹਿੰਦੇ ਹਨ ਕਿ ਆਖਰ ਇਕ ਦਿਨ ਤਾਂ ਆਪਣੇ ਆਲ੍ਹਣੇ ਵਿਚ ਵਾਪਸ ਮੁੜਨਾ ਹੀ ਪੈਂਦਾ ਹੈ।' ਸੁਚਿਤਰਾ ਨੇ ਬੜੀ ਸਹਿਜਤਾ ਨਾਲ ਕਿਹਾ। 'ਤੁਸੀਂ ਕਿੱਧਰ ਜਾ ਰਹੇ ਹੋ ?'

'ਕਲਕੱਤੇ ਹੀ ਜਾ ਰਿਹਾ ਹਾਂ। ਬਨਾਰਸ ਤੋਂ ਬੋਰ ਹੋ ਗਿਆ ਹਾਂ। ਸਭ ਮਿੱਤਰ ਵਿੱਛੜ ਗਏ ਹਨ। ਪੁਰਾਣਾ ਅੱਡਾ ਉੱਜੜ ਗਿਆ ਹੈ, ਸਭ ਕੁਝ ਬਿੱਖਰ ਗਿਆ ਹੈ। ਤੇਰੇ ਜਾਣ ਤੋਂ ਬਾਦ ਹੀ ਪਾਰਟੀ ਦਾ ਕੰਮ ਢਿੱਲਾ ਪੈਂਦਾ ਗਿਆ। ਲੋਕ ਇਕ-ਇਕ ਕਰਕੇ ਟੁੱਟਦੇ ਗਏ। ਮੈਂ ਇਕੱਲਾ ਰਹਿ ਗਿਆ ਅਤੇ ਪੂਰੇ ਇਕ ਸਾਲ ਤੱਕ ਬਨਾਰਸ ਦੀਆਂ ਗਲੀਆਂ ਵਿਚ ਖ਼ਾਕ ਛਾਣਦਾ ਰਿਹਾ।' ਮੈਂ ਥੋੜਾ ਉਦਾਸ ਹੋ ਗਿਆ।

'ਕਲਕੱਤੇ ਜਾਕੇ ਕੀ ਕਰੋਗੇ ? ਉਥੇ ਤਾਂ ਹਲਾਤ ਹੋਰ ਵੀ ਖ਼ਰਾਬ ਹਨ। ਕਲਕੱਤੇ ਨੇ ਹੀ ਤਾਂ ਪਿਤਾ ਜੀ ਨੂੰ ਇਸ ਹੱਦ ਤੱਕ ਤਰਸਯੋਗ ਬਣਾ ਦਿੱਤਾ ਹੈ।'

'ਕਿਉਂ, ਏਹੋ ਜੇਹੀ ਕਿਹੜੀ ਗੱਲ ਸੀ ?'

'ਨਿਤਨ ਦਾਦਾ (ਭਰਾ) ਨਹੀਂ ਰਹੇ।' ਸੁਚਿਤਰਾ ਦੀ ਅਵਾਜ਼ ਭਰ ਗਈ ਸੀ।

'ਕਿਉਂ ? ਕੀ ਦਾਦਾ ਨੂੰ...?' ਮੈਂ ਹੈਰਾਨ ਹੋ ਗਿਆ।

'ਹਾਂ, ਦਾਦਾ ਨੂੰ ਉਹਨਾਂ ਲੋਕਾਂ ਨੇ ਬੇਰਹਿਮੀ ਨਾਲ ਗੋਲੀ ਨਾਲ ਉੱਡਾ ਦਿੱਤਾ। ਸਾਨੂੰ ਤਾਂ ਲਾਸ਼ ਤੱਕ ਨਹੀਂ ਮਿਲੀ। ਪਿਤਾ ਜੀ ਨੂੰ ਪੁਲਸ ਲੈ ਗਈ ਸੀ। ਉਹਨਾਂ ਨੇ ਦਾਦਾ ਦੀ ਲਾਸ਼ ਪਛਾਨਣ ਤੋਂ ਇਨਕਾਰ ਕਰ ਦਿੱਤਾ ਸੀ। ਸਿਰਫ ਮੇਰੀ ਖਾਤਰ, ਤਾਂ ਜੋ ਬਾਦ ਵਿਚ ਪੁਲਸ ਤੰਗ ਨਾ ਕਰੇ।' ਮੈਂ ਵੇਖਿਆ, ਸੁਚਿਤਰਾ ਜ਼ਬਰਦਸਤੀ ਆਪਣਾ ਰੋਣ ਰੋਕ ਰਹੀ ਹੈ।

'ਪਿਤਾ ਜੀ ਕਿੱਥੇ ਹਨ ?'

'ਉਪਰ ਵਾਲੀ ਬਰਥ ਤੇ ਸੌਂ ਰਹੇ ਹਨ। ਹੁਣ ਤਾਂ ਲਗਪਗ ਇਕ ਸਾਲ ਹੋ ਗਿਆ ਹੈ, ਉਹ ਬਹੁਤ ਹੱਦ ਤੱਕ ਤੰਦਰੁਸਤ ਹਨ। ਤੁਸੀਂ ਆਪਣੀ ਸੁਣਾਉ, ਹੁਣ ਤੱਕ ਕੀ ਕਰਦੇ ਰਹੇ ?'

'ਤੁਹਾਡੇ ਬਨਾਰਸ ਛੱਡਣ ਤੋਂ ਬਾਦ ਮੈਂ ਹੌਲੀ-ਹੌਲੀ ਇਕੱਲਾ ਰਹਿ ਗਿਆ। ਏਧਰ ਇਕ ਸਾਲ ਵਿਚ ਬਹੁਤ ਤਬਦੀਲੀਆਂ ਆਈਆਂ ਹਨ। ਵੇਖੋ ਨਾ ਦਾਦਾ ਵੀ ਤਾਂ ਨਹੀਂ ਰਹੇ।' ਮੈਂ ਲਗਾਤਾਰ ਅੰਦਰ-ਹੀ-ਅੰਦਰ ਟੁੱਟ ਰਿਹਾ ਸਾਂ।

ਗੱਡੀ ਪੂਰੀ ਰਫ਼ਤਾਰ ਨਾਲ ਦੌੜੀ ਜਾ ਰਹੀ ਸੀ। ਮੈਂ ਮਨ ਹੀ ਮਨ ਬੇਹੱਦ ਦੁੱਖੀ ਸਾਂ। ਹਾਲਾਂਕਿ ਕਲਕੱਤੇ ਬਾਰੇ ਸਭ ਕੁਝ ਜਾਣਦਿਆਂ ਹੋਇਆਂ ਵੀ ਮੈਂ ਕਲਕੱਤੇ ਜਾ ਰਿਹਾਸਾਂ ਲੇਕਿਨ ਇਹ ਵਿਸ਼ਵਾਸ ਨਹੀਂ ਕਿ ਨਿਤਨ ਦਾਦਾ ਨਹੀਂ ਹੋਣਗੇ।

ਗੱਡੀ ਦੀ ਰਫ਼ਤਾਰ ਦੇ ਨਾਲ ਨਾਲ ਮੇਰੀਆਂ ਅੱਖਾਂ ਸਾਹਮਣਿਉਂ ਅੱਜ ਤੋਂ ਚਾਰ ਸਾਲ ਪਹਿਲਾਂ ਦੀਆਂ ਸਾਰੀਆਂ ਯਾਦਾਂ ਘੁੰਮ ਗਈਆਂ। ਨਿਤਨ ਦਾਦਾ ਕਲਕੱਤੇ ਤੋਂ ਬਨਾਰਸ ਆਏ ਸਨ। ਉਹ ਪਹਿਲੇ ਆਦਮੀ ਸਨ ਜਿਨ੍ਹਾਂ ਨੇ ਕਲਕੱਤੇ ਦੇ ਨੌਜਵਾਨਾਂ ਦੇ ਬਾਰੇ ਵਿਚ ਸਾਨੂੰ ਦੱਸਿਆ ਸੀ। ਸੁਚਿਤਰਾ ਮੇਰੇ ਨਾਲ ਹੀ ਪੜ੍ਹਦੀ ਸੀ। ਜਮਾਤ ਵਿਚ ਸਿਰਫ ਸੁਚਿਤਰਾ ਹੀ ਮੇਰੇ ਵਿਚਾਰਾਂ ਤੋਂ ਜਾਣੂ ਸੀ। ਉਸੇ ਨੇ ਹੀ ਇਕ ਦਿਨ ਦੱਸਿਆ ਕਿ ਉਸ ਦਾ ਭਰਾ ਕਲਕੱਤੇ ਤੋਂ ਆਇਆ ਹੈ ਅਤੇ ਉਹ ਇਸੇ ਵਿਚਾਰਧਾਰਾ ਲਈ ਪਿਛਲੇ ਸਾਲਾਂ ਤੋਂ ਕੰਮ ਕਰ ਰਿਹਾ ਹੈ। ਪਹਿਲਾ ਇੰਨਜੀਨੀਅਰ ਸੀ ਅਤੇ ਉਸਨੇ ਇਸੇ ਕੰਮ ਲਈ ਨੌਕਰੀ ਤੱਕ ਛੱਡ ਦਿੱਤੀ। ਮੇਰੀ ਅਤੇ ਨਿਤਨ ਦਾਦਾ ਦੀ ਪਹਿਲੀ ਮੁਲਾਕਾਤ ਸੁਚਿਤਰਾ ਰਾਹੀਂ ਉਹਨਾਂ ਦੇ ਘਰ ਹੀ ਹੋਈ ਸੀ।

ਮੈਨੂੰ ਇਸ ਵੇਲੇ ਵੀ ਨਿਤਨ ਦਾਦਾ ਦਾ ਗਰਮ-ਜੋਸ਼ੀ ਨਾਲ ਹੱਥ ਮਿਲਾਉਣਾ ਬੜੀ ਚੰਗੀ ਤਰ੍ਹਾਂ ਯਾਦ ਹੈ। ਉਹਨਾਂ ਨੇ ਸਭ ਤੋਂ ਪਹਿਲਾਂ ਇਹੀ ਕਿਹਾ ਸੀ, 'ਤੇਰੇ ਬਾਰੇ ਸੁਚਿਤਰਾ ਨੇ ਸਭ ਕੁਝ ਦੱਸ ਦਿੱਤਾ ਹੈ, ਤੁਸੀਂ ਕੁਲ ਕਿੰਨੇ ਕੁ ਜੇ ?' ਦਾਦਾ ਇਸ ਤਰ੍ਹਾਂ ਪੁੱਛ ਰਹੇ ਸਨ ਜਿਵੇਂ ਸਾਲਾਂ ਤੋਂ ਮੈਨੂੰ ਜਾਣਦੇ ਹੋਣ।

'ਪੰਦਰਾਂ ਵੀਹ ਤਾਂ ਹਾਂ ਹੀ। ਹੋਰ ਵੀ ਆ

ਜਾਣਗੇ। ਬਹੁਤ ਸਾਰੇ ਲੋਕਾਂ ਅੰਦਰ ਇਕ ਅੱਗ ਬਲ ਰਹੀ ਹੈ। ਬਹੁਤ ਸਾਰਿਆਂ ਨੂੰ ਆਪਣੇ ਦੇਸ਼ ਨਾਲ ਡੂੰਘੀ ਮੁਹੱਬਤ ਹੈ।' ਮੈਂ ਵੀ ਉਸੇ ਗਰਮਜੋਸ਼ੀ ਨਾਲ ਨਿਤਨ ਦਾਦਾ ਨੂੰ ਦੱਸਿਆ ਸੀ। ਇਸਦੇ ਬਾਦ ਤਾਂ ਮੁਲਾਕਾਤਾਂ ਦਾ ਸਿਲਸਿਲਾ ਤੁਰ ਪਿਆ। ਸੁਚਿਤਰਾ ਨਾਲ ਇਸੇ ਦੌਰਾਨ ਮੇਰੀ ਸਾਂਝ ਵਧਦੀ ਗਈ। ਸਾਡੇ ਨਾਲ ਸੁਚਿਤਰਾ ਵੀ ਜੁੜਦੀ ਜਾ ਰਹੀ ਸੀ।

ਮੀਟਿੰਗ, ਕੰਮ ਅਤੇ ਕੰਮ। ਸਾਨੂੰ ਸਿਰਫ਼ ਇਹੋ ਯਾਦ ਰਹਿ ਗਿਆ ਸੀ। ਸਾਡੀ ਟੋਲੀ ਵਧਦੀ ਜਾ ਰਹੀ ਸੀ। ਗਿਣਤੀ ਵਿਚ ਹਰ ਰੋਜ਼ ਵਾਧਾ ਹੋ ਰਿਹਾ ਹੈ। ਨਿਤਨ ਦਾਦਾ ਖੁਸ਼ ਸਨ, ਬੇਹੱਦ ਖੁਸ਼ ! ਮੇਰੀਆਂ ਯਾਦਾਂ ਦਾ ਸਿਲਸਿਲਾ ਸੁਚਿਤਰਾ ਨੇ ਤੋੜਿਆ, 'ਲੱਗਦਾ ਏ, ਤੁਸੀਂ ਕਿਤੇ ਗੁਆਚ ਗਏ ਹੋ ?'

'ਹਾਂ ਸੁਚਿਤਰਾ, ਨਿਤਨ ਦਾਦਾ ਦੀ ਯਾਦ ਵਿਚ। ਜੇ ਕਿਸੇ ਨੇ ਉਹਨਾਂ ਨੂੰ ਸਭ ਤੋਂ ਜ਼ਿਆਦਾ ਤਕਲੀਫ਼ ਪੁਚਾਈ ਸੀ ਤਾਂ ਉਹ ਮੈਂ ਸਾਂ। ਮੈਂ ਹੁਣ ਵੀ ਨਿਤਨ ਦਾਦਾ ਤੋਂ ਅੱਡ ਢੰਗ ਨਾਲ ਸੋਚਦਾ ਹਾਂ ਲੇਕਿਨ ਨਿਤਨ ਦਾਦਾ ਦੇ ਅੰਦਰ ਇਸ ਦੇਸ਼ ਪ੍ਰਤੀ ਮੋਹ ਦੇਖਕੇ ਮੈਂ ਖੁਦ ਕਈ ਵਾਰ ਆਪਣੇ ਕੰਮ ਤੇ ਖਿੱਝ ਉਠਿਆ ਹਾਂ।' ਇਹ ਜਾਣਦਿਆਂ ਹੋਇਆਂ ਕਿ ਨਿਤਨ ਦਾਦਾ ਨਾਲ ਮੈਂ ਸਹਿਮਤ ਨਹੀਂ ਸੀ। ਮੈਂ ਸ਼ਾਇਦ ਭਾਵੁਕ ਹੋ ਰਿਹਾ ਸਾਂ।

'ਵੇਖਿਉ ਖਾਂ ਕਿਹੜਾ ਸਟੇਸ਼ਨ ਆ ਰਿਹਾ ਏ ! ਪਿਤਾ ਜੀ ਲਈ ਕੁਝ ਫਲ ਮਿਲ ਜਾਣ ਤਾਂ ਬੇਹਤਰ ਹੋਵੇਗਾ।' ਸੁਚਿਤਰਾ ਖਿੜਕੀ ਤੋਂ ਬਾਹਰ ਝਾਕਣ ਲੱਗੀ।

ਕੋਈ ਛੋਟਾ ਜਿਹਾ ਸਟੇਸ਼ਨ ਸੀ। ਮੈਂ ਉਤਰ ਕੇ ਏਧਰ-ਓਧਰ ਵੇਖਿਆ, ਪਰ ਕੋਈ ਫਲ ਵੇਚਣ ਵਾਲਾ ਨਹੀਂ ਮਿਲਿਆ। ਮੈਂ ਡੱਬੇ ਵਿਚ ਵਾਪਸ ਆ ਗਿਆ।

'ਛੋਟਾ ਸਟੇਸ਼ਨ ਏ। ਇਥੇ ਫਲ ਨਹੀਂ ਮਿਲਣੇ। ਅੱਗੇ ਵੇਖ ਲਵਾਂਗੇ ? ਮੈਂ ਸੁਚਿਤਰਾ ਨੂੰ ਦਸ ਦਿੱਤਾ।

ਗੱਡੀ ਹੌਲੀ ਹੌਲੀ ਸਰਕਣ ਲੱਗੀ। ਸੁਚਿਤਰਾ ਨੇ ਝੋਲੇ ਵਿਚੋਂ ਕੁਝ ਪੂਰੀਆਂ ਕੱਢੀਆਂ ਅਤੇ ਮੈਨੂੰ ਦੇਂਦੀ ਹੋਈ ਕਹਿਣ ਲੱਗੀ, 'ਕਾਨਪੁਰ ਤੋਂ ਲਈਆਂ ਸਨ, ਤੁਸੀਂ ਵੀ ਲਵੋ।'

ਦੋ ਪੂਰੀਆਂ ਲੈ ਕੇ ਮੈਂ ਹੌਲੀ-ਹੌਲੀ ਖਾ ਰਿਹਾ ਸਾਂ ਅਤੇ ਯਾਦ ਕਰ ਰਿਹਾ ਸਾਂ, ਕੰਮ ਕਰਦਿਆਂ-ਕਰਦਿਆਂ ਸਾਡੇ ਅਤੇ ਨਿਤਨ ਦਾਦਾ ਦੇ ਵਿਚਾਰਾਂ ਵਿਚ ਹੌਲੀ-ਹੌਲੀ ਫਰਕ ਪੈਣ ਲੱਗਾ ਸੀ। ਪਾਰਟੀ ਵਿਚ ਹੀ ਦੋ ਗਰੁੱਪ ਹੋ ਗਏ ਸਨ। ਇਕ ਪਾਸੇ ਮੈਂ ਸੀ ਦੂਸਰੇ ਪਾਸੇ ਨਿਤਨ ਦਾਦਾ ਸਨ। ਹਾਲਾਂ ਕਿ ਅਸੀਂ ਰੋਜ਼ ਹੀ ਮਿਲਦੇ ਸਾਂ ਲੇਕਿਨ ਫਾਸਲਾ ਦਿਨ-ਬ-ਦਿਨ ਵਧਦਾ ਜਾ ਰਿਹਾ ਸੀ। ਜਮਾਤ ਤੋਂ ਬਾਦ ਸੁਚਿਤਰਾ ਮੇਰੇ ਕੋਲ ਰੋਜ਼ ਹੀ ਆਉਂਦੀ ਸੀ। ਉਹ ਚਾਹੁੰਦੀ ਸੀ ਕਿ ਸਾਡੇ ਅਤੇ ਨਿਤਨ ਦਾਦਾ ਵਿਚ ਵਧ ਰਹੀ ਖਾਈ ਘੱਟ ਜਾਵੇ। ਮੈਂ ਸੁਚਿਤਰਾ ਨੂੰ ਕਿਹਾ ਸੀ, 'ਸੁਚਿਤਰਾ ਇਹ ਸਾਡੇ ਅਤੇ ਦਾਦਾ ਦਰਮਿਆਨ ਨਿੱਜੀ ਝਗੜਾ ਨਹੀਂ। ਦਾਦਾ ਨੂੰ ਮੈਂ ਹੁਣ ਵੀ ਓਨਾ ਹੀ ਪਿਆਰ ਕਰਦਾ ਹਾਂ, ਪਰ ਸਿਧਾਂਤਾਂ ਤੇ ਸਮਝੌਤਾ ਨਹੀਂ ਕਰ ਸਕਦਾ। ਤੂੰ ਦਾਦਾ ਨੂੰ ਕਹਿ ਦੇਈਂ, ਅਸੀਂ ਅੱਠ ਮਹੀਨੇ ਇਕੱਠੇ ਰਹੇ ਹਾਂ ਪਰ ਹੁਣ ਸਾਡਾ ਕੰਮ ਕਰਨ ਦਾ ਤਰੀਕਾ ਦਾਦਾ ਤੋਂ ਵੱਖਰਾ ਏ।'

ਇਸ ਦੇ ਬਾਦ ਸੁਚਿਤਰਾ ਨਹੀਂ ਆਈ, ਨਾ ਜਮਾਤ ਵਿਚ ਨਾ ਮੇਰੇ ਕੋਲ, ਨਾ ਹੀ ਕਵਾਟਰ 'ਚ। ਤਿੰਨ-ਚਾਰ ਦਿਨਾਂ ਬਾਦ ਮੈਂ ਖੁਦ ਸੁਚਿਤਰਾ ਦੇ ਘਰ ਗਿਆ। ਸੁਚਿਤਰਾ ਦੀ ਮਾਮੀ ਨੇ ਦੱਸਿਆ ਕਿ ਨਿਤਨ ਦਾਦਾ ਅਤੇ ਸੁਚਿਤਰਾ ਪਾਸੋਂ ਹੀ ਕਲਕੱਤੇ ਚਲੇ ਗਏ ਹਨ। ਮੈਂ ਚੁਪ-ਚਾਪ ਵਾਪਸ ਮੁੜ ਆਇਆ। ਇਸਦੇ ਬਾਦ ਤਾਂ ਫਿਰ ਇਕ-ਇਕ ਕਰਕੇ ਸਾਰੇ ਚਲੇ ਗਏ ਅਤੇ ਮੈਂ ਇਕੱਲਾ ਬਨਾਰਸ ਵਿਚ ਰਹਿ ਗਿਆ।

'ਤੁਸੀਂ ਕਦੀ ਬਨਾਰਸ ਸਾਡੇ ਘਰ ਗਏ ਸੋ ?'

'ਹਾਂ ਤੁਹਾਡੇ ਬਨਾਰਸ ਛੱਡਣ ਦੇ ਚਾਰ ਦਿਨ ਬਾਦ ਗਿਆ ਸਾਂ। ਤੁਹਾਡੇ ਬਨਾਰਸ ਛੱਡਣ ਤੇ ਦੁੱਖੀ ਸਾਂ। ਸਿਧਾਂਤਾਂ ਦੀ ਗੱਲ ਸੋਚ ਕੇ ਮੈਂ ਆਪਣੇ ਆਪ ਨਾਲ ਸਮਝੌਤਾ ਕਰ ਲਿਆ ਅਤੇ ਮੰਨ ਲਿਆ ਕਿ ਨਿਤਨ ਦਾਦਾ ਨੂੰ ਕਦੀ ਨਾ ਕਦੀ ਬਨਾਰਸ ਛੱਡਣਾ ਪੈਣਾ ਸੀ ਜਾਂ ਫਿਰ ਉਹਨਾਂ ਨੂੰ ਆਪਣਾ ਕੰਮ ਕਰਨ ਦਾ ਢੰਗ ਬਦਲਣਾ ਹੀ ਪੈਣਾ ਸੀ। ਮੈਨੂੰ ਤੇਰਾ ਚਲੇ ਜਾਣਾ ਨਹੀਂ ਸੀ ਜਰਿਆ ਅਤੇ ਨਾ ਹੀ ਕੋਈ ਕਾਰਨ ਸਮਝ ਆਇਆ ਸੀ।'

'ਗੱਲ ਇਹ ਸੀ ਕਿ ਦਾਦਾ ਨੌਕਰੀ ਛੱਡ ਚੁੱਕੇ ਸਨ। ਉਹ ਮੈਨੂੰ ਕਲਕੱਤੇ ਲਿਆ ਕੇ ਪਿਤਾ ਜੀ ਵੱਲੋਂ ਬੇਫਿਕਰ ਹੋ ਜਾਣਾ ਚਾਹੁੰਦੇ ਸਨ...ਤੁਹਾਨੂੰ ਇਕ ਗੱਲ ਦਸਾਂ ? ਨਿਤਨ ਦਾਦਾ ਉਸ ਰਾਤ ਖੂਬ ਰੋਏ ਸਨ ਜਿਸ ਰਾਤ ਅਸੀਂ ਬਨਾਰਸ ਛੱਡ ਰਹੇ ਸਾਂ। ਉਹ ਸਿਰਫ਼ ਤੁਹਾਡੇ ਬਾਰੇ ਗੱਲਾਂ ਕਰ ਰਹੇ ਸਨ ਅਤੇ ਜਦ ਤੁਹਾਡੇ ਕੋਲੋਂ ਬਹੁਤ ਦੂਰ ਨਿਕਲ ਆਏ ਤਾਂ ਮੈਨੂੰ ਕਿਹਾ ਕਿ...।' ਏਨਾ ਕਹਿੰਦੇ ਹੋਏ ਸੁਚਿਤਰਾ ਦਾ ਗੱਲ ਭਰ ਆਇਆ।

'ਸੁਚਿਤਰਾ, ਮੈਂ ਜਾਣਦਾ ਹਾਂ, ਦਾਦਾ ਉੱਚੇ 'ਕੈਲੀਬਰ' ਦੇ ਸਨ। ਦਾਦਾ ਤਪਿਆ ਹੋਇਆ ਸੋਨਾ ਸਨ। ਮੈਂ ਅਜੇ ਤੱਕ ਵੀ ਨਹੀਂ ਸਮਝ ਸਕਿਆ ਕਿ ਦਾਦਾ ਠੀਕ ਸਨ ਜਾਂ ਮੈਂ। ਐਨਾ ਤਾਂ ਤੂੰ ਵੀ ਮੰਨੇਗੀ ਕਿ ਕਿਤੇ ਨਾ ਕਿਤੇ ਜ਼ਰੂਰ ਗਲਤੀਆਂ ਹੋ ਰਹੀਆਂ ਸਨ। ਜਿਸਦਾ ਨਤੀਜਾ ਵੇਖ ਰਹੀ ਏਂ ਨਾ। ਸਾਰੇ ਦੀ ਸਾਰੀ ਲਹਿਰ ਖਤਮ ਹੋ ਗਈ ਜਾਂ ਫਿਰ ਖਤਮ ਹੋ ਰਹੀ ਏ।'

'ਹਾਂ, ਇਹ ਠੀਕ ਏ। ਦਾਦਾ ਵੀ ਕਲਕੱਤੇ ਆ

ਕੇ ਕੰਮ ਕਰਨ ਦਾ ਤਰੀਕਾ ਬਦਲ ਰਹੇ ਸਨ, ਲੇਕਿਨ ਇਸੇ ਦੌਰਾਨ...। ਖ਼ੈਰ, ਤੁਸੀਂ ਇਹ ਦਸੋ, ਕਲਕੱਤੇ ਰਹੋਗੇ ਕਿੱਥੇ ?'

'ਮੇਰਾ ਇਕ ਬਚਪਨ ਦਾ ਦੋਸਤ ਹੈ, ਉਸ ਕੋਲ ਠਹਿਰਣ ਦਾ ਵਿਚਾਰ ਹੈ।'

'ਬੇਹਤਰ ਹੁੰਦਾ, ਜੇ ਤੁਸੀਂ ਸਾਡੇ ਕੋਲ ਠਹਿਰਦੇ। ਮੈਂ ਵੀ ਇਕੱਲੀ ਤੰਗ ਆ ਗਈ ਹਾਂ। ਨਿਤਨ ਦਾਦਾ ਦੇ ਕਮਰੇ ਵਿਚ ਹੁਣ ਤਾਂ ਜਾਣ ਨੂੰ ਮਨ ਨਹੀਂ ਕਰਦਾ। ਕਲਕੱਤੇ ਦਾ ਮੋਹ ਤਾਂ ਖਤਮ ਨਹੀਂ ਹੋਇਆ। ਦਾਦਾ ਦੀ ਬਹੁਤ ਯਾਦ ਆਉਂਦੀ ਹੈ...।' ਸੁਚਿਤਰਾ ਨੇ ਥੋੜਾ ਰੁਕ ਕੇ ਕਿਹਾ—'ਪਿਤਾ ਜੀ ਮਕਾਨ ਵੇਚਣਾ ਚਾਹੁੰਦੇ ਸਨ। ਮੈਂ ਹੀਂ ਮਨ੍ਹਾਂ ਕਰ ਦਿੱਤਾ.. ਮੈਂ ਕਲਕੱਤੇ ਹੀ ਰਹਾਂਗੀ। ਆਖ਼ਰ ਦਾਦਾ ਇਸੇ ਸ਼ਹਿਰ ਵਿਚ ਕੁਰਬਾਨ ਹੋਏ ਸਨ ਨਾ...?' ਸੁਚਿਤਰਾ ਫਿਰ ਰੋਣ ਨੂੰ ਤਿਆਰ ਬੈਠੀ ਸੀ।

ਮੈਂ ਚੁੱਪ ਸੀ। ਮੈਨੂੰ ਚੁੱਪ ਵੇਖਕੇ ਉਸਨੇ ਫਿਰ ਪੁੱਛਿਆ, 'ਸਾਡੇ ਕੋਲ ਰੁਕਣ ਨਾਲ ਕੋਈ ਪਰੇਸ਼ਾਨੀ ਤਾਂ ਨਹੀਂ ਹੋਵੇਗੀ ?'

'ਨਹੀਂ, ਕੋਈ ਪਰੇਸ਼ਾਨੀ ਨਹੀਂ। ਮੈਂ ਤੁਹਾਡੇ ਕੋਲ ਹੀ ਠਹਿਰਾਂਗਾ...ਦਾਦਾ ਦੇ ਕਮਰੇ ਵਿਚ...।' ਸ਼ਾਇਦ ਮੈਂ ਵੀ ਭਾਵਕ ਹੋ ਗਿਆ ਸਾਂ।

ਗੱਡੀ ਆਪਣੀ ਤੋਰੇ ਤੁਰੀ ਜਾ ਰਹੀ ਸੀ। ਸਾਡੀਆਂ ਗੱਲਾਂ ਦਾ ਐਸਾ ਸਿਲਸਿਲਾ ਚਲਿਆ ਕਿ ਸਮੇਂ ਦਾ ਖ਼ਿਆਲ ਹੀ ਨਹੀਂ ਰਿਹਾ ਅਤੇ ਨਾ ਹੀ ਇਹ ਯਾਦ ਰਿਹਾ ਕਿ ਸੁਚਿਤਰਾ ਦੇ ਪਿਤਾ ਜੀ ਲਈ ਫਲ ਵੀ ਲੈਣੇ ਹਨ। ਮੈਂ ਵਾਪਸ ਪਰਤਿਆ—'ਸੁਚਿਤਰਾ, ਫਲਾਂ ਲਈ ਤੂੰ ਕਿਹਾ ਸੀ, ਗੱਲਾਂ ਵਿਚ ਯਾਦ ਹੀ ਨਹੀਂ ਰਿਹਾ।'

'ਛੱਡੋ, ਰਾਤ ਪੈ ਗਈ ਏ। ਰਾਤ ਫਲਾਂ ਦੀ ਜ਼ਰੂਰਤ ਵੀ ਨਹੀਂ। ਪਿਤਾ ਜੀ ਅਜੇ ਵੀ ਸੌਂ ਰਹੇ ਹਨ। ਦਰਅਸਲ ਤਿੰਨਾਂ ਦਿਨਾਂ ਤੋਂ ਠੀਕ ਤਰ੍ਹਾਂ ਸੌਂ ਨਹੀਂ ਸਕੇ...ਹੁਣ ਕੀ ਵਜਿਆ ਏ ?'

ਮੈਂ ਘੜੀ ਵੇਖੀ—'ਗਿਆਰਾਂ ਵਜਣ ਵਾਲੇ ਨੇ... ਤੂੰ ਥੋੜਾ ਸੌਂ ਜਾ...ਮੈਨੂੰ ਤਾਂ ਗੱਡੀ ਵਿਚ ਵੈਸੇ ਵੀ ਨੀਂਦ ਨਹੀਂ ਆਉਂਦੀ।

'ਹਾਂ, ਕੁਝ ਥਕਾਵਟ ਜਾਪ ਰਹੀ ਏ। ਮੈਂ ਜ਼ਰਾ ਅੱਖ ਲਾ ਲਵਾਂ...।' ਸੁਚਿਤਰਾ ਨੇ ਏਨਾ ਕਹਿ ਕੇ ਖਿੜਕੀ ਨਾਲ ਸਿਰ ਟਿਕਾ ਲਿਆ।

'ਬਾਹਰੋਂ ਹਵਾ ਆ ਰਹੀ ਏ। ਤੂੰ ਚਾਹੇ ਤਾਂ ਖਿੜਕੀ ਬੰਦ ਕਰ ਲੈ, ਹੁਣ ਤਾਂ ਸਰਦੀ ਵੀ ਸ਼ੁਰੂ ਹੋ ਗਈ ਹੈ।'

ਸੁਚਿਤਰਾ ਨੇ ਖਿੜਕੀ ਦਾ ਸ਼ੀਸ਼ਾ ਸੁੱਟ ਲਿਆ ਤੇ ਅੱਖਾਂ ਮੀਟ ਲਈਆਂ।

ਮੈਂ ਮੈਗਜ਼ੀਨ ਪੜ੍ਹਨ ਲੱਗਾ। ਪੂਰੇ ਡੱਬੇ ਵਿਚ ਖ਼ਾਮੋਸ਼ੀ ਸੀ। ਆਪਣੀ-ਆਪਣੀ ਬਰਥ ਤੇ ਜਾਂ ਤਾਂ ਲੋਕ ਸੌਂ ਚੁੱਕੇ ਸਨ ਜਾਂ ਸੌਂ ਰਹੇ ਸਨ। ਗੱਡੀ ਛੁਕ-ਛੁਕ ਦੀ ਅਵਾਜ਼ ਨਾਲ ਭੱਜੀ ਜਾ ਰਹੀ ਸੀ।

ਸੁਚਿਤਰਾ ਖਿੜਕੀ ਨਾਲ ਸਿਰ ਟਿਕਾਈ ਸੌਂ ਰਹੀ ਸੀ। ਮੈਂ ਵੀ ਆਪਣੀ ਚਾਦਰ ਲੈ ਕੇ ਲੇਟ ਕੇ ਪੜ੍ਹਨਾ ਚਾਹੁੰਦਾ ਸਾਂ। ਜਿਉਂ-ਜਿਉਂ ਰਾਤ ਪੈ ਰਹੀ ਸੀ ਠੰਡ ਵਧਦੀ ਜਾ ਰਹੀ ਸੀ। ਮੈਂ ਚਾਦਰ ਕੱਢ ਲਈ ਸੀ ਪਰ ਵੇਖਿਆ ਸੁਚਿਤਰਾ ਸੌਂ ਤਾਂ ਗਈ ਸੀ ਪਰ ਕਦੀ ਕਦੀ ਠੰਡ ਨਾਲ ਕੱਠੀ ਜਿਹੀ ਹੋ ਜਾਂਦੀ ਸੀ। ਮੈਂ ਚਾਦਰ ਸੁਚਿਤਰਾ ਤੇ ਪਾ ਦਿੱਤੀ ਅਤੇ ਆਪ ਬੈਠ ਕੇ ਪੜ੍ਹਨ ਲੱਗਾ।

ਥੋੜੀ ਦੇਰ ਬਾਦ ਪਤਾ ਨਹੀਂ ਕੀ ਹੋਇਆ ਕਿ ਇਕ ਸ੍ਰੀਮਾਨ ਜੀ ਟਾਇਲੇਟ ਵੱਲੋਂ ਮੁੜ ਰਹੇ ਸਨ ਕਿ ਧੜੰਮ ਕਰਕੇ ਮੂੰਹ-ਭਾਰ ਜਾ ਪਏ। ਫੇਰ ਫੁਰਤੀ ਨਾਲ ਉਠ ਕੇ ਪਿੱਛੇ ਮੁੜੇ। ਉਹਨਾਂ ਦੇ ਡਿੱਗਣ ਦੀ ਅਵਾਜ਼ ਨਾਲ ਤਾਂ ਸ਼ਾਇਦ ਕੋਈ ਨਾ ਜਾਗਦਾ, ਪਰ ਜਦੋਂ ਉਹ ਗ਼ਲਤ ਅੰਗਰੇਜ਼ੀ ਵਿਚ ਚੀਖ਼-ਚੀਖ਼ ਕੇ ਗਾਲਾਂ ਕੱਢਣ ਲੱਗੇ ਤਾਂ ਸਾਰਾ ਡੱਬਾ ਉਂਘਦਾ ਹੋਇਆ ਉੱਠ ਬੈਠਾ। ਸ੍ਰੀ ਮਾਨ ਜੀ ਮੇਰੇ ਸੱਜੇ ਵਾਲੇ ਸਾਈਡ ਬਰਥ ਦੇ ਯਾਤਰੀ ਸਨ। ਮੈਂ ਜਲਦੀ ਨਾਲ ਉਠ ਕੇ ਉਹਨਾਂ ਕੋਲ ਪਹੁੰਚ ਕੇ ਵੇਖਿਆ, ਉਹ ਸੋਲਾਂ-ਸਤਾਰਾਂ ਸਾਲ ਦੇ ਮੁੰਡੇ ਨੂੰ ਕਾਲਰੋਂ ਫੜੀ 'ਬਾਸਟਰਡ-ਬਾਸਟਰਡ' ਚੀਖ਼ ਰਹੇ ਸਨ।

ਇਕ ਦੋ ਹੋਰ ਵੀ ਮੁਸਾਫਰ ਕੋਲ ਆ ਕੇ ਮਾਜਰਾ ਵੇਖ ਰਹੇ ਸਨ। ਮੈਂ ਪਹਿਲਾਂ ਤਾਂ ਸ੍ਰੀ ਮਾਨ ਜੀ ਦੀ ਪਕੜ ਵਿਚੋਂ ਮੁੰਡੇ ਦਾ ਕਾਲਰ ਛੁਡਾਇਆ ਫਿਰ ਪੁੱਛਿਆ ਕਿ ਗੱਲ ਕੀ ਹੈ ? ਸ੍ਰੀ ਮਾਨ ਜੀ ਕੁਝ ਦਸ ਨਹੀਂ ਸਨ ਰਹੇ, ਬਸ ਇਕ ਹੀ ਰੌਂ ਵਿਚ 'ਬਾਸਟਰਡ-ਬਾਸਟਰਡ' ਬਕੀ ਜਾ ਰਹੇ ਸਨ।

'ਆਖਰ ਗੱਲ ਕੀ ਏ ਸ੍ਰੀ ਮਾਨ ਜੀ ?' ਮੈਂ ਉਹਨਾਂ ਨੂੰ ਪਰੇ ਹਟਾਉਂਦੇ ਹੋਏ ਪੁੱਛਿਆ।

'ਹੀ ਇਜ਼ ਇਡੀਅਟ, ਹੀ ਨੋਜ਼...ਹੀ ਨੋਜ਼...ਆ ਐਮ ਕਮਿੰਗ...ਬਟ...ਬਟ ਹੀ ਬਾਸਟਰਡ...ਯੂ ਸੀ...।' ਮੈਨੂੰ ਇਸ ਖ਼ੂਬਸੂਰਤ ਅੰਗਰੇਜ਼ੀ ਤੇ ਹਾਸਾ ਵੀ ਆ ਰਿਹਾ ਸੀ ਤੇ ਗੁੱਸਾ ਵੀ।

'ਆਈ ਸਪੋਜ਼, ਹੀ ਇਜ਼ ਇਡੀਅਟ ਐਂਡ ਬਾਸ-ਟਰਡ, ਬਟ ਜੇਂਟਿਲਮੈਨ ਵਾਟ ਹੈਜ ਹੈਪੰਡ ?'

ਮੈਨੂੰ ਵੀ ਅੰਗਰੇਜ਼ੀ ਬੋਲਦਾ ਵੇਖਕੇ ਸ੍ਰੀ ਮਾਨ ਜੀ ਅਸਮਾਨ ਤੋਂ ਜ਼ਮੀਨ ਤੇ ਉਤਰ ਆਏ, 'ਭਾਈ ਸਾਹਬ, ਈ ਸਾਲਾ ਗਾਡੀ ਹੈ ਕੀ ਬੈਲਗਾਡੀ। ਜਿਸਕੇ ਮਨ ਮੇਂ ਆਤਾ ਹੈ ਵਹੀ ਥੀਰੀ ਟਾਯਰ ਮੇਂ ਚੜ੍ਹ ਕਰ ਬਈਠ

ਜਾਤਾ ਹੈ। ਈ ਸਾਲਾ ਚੀਕਟ ਕੇ ਆਪ ਦੇਖਤੇ ਹੈ ਨ; ਸਸੁਰਾ ਲਾਟਰਿਨ ਕੇ ਪਾਸ ਸੋਯਾ ਹੁਆ ਥਾ। ਦੇਖਿਯੇਗਾ ਇਸਕੇ ਪਾਸ ਟਿਕਟ ਭੀ ਨਹੀਂ ਹੋਗਾ। ਮੈਂ ਲੌਟ ਰਹਾ ਰਹਾ ਥਾ ਉਧਰ ਸੇ ਤੋ ਇਸਸੇ ਲੜ ਗਿਆ। ਈ ਈਂਹਵੇਂ ਸੋਯਾ ਥਾ। ਈ ਕੋਈ ਸੋਨੇ ਕੀ ਜਗ੍ਹਾ ਹੈ? ਅਬ ਹਮ ਨਾਹੀਂ ਸੰਭਲਤੇ ਤੋ ਮੇਰਾ ਮੂਹਵੇ ਟੂਟ ਜਾਤਾ...। ਸਮਝੇ ਭਾਈ ਸਾਹੇਬ?'

'ਤੁਸੀਂ ਠੰਡੇ ਹੋਵੋ, ਕੋਈ ਗੱਲ ਨਹੀਂ, ਤੁਹਾਡਾ ਹੀ ਬੱਚਾ ਏ।' ਮੈਂ ਕਿਹਾ।

'ਵਾਹ, ਭਾਈ ਸਾਹੇਬ, ਵਾਹ। ਇਸਕੀ ਵਜਹ ਸੇ ਤੋ ਮੇਰੀ ਜਾਨ ਭੀ ਜਾ ਸਕਤੀ ਥੀ?' ਸ੍ਰੀ ਮਾਨ ਜੀ ਹੁਣ ਵੀ ਬੁਰੀ ਤਰ੍ਹਾਂ ਗੁੱਸੇ ਵਿਚ ਸਨ।

ਇਕ ਮੋਟੀ ਔਰਤ ਆ ਕੇ ਉਹਨਾਂ ਦੇ ਕੋਲ ਖਲੋ ਗਈ ਸੀ। ਸ਼ਾਇਦ ਉਹਨਾਂ ਦੀ ਬੀਬੀ ਸੀ। ਉਸ ਵੱਲ ਵੇਖਦੇ ਹੋਏ ਮੈਂ ਕਿਹਾ, 'ਪਰ ਭਾਈ ਸਾਹਬ ਤੁਹਾਡੀ ਜਾਨ ਤਾਂ ਤੁਹਾਡੇ ਕੋਲ ਸਾਬਤ ਹੈ, ਗਈ ਤਾਂ ਨਹੀਂ? ਸੰਭਾਲੋ ਅਤੇ ਜਾਕੇ ਅਰਾਮ ਨਾਲ ਸੌਂਵੋਂ। ਗੱਡੀ ਵਿਚ ਇਹ ਸਭ ਹੁੰਦਾ ਹੀ ਰਹਿੰਦਾ ਹੈ।'

ਸ੍ਰੀ ਮਾਨ ਜੀ ਆਪਣੀ ਬੀਵੀ 'ਤੇ ਉਬਲ ਪਏ, 'ਤੁਮ ਈਂਹਵਾਂ ਕਹਾਂ ਆ ਗਈ। ਤੁਮ ਜਾਓ ਸੋਓ।'

ਸ੍ਰੀ ਮਾਨ ਜੀ ਦੀ ਇਸ ਗੱਲ ਤੇ ਦੋ-ਚਾਰ ਮੁਸਾਫਰ ਜਿਹੜੇ ਆਪਣੀਆਂ ਸੀਟਾਂ ਤੋਂ ਉਤਰ ਆਏ ਸੀ, ਊਂਘਦੇ ਹੋਏ ਮੁਸਕਰਾ ਕੇ ਚਲੇ ਗਏ। ਸ੍ਰੀ ਮਾਨ ਜੀ ਫੂੰ ਫੂੰ ਕਰਦੇ ਆਪਣੀ ਬਰਥ ਤੇ ਜਾਕੇ ਲੇਟ ਗਏ। ਉਹ ਅਜੇ ਵੀ ਮੁੰਡੇ ਨੂੰ ਜ਼ਹਿਰੀ ਨਜ਼ਰਾਂ ਨਾਲ ਵੇਖ ਰਹੇ ਸਨ।

ਮੈਂ ਉਸ ਮੁੰਡੇ ਨੂੰ ਉਪਰੋਂ ਹੇਠਾਂ ਤੱਕ ਵੇਖਿਆ। ਇਕ ਤਾਂ ਦਹਿਸ਼ਤ ਅਤੇ ਦੂਸਰਾ ਕੱਚੀ ਨੀਂਦ ਕਾਰਨ ਉਹ ਥਰ-ਥਰ ਕੰਬ ਰਿਹਾ ਸੀ। ਸੋਲਾਂ-ਸਤਾਰਾਂ ਸਾਲ ਦਾ ਮੁੰਡਾ ਡੱਬੇ ਦੀ ਨੀਲੀ ਰੋਸ਼ਨੀ ਵਿਚ ਖਰਗੋਸ਼ ਦੇ ਬੱਚੇ ਵਾਂਗ ਸਹਿਮਿਆਂ ਹੋਇਆ ਲੱਗ ਰਿਹਾ ਸੀ। ਮੈਂ ਪਿਆਰ ਨਾਲ ਉਸਦੇ ਮੋਢੇ ਤੇ ਹੱਥ ਰੱਖਿਆ ਅਤੇ ਆਪਣੀ ਬਰਥ ਤੱਕ ਲੈ ਆਇਆ।

ਸੁਚਿਤਰਾ ਵੀ ਇਸ ਹੰਗਾਮੇ ਨਾਲ ਜਾਗ ਪਈ ਸੀ। ਮੇਰੇ ਪਹੁੰਚਦੇ ਹੀ ਉਸਨੇ ਪੁੱਛਿਆ, 'ਕੀ ਗੱਲ ਏ?'

'ਕੁਝ ਨਹੀਂ। ਇਹ ਮੁੰਡਾ ਟਾਯਲੇਟ ਦੇ ਕੋਲ ਸੁੱਤਾ ਪਿਆ ਸੀ। ਇਕ ਸ੍ਰੀ ਮਾਨ ਜੀ ਇਸ ਨੂੰ ਵਜਕੇ ਡਿੱਗ ਪਏ। ਉਹੋ ਈ ਚੀਕ-ਚਿਹਾੜਾ ਪਾ ਰਹੇ ਸਨ।'

'ਕੀ ਜਾਣ ਲੱਗਿਆਂ ਨਹੀਂ ਸੀ ਵੇਖਿਆ?' ਸੁਚਿਤਰਾ ਹੱਸ ਪਈ।

ਮੈਂ ਇਸ਼ਾਰੇ ਨਾਲ ਉਸ ਨੂੰ ਆਪਣੀ ਬਰਥ ਤੇ ਬੈਠਣ ਲਈ ਕਿਹਾ। ਪਰ ਉਹ ਹੁਣ ਵੀ ਖੜਾ ਸੀ।

'ਕੀ ਨਾਂ ਹੈ ਤੇਰਾ?' ਮੈਂ ਮੁੰਡੇ ਨੂੰ ਪੁੱਛਿਆ।

ਉਹ ਚੁੱਪ ਰਿਹਾ।

'ਡਰ ਨਾ, ਕਿੱਥੇ ਜਾਵੇਂਗਾ?'

ਉਹ ਫਿਰ ਵੀ ਚੁੱਪ ਰਿਹਾ।

'ਕੀ ਨਾਂ ਏ? ਬੈਠ ਜਾਹ।' ਸੁਚਿਤਰਾ ਨੇ ਪਿਆਰ ਨਾਲ ਪੁੱਛਿਆ।

'ਜੀ, ਮੇਰਾ ਨਾਂ ਨਗੀਨਾ ਏ।' ਉਸਨੇ ਫਿਰ ਆਪਣਾ ਸਿਰ ਝੁਕਾ ਲਿਆ।

'ਕੋਈ ਗੱਲ ਨਹੀਂ, ਬੈਠ ਜਾਹ।'

ਨਗੀਨਾ ਸਹਿਮਿਆਂ-ਸਹਿਮਿਆਂ ਮੇਰੇ ਪੈਰਾਂ ਕੋਲ ਬੈਠ ਗਿਆ।

ਸੁਚਿਤਰਾ ਥੋੜੀ ਦੇਰ ਤੱਕ ਨਗੀਨੇ ਦੇ ਹੁਲੀਏ ਦਾ ਮੁਆਇਨਾ ਕਰਦੀ ਰਹੀ। ਉਹ ਸੰਕੋਚ ਵਿਚ ਲਗਾਤਾਰ ਸਿਰ ਝੁਕਾਈ ਬੈਠਾ ਰਿਹਾ। ਸੁਚਿਤਰਾ ਨੇ ਇਕ ਵਾਰ ਫੇਰ ਪੁੱਛਿਆ, 'ਤਾਂ ਤੇਰਾ ਨਾਂ ਨਗੀਨਾ ਏ। ਪਰ ਭਾਈ ਜਾਵੇਂਗਾ ਕਿੱਥੇ?'

'ਜੀ, ਕਿਤੇ ਨਹੀਂ ਜਾਵਾਂਗਾ...।' ਉਸਨੇ ਤਿਰਸ਼ਾ ਜਿਹਾ ਸੁਚਿਤਰਾ ਵੱਲ ਵੇਖਿਆ ਅਤੇ ਝੇਪ ਗਿਆ।

'ਭਈ ਗੱਡੀ ਤੇ ਚੜ੍ਹਿਆ ਏਂ, ਕਿਤੇ ਨਾ ਕਿਤੇ ਤਾਂ ਜਾਵੇਂਗਾ ਹੀ। ਪਤੈ ਇਹ ਗੱਡੀ ਕਲਕੱਤੇ ਜਾਵੇਗੀ?'

'ਜੀ, ਤਾਂ ਕਲਕੱਤੇ ਹੀ ਜਾਵਾਂਗਾ।'

'ਚੰਗਾ, ਅਰਾਮ ਨਾਲ ਬੈਠ ਜਾਹ, ਸਮਾਨ ਤਾਂ ਤੇਰੇ ਕੋਲ ਕੋਈ ਨਹੀਂ ਲੱਗਦਾ। ਟਿਕਟ-ਟੁਕਟ ਲਈ ਏ ਜਾਂ ਨਹੀਂ?' ਮੈਂ ਪੁੱਛਿਆ।

ਨਗੀਨਾ ਫਿਰ ਚੁੱਪ ਹੋ ਗਿਆ।

'ਬਿਨਾ ਟਿਕਟ ਤੋਂ ਹਾਵੜਾ ਸਟੇਸ਼ਨ ਕਿਵੇਂ ਪਾਰ ਕਰੇਂਗਾ? ਜੇ ਫੜਿਆ ਗਿਆ ਤਾਂ?'

ਨਗੀਨਾ ਸਹਿਮ ਜਿਹਾ ਗਿਆ। ਨਾ ਜਾਣੇ ਠੰਡ ਦੀ ਵਜ੍ਹਾ ਕਾਰਨ ਜਾ ਡਰ ਕਾਰਨ। ਲੇਕਿਨ ਮੈਂ ਉਸ ਦੀਆਂ ਅੱਖਾਂ ਵਿਚ ਇਕ ਸਿੱਧਾਪਨ ਵੇਖਿਆ, ਜਿਵੇਂ ਉਹ ਦੁਨੀਆਂ ਦੀ ਤਿੰਨ-ਪੰਜ ਤੋਂ ਇਕਦਮ ਬੇਖ਼ਬਰ ਹੋਵੇ ਅਤੇ ਅਚਾਨਕ ਉਸ ਦਾ ਮੱਕਾਰੀ ਨਾਲ ਸਾਹਮਣਾ ਹੋ ਗਿਆ ਹੋਵੇ। ਜਦ ਮੈਂ ਆਪਣਾ ਸਵਾਲ ਫਿਰ ਦੁਹਰਾਇਆ ਤਾਂ ਉਸਦੇ ਚਿਹਰੇ ਤੋਂ ਹਵਾਈਆਂ ਇਸ ਤਰ੍ਹਾਂ ਉਡਣ ਲੱਗੀਆਂ ਜਿਵੇਂ ਉਹ ਖ਼ਤਰੇ ਤੋਂ ਅਗਾਹ ਨਾ ਹੋਵੇ ਅਤੇ ਅਚਾਨਕ ਉਸਦੇ ਸਾਹਮਣੇ ਆ ਗਿਆ ਹੋਵੇ।

'ਹੁਣ ਦਸ ਭਲਾ, ਤੇਰੀ ਉਮਰ ਹੀ ਕੀ ਹੈ? ਘਰੋਂ ਨਹੀਂ ਭੱਜਣਾ ਚਾਹੀਦਾ। ਕਲਕੱਤੇ ਤੇਰਾ ਕੋਈ ਰਿਸ਼ਤੇਦਾਰ ਏ?'

'ਨਹੀਂ ਸਾਹਬ ਜੀ! ਉਥੇ ਮੇਰਾ ਕੋਈ ਨਹੀਂ...।' ਨਗੀਨੇ ਦਾ ਚਿਹਰਾ ਰੋਣ ਵਾਲਾ ਹੋ ਗਿਆ। ਮੈਨੂੰ

ਲੱਗਿਆ ਕਿ ਕੁਝ ਹੋਰ ਪੁੱਛਿਆ ਤਾਂ ਉਹ ਰੋ ਪਵੇਗਾ।

ਸੁਚਿਤਰਾ ਨੇ ਆਪਣਾ ਸਿਰ ਖਿੜਕੀ ਨਾਲ ਟਿਕਾ ਰੱਖਿਆ ਸੀ। ਉਪਰ ਵਾਲੀ ਬਰਥ ਤੇ ਉਹਦੇ ਪਿਤਾ ਜੀ ਅਜੇ ਸੌਂ ਰਹੇ ਸਨ।

ਨਗੀਨਾ ਅਚਾਨਕ ਆਪਣੀ ਸੀਟ ਤੋਂ ਉਠਿਆ ਅਤੇ ਉਸਨੇ ਸੁਚਿਤਰਾ ਦੇ ਸਾਹਮਣੇ ਯਾਨਿ ਜਿਸ ਸੀਟ ਤੇ ਮੈਂ ਬੈਠਾ ਸਾਂ ਉਸਦੇ ਉਪਰ ਵਾਲੀ ਬਰਥ ਤੋਂ ਡਿੱਗਣ ਵਾਲੇ ਲੋਹੇ ਦੇ ਬਕਸੇ ਨੂੰ ਫੜ ਲਿਆ। ਨਗੀਨੇ ਦੀ ਫੁਰਤੀ ਕਰਕੇ ਹੀ ਓਹ ਭਾਰੀ ਬਕਸਾ ਡਿੱਗਣੋਂ ਬੱਚ ਗਿਆ। ਜੇ ਡਿੱਗਦਾ ਤਾਂ ਸੁਚਿਤਰਾ ਦਾ ਮੱਥਾ ਪਾਟ ਜਾਣਾ ਸੀ। ਸੁਚਿਤਰਾ ਉੱਠ ਕੇ ਖੜੀ ਹੋ ਗਈ, ਮੈਂ ਵੀ ਉਠ ਕੇ ਬਕਸਾ ਫੜਿਆ ਅਤੇ ਠੀਕ ਟਿਕਾਣੇ ਸਿਰ ਕਰ ਦਿੱਤਾ। ਉਸ ਬਕਸੇ ਦੇ ਮਾਲਕ ਨੂੰ ਜਗਾ ਕੇ ਬਕਸਾ ਸੰਭਾਲਣ ਦੀ ਹਦਾਇਤ ਕਰ ਦਿੱਤੀ। ਇਕ ਵੱਡੀ ਮੁਸੀਬਤ ਤੋਂ ਨਗੀਨੇ ਨੇ ਸਾਨੂੰ ਬਚਾ ਲਿਆ। ਸੁਚਿਤਰਾ ਦੇ ਮੱਥੇ ਤੇ ਹੋਣ ਵਾਲੀ ਦੁਰਘਟਨਾ ਸੋਚ ਕੇ ਹੀ ਪਸੀਨਾ ਆ ਗਿਆ ਸੀ।

'ਉਹ, ਥੈਂਕ ਯੂ ਨਗੀਨਾ, ਤੂੰ ਤਾਂ ਮੈਨੂੰ ਮਰਨੋਂ ਬਚਾ ਲਿਆ।' ਸੁਚਿਤਰਾ ਲੰਮਾ ਸਾਹ ਲੈ ਦੀ ਮੱਥੇ ਦਾ ਪਸੀਨਾ ਪੂੰਝਦੀ ਹੋਈ ਬੈਠ ਗਈ।

ਨਗੀਨਾ ਵੀ ਵਾਪਸ ਆਪਣੀ ਸੀਟ ਤੇ ਆ ਬੈਠਾ।

'ਅਸਲ ਵਿਚ ਮੇਮ ਸਾਹਬ, ਉਹ ਬਕਸਾ ਕਾਫੀ ਦੇਰ ਦਾ ਖਿਸਕ ਰਿਹਾ ਸੀ, ਮੈਂ ਵੇਖਿਆ ਕਿ ਹੁਣ ਡਿੱਗਣ ਲੱਗਾ ਹੈ ਤਾਂ ਉਠ ਕੇ ਫੜ ਲਿਆ। ਉਪਰ ਵਾਲੇ ਬਾਬੂ ਸਾਹਬ ਇਸ ਤਰ੍ਹਾਂ ਸੁੱਤੇ ਹਨ ਕਿ ਉਹਨਾਂ ਨੂੰ ਕੁਝ ਪਤਾ ਹੀ ਨਹੀਂ।' ਨਗੀਨਾ ਕਹਿੰਦਾ-ਕਹਿੰਦਾ ਹੱਸ ਪਿਆ।

ਗੱਡੀ ਦੀ ਰਫਤਾਰ ਹੌਲੀ-ਹੌਲੀ ਘੱਟਣ ਲੱਗੀ। ਜ਼ਰੂਰ ਕੋਈ ਸਟੇਸ਼ਨ ਆ ਰਿਹਾ ਹੈ। ਮੈਂ ਜੇਬ ਵਿਚੋਂ ਸਿਗਰਟ ਕੱਢੀ ਅਤੇ ਸੱਜੇ-ਖੱਬੇ ਦੋਵਾਂ ਜੇਬਾਂ ਵਿਚ ਮਾਚਸ ਲੱਭਣ ਲੱਗਾ। ਮਾਚਸ ਜਾਂ ਤਾਂ ਕਿਤੇ ਡਿੱਗ ਪਈ ਸੀ ਜਾਂ ਮੈਂ ਕਿਤੇ ਰੱਖ ਦਿੱਤੀ ਸੀ। ਸੀਟ ਦੇ ਹੇਠਾਂ ਵੀ ਝਾਕ ਕੇ ਵੇਖਿਆ ਪਰ ਨਹੀਂ ਮਿਲੀ। ਨਗੀਨਾ ਹੁਣ ਤੱਕ ਸਮਝ ਚੁੱਕਾ ਸੀ ਕਿ ਮੈਂ ਮਾਚਸ ਲੱਭ ਰਿਹਾ ਹਾਂ।

'ਬਾਬੂ ਜੀ, ਮਾਚਸ ਚਾਹੀਦੀ ਏ ?'

'ਹਾਂ, ਮੇਰੀ ਮਾਚਸ, ਲੱਗਦਾ ਏ ਕਿਤੇ ਡਿੱਗ ਪਈ। ਲੱਭ ਨਹੀਂ ਰਹੀ। ਤੂੰ ਸਿਗਰਟ ਪੀਂਦਾ ਏਂ ?'

'ਨਹੀਂ ਮੈਂ ਬੀੜੀ-ਸਿਗਰੇਟ ਨਹੀਂ ਪੀਂਦਾ।' ਜਾਪਦੈ ਗੱਡੀ ਖੜੀ ਹੋ ਗਈ। ਤੁਸੀਂ ਕਹੋ ਤਾਂ ਉਤਰ ਕੇ ਮਾਚਸ ਲੈ ਆਵਾਂ ?' ਨਗੀਨੇ ਨੇ ਬੜੀ ਹਸਰਤ ਨਾਲ ਪੁੱਛਿਆ।

'ਨਹੀਂ ਰਹਿਣ ਦੇ।'

'ਲਿਅ ਓ ਪੈਸੇ ਦਿਉ, ਮੈਂ ਹੁਣੇ ਲੈ ਆਉਂਦਾ ਹਾਂ।' ਨਗੀਨਾ ਏਨਾ ਕਹਿ ਕੇ ਗੱਡੀ ਤੋਂ ਉਤਰਨ ਲੱਗਾ।

'ਗੱਡੀ ਤਾਂ ਖੜੀ ਹੋਣ ਦੇ।' ਮੈਂ ਨਗੀਨੇ ਨੂੰ ਅਵਾਜ਼ ਦਿੱਤੀ। ਤਦ ਤੱਕ ਗੱਡੀ ਵੀ ਪਲੇਟ ਫਾਰਮ ਤੇ ਖੜੀ ਹੋ ਚੁੱਕੀ ਸੀ। ਨਗੀਨੇ ਨੇ ਉਤਰ ਕੇ ਖਿੜਕੀ ਕੋਲ ਆ ਕੇ ਹੱਥ ਅੱਗੇ ਕਰ ਦਿੱਤਾ। ਮੈਂ ਉਸ ਨੂੰ ਅਠਿਆਨੀ ਫੜਾਈ। ਉਹ ਪੈਸੇ ਲੈ ਕੇ ਦੌੜ ਪਿਆ। ਸਟੇਸ਼ਨ ਦੀ ਪੀਲੀ ਰੌਸ਼ਨੀ ਵਿਚ ਉਸਨੂੰ ਦੂਰ ਜਾਂਦਾ ਵੇਖਕੇ ਮੈਨੂੰ ਡਰ ਲੱਗਣ ਲੱਗਾ ਕਿ ਕਿਤੇ ਗੱਡੀ ਨਾ ਨਿਕਲ ਜਾਵੇ।

ਗੱਡੀ ਖੜੀ ਹੋਣ ਕਰਕੇ ਸੁਚਿਤਰਾ ਦੇ ਪਿਤਾ ਜੀ ਨੇ ਪਾਣੀ ਮੰਗਿਆ। ਸੁਚਿਤਰਾ ਥਰਮਸ ਲੈ ਕੇ ਅਜੇ ਖੜੀ ਹੋਈ ਸੀ ਕਿ ਤਦ ਤੱਕ ਨਗੀਨਾ ਮਾਚਸ ਲੈ ਕੇ ਆ ਗਿਆ। ਜਦੋਂ ਉਸਨੇ ਸੁਚਿਤਰਾ ਦੇ ਹੱਥ ਵਿਚ ਥਰਮਸ ਵੇਖੀ ਤਾਂ ਖੁਦ ਹੀ ਪੁੱਛ ਲਿਆ, 'ਮੇਮ ਸਾਹਬ, ਪਾਣੀ ਚਾਹੀਦਾ, ਲਿਆਉ ਮੈਂ ਹੁਣੇ ਲੈ ਆਉਂਦਾ ਹਾਂ।' ਏਨਾ ਕਹਿ ਕੇ ਉਹ ਸੁਚਿਤਰਾ ਦੇ ਹੱਥੋਂ ਥਰਮਸ ਲੈ ਕੇ ਭੱਜ ਪਿਆ।

'ਛੇਤੀ ਆਵੀਂ ਗੱਡੀ ਚਲ ਪਵੇਗੀ।' ਸੁਚਿਤਰਾ ਨੇ ਅਵਾਜ਼ ਦੇ ਕੇ ਆਖਿਆ।

ਨਗੀਨਾ ਹਫਦਾ ਹੋਇਆ ਪਾਣੀ ਲੈ ਆਇਆ। ਪਾਣੀ ਲੈ ਕੇ ਸੁਚਿਤਰਾ ਨੇ ਕਿਹਾ, 'ਛੇਤੀ ਛੇਤੀ...ਛੇਤੀ ਅੰਦਰ ਆ ਜਾਹ, ਗੱਡੀ ਚੱਲਣ ਵਾਲੀ ਹੈ।'

ਨਗੀਨਾ ਇਤਮੀਨਾਨ ਨਾਲ ਆ ਕੇ ਸੀਟ ਤੇ ਬੈਠ ਗਿਆ।

'ਤੂੰ ਫੁਰਤੀਲਾ ਤਾਂ ਬਹੁਤ ਏਂ ਪਰ ਇਹ ਦਸ ਕਿ ਕਲਕੱਤੇ ਜਾ ਕੇ ਕਰੇਂਗਾ ਕੀ ?' ਸੁਚਿਤਰਾ ਨੇ ਪੁੱਛਿਆ।

'ਜੀ...ਕਿਸੇ ਹੋਟਲ ਵਿਚ ਪਲੇਟਾਂ ਧੋਵਾਂਗਾ... ਸਾਹਬ ਹੋਰ ਮੈਂ ਕੀ ਕਰਾਂਗਾ।'

ਨਗੀਨਾ ਸਾਡੇ ਨਾਲ ਹੁਣ ਖੁਲ੍ਹਦਾ ਜਾ ਰਿਹਾ ਸੀ।

'ਇਕ ਗੱਲ ਸੱਚ-ਸੱਚ ਦਸ ਕਿ ਘਰੋਂ ਕਿਉਂ ਭੱਜਿਆ ? ਕੀ ਪਿਉ ਨਾਲ ਝਗੜਾ ਕੀਤਾ ਸੀ ? ਜ਼ਰੂਰ ਤੇਰੇ ਪਿਉ ਨੇ ਪੜ੍ਹਨ ਤੋਂ ਝਿੜਕਿਆ ਹੋਣਾ ? ਕਿਉਂ ਹੈ ਇਹੋ ਗੱਲ ?' ਮੈਂ ਪੁੱਛਿਆ।

'ਨਹੀਂ ਸਾਹਬ, ਇਹੋ ਜੇਹੀ ਕੋਈ ਗੱਲ ਨਹੀਂ। ਪਿਉ ਨੇ ਨਹੀਂ ਝਿੜਕਿਆ, ਮੈਂ ਵੈਸੇ ਡਰ ਦੇ ਮਾਰੇ ਘਰੋਂ ਭੱਜ ਆਇਆ ਹਾਂ।'

'ਕਿਉਂ ਕਿਸ ਗੱਲ ਤੋਂ ਡਰਕੇ ?' ਸੁਚਿਤਰਾ ਨੇ ਪੁੱਛਿਆ।

'ਜੀ ਗੱਲ ਹੀ ਕੁਝ ਇਸ ਤਰ੍ਹਾਂ ਦੀ ਸੀ।' ਨਗੀਨੇ ਨੇ ਕਿਹਾ।

'ਖ਼ੈਰ, ਤੇਰੇ ਮਾਂ-ਪਿਉ-ਭਰਾ-ਭੈਣ ਹਨ ?' ਮੈਂ ਪੁੱਛਿਆ ।

'ਜੀ, ਇਕ ਛੋਟਾ ਭਰਾ ਅਤੇ ਦੋ ਭੈਣਾਂ ਹਨ, ਮੈਥੋਂ ਛੋਟੀਆਂ ।'

'ਤੇਰਾ ਬਾਪ ਕੀ ਕਰਦਾ ਹੈ ?'

'ਪਿੰਡ ਫ਼ੌਜੀ ਬਾਬੂ ਦਾ ਹੱਲ ਜੋਂਦਾ ਹੈ ।'

'ਤੂੰ ਕਿਸ ਜਮਾਤ ਵਿਚ ਪੜ੍ਹਦਾ ਏਂ ?

'ਸਕੂਲ ਵਿਚ ।'

'ਫਿਰ ਕੀ ਗੱਲ ਸੀ, ਸਾਨੂੰ ਵੀ ਦਸ, ਕਿਸ ਗੱਲ ਤੋਂ ਡਰਕੇ ਭੱਜਿਆ ਏਂ ?'

'ਜੀ ਮੈਨੂੰ ਦੱਸਣ 'ਚ ਸ਼ਰਮ ਆਉਂਦੀ ਹੈ ।'

'ਸ਼ਰਮ ਦੀ ਕੀ ਗੱਲ ਹੈ, ਮੰਨ ਲੈ ਕਿ ਮੈਂ ਤੇਰੀ ਵੱਡੀ ਭੈਣ ਹਾਂ । ਦਸ ਕੀ ਗੱਲ ਸੀ ?' ਸੁਚਿਤਰਾ ਨੇ ਉਸ ਨੂੰ ਹੌਂਸਲਾ ਦਿੱਤਾ ।

'ਜੀ ਗੱਲ ਇਹ ਹੈ ਕਿ ਬਾਬੂ ਸਾਹਬ ਦੀ ਔਰਤ ਖ਼ੁਦ ਬਦਮਾਸ਼ ਹੈ । ਮੈਂ ਕੀ ਕਰ ਸਕਦਾ ਸਾਂ, ਉਹ ਮੇਰੇ ਕੋਲੋਂ ਜ਼ਬਰਦਸਤੀ ਬੁਰਾ ਕੰਮ ਕਰਵਾਉਂਦੀ ਸੀ...ਪੈਸੇ ਵੀ ਦੇਂਦੀ ਸੀ । ਬਾਬੂ ਸਾਹਬ ਬੁੱਢੇ ਸਨ...।' ਨਗੀਨਾ ਗੱਲ ਨੂੰ ਠੀਕ ਤਰਤੀਬ ਨਹੀਂ ਸੀ ਦੇ ਸਕਿਆ ।

'ਫਿਰ ਕੀ ਹੋਇਆ ?' ਮੈਂ ਪੁੱਛਿਆ ।

'ਪਰਸੋਂ ਬਾਬੂ ਸਾਹਬ ਖੇਤ ਵਿਚੋਂ ਦੁਪਹਿਰੇ ਹੀ ਮੁੜ ਆਏ । ਮਾਲਕਨ ਮੇਰੇ ਨਾਲ ਬੁਰਾ ਕੰਮ ਕਰਨ ਵਾਲੀ ਹੀ ਸੀ ਕਿ ਮਾਲਕ ਆ ਗਏ । ਮੈਂ ਬਾਬੂ ਸਾਹਬ ਨੂੰ ਨਹੀਂ ਸੀ ਵੇਖਿਆ । ਮਾਲਕਨ ਨੇ ਬਾਬੂ ਸਾਹਬ ਨੂੰ ਵੇਖ ਲਿਆ ਸੀ । ਉਹ ਮੈਨੂੰ ਮੰਜੀ ਤੇ ਪਏ ਨੂੰ ਕੁੱਟਣ ਲੱਗੀ ਤੇ ਚੀਕਣ ਲੱਗੀ ਕਿ ਰਾਮਚਰਨੇ ਦਾ ਮੁੰਡਾ ਮੇਰੀ ਇਜ਼ਤ ਲੁੱਟਣ ਲੱਗਾ ਸੀ, ਮੈਨੂੰ ਬਚਾਓ । ਮੈਂ ਇਕਦਮ ਸਮਝ ਗਿਆ ਕਿ ਮਾਲਕਨ ਮੌਕੇ ਤੇ ਫੜੇ ਜਾਣ ਕਰਕੇ ਇਹ ਸਭ ਨਾਟਕ ਕਰ ਰਹੀ ਹੈ ਤੇ ਹੁਣ ਬਾਬੂ ਸਾਹਬ ਮੇਰੀ ਗੱਲ ਤਾਂ ਮੰਨਣਗੇ ਨਹੀਂ ਤੇ ਮੇਰਾ ਕੁੱਟ-ਕੁੱਟ ਕੇ ਕਚੂਮਰ ਕੱਢ ਦੇਣਗੇ । ਮੈਂ ਬਾਬੂ ਸਾਹਬ ਦੇ ਘਰੋਂ ਭੱਜ ਨਿਕਲਿਆ ਤੇ ਚਾਚੇ ਦੇ ਘਰ ਜਾ ਕੇ ਲੁਕ ਗਿਆ...।' ਨਗੀਨਾ ਫਿਰ ਚੁੱਪ ਹੋ ਗਿਆ ।

'ਤਾਂ ਤੂੰ ਕਿਉਂ ਉਸ ਦੇ ਜਾਲ ਵਿਚ ਫਸਿਆ, ਬੇਵਕੂਫ ਕਿਤੇ ਦਾ, ਜਦੋਂ ਤੂੰ ਜਾਣਦਾ ਸੀ ਕਿ ਬਾਬੂ ਸਾਹਬ ਕਸਾਈ ਹੈ ਤਾਂ ਤੈਨੂੰ ਸ਼ੁਰੂ ਵਿਚ ਡਰ ਨਾ ਲੱਗਾ ?' ਸੁਚਿਤਰਾ ਨੇ ਜ਼ਰਾ ਨਰਾਜ਼ਗੀ ਨਾਲ ਪੁੱਛਿਆ ।

'ਡਰਦਾ ਤਾਂ ਸੀ ਮੇਮ ਸਾਹਬ ! ਲੇਕਿਨ ਇਹ ਅੱਜ ਦੀ ਗੱਲ ਥੋੜਾ । ਛੇ-ਸੱਤ ਮਹੀਨੇ ਤੋਂ ਉਹ ਮੇਰੇ ਕੋਲੋਂ ਇਹ ਬੁਰਾ ਕੰਮ ਕਰਵਾ ਰਹੀ ਏ । ਪਹਿਲੀ ਵਾਰ ਉਸ ਨੇ ਮੈਨੂੰ ਇਕੱਲਾ ਵੇਖਕੇ ਕਾਬੂ ਕਰ ਲਿਆ ਸੀ ਮੈਂ ਛੁਡਾਉਣਾ ਚਾਹਿਆ ਤਾਂ ਉਸਨੇ ਮੈਨੂੰ ਡਰਾਇਆ ਕਿ ਚੁੱਪਚਾਪ ਜੋ ਕਹਾਂ ਕਰਦਾ ਜਾਹ ਨਹੀਂ ਤਾਂ ਬਾਬੂ ਸਾਹਬ ਤੋਂ ਮਾਰ ਪਵਾਵਾਂਗੀ । ਫਿਰ ਮੈਂ ਉਸ ਵੇਲੇ ਕੀ ਕਰਦਾ ...ਮੈਨੂੰ ਡਰ ਵੀ ਲੱਗਦਾ ਸੀ, ਸ਼ਰਮ ਵੀ ਆਉਂਦੀ ਸੀ ਅਤੇ ਬਾਦ ਵਿਚ ਉਹ ਅਕਸਰ, ਜਦੋਂ ਵੀ ਮੈਂ ਆਪਣੇ ਪਿਤਾ ਜੀ ਦੇ ਕਹਿਣ ਤੇ ਕਣਕ ਲੈਣ ਜਾਂਦਾ ਤਾਂ ਮੈਨੂੰ ਕਾਬੂ ਕਰ ਲੈਂਦੀ । ਫਿਰ ਬਾਦ ਵਿਚ ਉਸਨੇ ਮੈਨੂੰ ਪੈਸੇ ਦੇਣੇ ਵੀ ਸ਼ੁਰੂ ਕਰ ਦਿੱਤੇ ਪਰ ਪਰਸੋਂ ਉਸਦਾ ਆਦਮੀ ਉਤੋਂ ਆ ਗਿਆ ਤਾਂ ਉਹ ਰੌਲਾ ਪਾਉਣ ਲੱਗੀ । ਮੈ ਕੀ ਦੱਸਾਂ ਮੇਮ ਸਾਹਬ, ਬਸ ਮੈਂ ਤਾਂ ਡਰਦਾ ਮਾਰਾ ਭੱਜ ਆਇਆ ।'

'ਤੈਨੂੰ ਸੱਚ-ਸੱਚ ਦਸ ਦੇਣਾ ਚਾਹੀਦਾ ਸੀ । ਉਸ ਵੇਲੇ ਆਪਣੇ ਪਿਉ ਨੂੰ ਹੀ ਦਸ ਦੇਂਦਾ ।'

'ਵਾਹ ਸਾਹਬ, ਮੇਰਾ ਪਿਉ ਵੀ ਮੈਨੂੰ ਹੀ ਮਾਰਦਾ । ਮੈਂ ਜਾਣਦਾ ਹਾਂ, ਬਾਬੂ ਸਾਹਬ ਤਾਂ ਮੈਨੂੰ ਜ਼ਰੂਰ ਕਤਲ ਕਰ ਦੇਂਦੇ.. ਪਿਛਲੇ ਸਾਲ ਉਹਨਾਂ ਰਾਮਨਾਥ ਕਾਕਾ ਨੂੰ ਦਿਨ-ਦਿਹਾੜੇ ਗੋਲੀ ਮਾਰ ਕੇ ਗੰਦੇ ਨਾਲੇ ਵਿਚ ਸੁਟਵਾ ਦਿੱਤਾ ਸੀ, ਗੋਹਾ ਨਾ ਚੁੱਕਣ ਕਰਕੇ । ਪੁਲੀਸ ਆਈ ਪਰ ਸਾਰਾ ਮਾਮਲਾ ਖ਼ਤਮ ਹੋ ਗਿਆ ਸੀ । ਐਨੀ ਵੱਡੀ ਗੱਲ ਤੇ ਤਾਂ ਉਹ ਮੈਨੂੰ ਕੱਚਾ ਹੀ ਖਾ ਜਾਂਦੇ...ਕੀ ਪਤਾ ਮੇਰੇ ਪਿਉ ਨੂੰ ਵੀ ਮਾਰਿਆ ਕੁਟਿਆ ਹੋਵੇ । ਬਾਬੂ ਜੀ, ਮੈਂ ਝੂਠ ਨਹੀਂ ਬੋਲ ਰਿਹਾ...ਉਹ ਬਾਬੂ ਸਾਹਬ ਨਹੀਂ ਖ਼ੂਨੀ ਏ ਖ਼ੂਨੀ ਮੈਂ ਇਸੇ ਡਰ ਤੋਂ ਭੱਜ ਆਇਆ ਹਾਂ ।' ਨਗੀਨਾ ਐਨਾ ਕਹਿ ਕੇ ਚੁੱਪ ਹੋ ਗਿਆ ।

ਨਗੀਨਾ ਥੋੜ੍ਹੀ ਦੇਰ ਚੁੱਪ ਰਿਹਾ ਫਿਰ ਅਚਾਨਕ ਬੋਲਿਆ, 'ਬਾਬੂ ਜੀ, ਗ਼ਲਤੀ ਤਾਂ ਮੇਰੀ ਵੀ ਸੀ ਲੇਕਿਨ ਮੈਂ ਕੀ ਕਰ ਸਕਦਾ ਸਾਂ । ਬਾਬੂ ਸਾਹਬ ਦੀ ਘਰਦੀ ਨੇ ਮੇਰੀ ਤਾਂ ਜ਼ਿੰਦਗੀ ਹੀ ਖ਼ਰਾਬ ਕਰ ਦਿੱਤੀ...ਹੁਣ ਮੈਂ ਕੀ ਕਰਾਂ...ਕੁਝ ਸਮਝ ਨਹੀ ਆਉਂਦਾ...ਸਟੇਸ਼ਨ ਤੇ ਆਇਆ ਤਾਂ ਇਹ ਗੱਡੀ ਖੜੀ ਸੀ ਇਸੇ ਵਿਚ ਚੜ੍ਹ ਗਿਆ.. ।' ਨਗੀਨਾ ਇਕਦਮ ਰੋਣ ਹਾਕਾ ਹੋ ਗਿਆ ।

ਸੁਚਿਤਰਾ ਨੇ ਉਸਨੂੰ ਸਨੇਹ ਨਾਲ ਵੇਖਦਿਆਂ ਕਿਹਾ, 'ਵੇਖ, ਹਾਵੜਾ ਉਤਰਕੇ ਤੂੰ ਸਿੱਧਾ ਪਲੇਟਫਾਰਮ ਦੇ ਆਖ਼ਰੀ ਸਿਰੇ ਤੇ ਪਹੁੰਚ ਜਾਵੀਂ । ਮੇਨ ਗੇਟ ਵੱਲ ਨਾ ਜਾਵੀਂ, ਨਹੀਂ ਤਾਂ ਫੜਿਆ ਜਾਵੇਂਗਾ । ਸਿੱਧਾ ਚੜ੍ਹਦੇ ਵੱਲ ਚਲੇ ਜਾਵੀਂ, ਲਾਈਨਾਂ ਦੇ ਵਿਚੋਂ ਇਕ ਰਸਤਾ ਹੈ, ਲੋਹੇ ਦਾ ਜੋ ਜੰਗਲਾ ਬਣਾਇਆ ਗਿਆ ਹੈ ਉਸ ਵਿਚੋਂ ਨਿਕਲ ਜਾਵੀਂ, ਸਟੇਸ਼ਨ ਤੋਂ ਬਾਹਰ ਨਿਕਲ ਜਾਵੇਂਗਾ । ਪਰ ਤੂੰ ਕਲਕੱਤੇ ਕਰੇਂਗਾ ਕੀ ? ਖ਼ੈਰ, ਤੂੰ ਇਕਦਮ ਬਾਹਰ ਨਾ ਨਿਕਲੀਂ, ਚਾਰ ਵਜੇ ਸਵੇਰੇ ਗੱਡੀ ਹਾਵੜਾ ਪਹੁੰਚੇਗੀ ਤੂੰ ਕੁਝ ਦੇਰ ਰੁਕ ਕੇ ਉਸੇ ਰਾਹ ਨਿਕਲ

ਜਾਵੀਂ, ਸਮਝਿਆਂ ?

'ਕਲਕੱਤਾ ਤਾਂ ਬਹੁਤ ਵੱਡਾ ਹੋਵੇਗਾ ?' ਨਗੀਨੇ ਨੇ ਹੈਰਾਨੀ ਨਾਲ ਪੁੱਛਿਆ।

'ਹਾਂ ਬਹੁਤ ਵੱਡਾ। ਇਸੇ ਲਈ ਤਾਂ ਕਹਿ ਰਹੀ ਹਾਂ ਵਾਪਸ ਘਰ ਮੁੜ ਜਾਹ...।' ਨਗੀਨਾ ਚੁੱਪ ਹੋ ਗਿਆ। ਉਸ ਨੇ ਅੱਗੇ ਨਾ ਤਾਂ ਕੁਝ ਪੁੱਛਿਆ ਅਤੇ ਨਾ ਹੀ ਵਾਪਸੀ ਬਾਰੇ ਕੁਝ ਕਿਹਾ!

ਰਾਤ ਦੇ ਸਾਢੇ ਤਿੰਨ ਵਜ ਰਹੇ ਸਨ। ਗੱਡੀ ਹੁਣ ਹਾਵੜਾ ਸਟੇਸ਼ਨ ਤੋਂ ਥੋੜ੍ਹੀ ਦੂਰ ਸੀ। ਸੁਚਿਤਰਾ ਨੂੰ ਮੈਂ ਆਖਿਆ ਕਿ ਸਮਾਨ ਪੈਕ ਕਰ ਲਵੇ ਅਤੇ ਬਾਬੂ ਜੀ ਨੂੰ ਵੀ ਜਗ੍ਹਾ ਲਵੇ ਤਾਂ ਕਿ ਭੀੜ ਹੋਣ ਤੋਂ ਪਹਿਲਾਂ ਹੀ ਅਸੀਂ ਉਤਰ ਜਾਈਏ।

ਗੱਡੀ ਸਵਾ ਚਾਰ ਵਜੇ ਸਵੇਰੇ ਹਾਵੜਾ ਪਹੁੰਚੀ। ਨਗੀਨਾ ਵੀ ਖੜਾ ਹੋ ਗਿਆ। ਅਸਾਂ ਸਮਾਨ ਦਰਵਾਜ਼ੇ 'ਚ ਲਾ ਦਿੱਤਾ ਤਾਂ ਕਿ ਜਲਦੀ ਉਤਾਰ ਲਈਏ। ਗੱਡੀ ਖੜੀ ਹੁੰਦਿਆਂ ਹੀ ਨਗੀਨਾ ਛਾਲ ਮਾਰ ਕੇ ਹੇਠਾਂ ਉਤਰਿਆ ਅਤੇ ਇਕ-ਇਕ ਕਰ ਕੇ ਸਮਾਨ ਪਲੇਟਫਾਰਮ ਤੇ ਰੱਖਣ ਲੱਗਾ। ਸੁਚਿਤਰਾ ਨੇ ਸਮਾਨ ਗਿਣਕੇ ਇਕ ਰੁਪਈਆ ਨਗੀਨੇ ਦੀ ਤਲੀ ਤੇ ਟਿਕਾਇਆ ਅਤੇ ਕਿਹਾ ਚਾਹ ਪਾਣੀ ਪੀ ਲਵੀਂ। ਨਗੀਨੇ ਨੇ ਰੁਪਈਆ ਲੈ ਲਿਆ ਅਤੇ ਪਤਾ ਨਹੀਂ ਚੁੱਪਚਾਪ ਕਿਧਰ ਨੂੰ ਨਿਕਲ ਗਿਆ। ਅਸਾਂ ਵੀ ਉਸ ਵੱਲ ਫਿਰ ਧਿਆਨ ਨਹੀਂ ਦਿੱਤਾ। ਸੁਚਿਤਰਾ ਨੇ ਸਲਾਹ ਦਿੱਤੀ ਕਿ ਦਿਨ ਚੜ੍ਹਨ ਤਕ ਪਲੇਟਫਾਰਮ ਤੇ ਹੀ ਰੁਕਿਆ ਜਾਵੇ। ਅਜੇ ਕਾਫੀ ਹਨੇਰਾ ਹੈ ਤੇ ਏਨੀ ਜਲਦੀ ਕਲਕੱਤੇ ਜਾਣਾ ਠੀਕ ਨਹੀਂ ਰਹੇਗਾ।

ਇਕ ਖਾਲੀ ਬੈਂਚ ਤੇ ਆਪਣਾ ਸਮਾਨ ਰੱਖ ਕੇ ਉਥੇ ਹੀ ਬੈਠ ਗਏ। ਸੁਚਿਤਰਾ ਦੇ ਪਿਤਾ ਜੀ ਨੂੰ ਮੇਰੇ ਬਾਰੇ ਕੁਝ ਨਹੀਂ ਸੀ ਪਤਾ। ਜਦ ਅਸੀਂ ਅਰਾਮ ਨਾਲ ਬੈਠ ਗਏ ਤਾਂ ਸੁਚਿਤਰਾ ਨੇ ਮੇਰੇ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਹਨਾਂ ਨੇ ਥੋੜ੍ਹਾ ਮੁਸਕਰਾਕੇ ਮੇਰੇ ਨਾਲ ਹੱਥ ਮਿਲਾਇਆ ਅਤੇ ਚਾਹਿਆ ਕਿ ਮੈਂ ਕਲਕੱਤੇ ਉਹਨਾਂ ਕੋਲ ਹੀ ਠਹਿਰਾਂ। ਫਿਰ ਉਹਨਾਂ ਸੁਚਿਤਰਾ ਨੂੰ ਕਿਹਾ, 'ਬੇਟਾ ਤੁਸੀਂ ਏਥੇ ਅਰਾਮ ਨਾਲ ਬੈਠੋ। ਮੈਂ ਲੰਮੇ ਪਿਆ ਪਿਆ ਥੱਕ ਗਿਆ ਹਾਂ ਜ਼ਰਾ ਆਸੇ-ਪਾਸੇ ਟਹਿਲਦਾ ਹਾਂ। ਅਜੇ ਸੂਰਜ ਨਿਕਲਣ ਵਿਚ ਥੋੜ੍ਹੀ ਦੇਰ ਹੈ ਇਸਦੇ ਬਾਦ ਹੀ ਕਲਕੱਤੇ ਚਲਾਂਗੇ ਇਹਨਾਂ ਦੇ ਸਾਥ ਕਰਕੇ ਤੂੰ ਬੋਰ ਨਹੀਂ ਹੋਵੇਂਗੀ।' ਏਨਾ ਕਹਿ ਕੇ ਉਹ ਆਸੇ-ਪਾਸੇ ਹੀ ਟਹਿਲਣ ਲੱਗੇ।

ਅਸੀਂ ਅਰਾਮ ਨਾਲ ਬੈਠ ਕੇ ਗੱਪਾਂ ਮਾਰਨ ਲੱਗੇ। ਸੁਚਿਤਰਾ ਕਈ ਦੋਸਤਾਂ ਦੇ ਬਾਰੇ ਪੁੱਛਦੀ ਰਹੀ। ਕੌਣ ਕਿੱਥੇ ਹੈ, ਕੀ ਕਰ ਰਿਹਾ ਹੈ ? ਕੌਣ ਕੌਣ ਮਿਲਦਾ ਰਹਿੰਦਾ ਹੈ ਵਗੈਰਾ ਵਗੈਰਾ। ਸੁਚਿਤਰਾ ਨੂੰ ਸੋਚਦਿਆਂ ਜਿਵੇਂ ਕੁਝ ਯਾਦ ਆਇਆ, 'ਹਾਂ ਸੱਚ, ਉਹ ਜੋ ਯੂਨੀਵਰਸਿਟੀ ਵਿਚ ਪ੍ਰੀਤਮਾ ਨਾਂ ਦੀ ਗੋਰੀ-ਚਿੱਟੀ ਕੁੜੀ ਸੀ, ਕੀ ਬਣਿਆ ਉਸਦਾ ? ਉਸਦਾ ਸਲੇਸ਼ ਨਾਲ ਚੱਕਰ ਸੀ ਪਰਵਾਨ ਚੜ੍ਹਿਆ ਕਿ ਨਹੀਂ ?'

'ਸ਼ਾਦੀ ? ਪ੍ਰੀਤਮਾ ਤੇ ਸਲੇਸ਼ ਦੀ ? ਉਹ ਬਹੁਤ ਚਾਲੂ ਚੀਜ਼ ਸੀ, ਉਜਦਾ ਬਾਪ ਇਕ ਵੱਡਾ ਅਫਸਰ ਸੀ, ਉਹ ਨਵਰੰਗ ਹੋਟਲ ਵਿਚ ਫੜੀ ਗਈ ਸੀ ਜਿਸ ਕਰਕੇ ਉਸਦੇ ਬਾਪ ਦੀ ਬੜੀ ਬਦਨਾਮੀ ਹੋਈ। ਬਾਦ ਵਿਚ ਉਸਦਾ ਬਾਪ ਪੜ੍ਹਾਈ-ਲਿਖਾਈ ਛੁਡਾ ਕੇ ਭੂਪਾਲ ਲੈ ਗਿਆ। ਵਿਆਹ ਕਰ ਦਿੱਤਾ ਹੋਵੇਗਾ ਹੁਣ ਤਾਂ ਬੱਚਿਆਂ ਦੀ ਪਲਟਨ ਨਾਲ ਲਾਇਕ ਬੀਵੀ ਬਣ ਗਈ ਹੋਵੇਗੀ।' ਮੈਂ ਇਕ ਜ਼ੋਰਦਾਰ ਠਹਾਕਾ ਲਾਇਆ।

'ਹਾਂ ਸੀ ਤਾਂ ਚਾਲੂ ਚੀਜ਼, ਪਰ ਮੈਨੂੰ ਬਰਾਬਰ ਕਹਿਦੀ ਰਹੀ ਕਿ ਸਲੇਸ਼ ਨਾਲ ਵਿਆਹ ਕਰੇਗੀ, ਸਲੇਸ਼ ਵੀ ਤਾਂ ਕਿਸੇ ਅਫ਼ਸਰ ਦਾ ਹੀ ਪੁੱਤ ਸੀ।'

'ਹਾ ਉਸਦਾ ਪਿਉ ਇੰਡਸਟਰੀ ਅਫ਼ਸਰ ਸੀ... ਬਾਦ ਵਿਚ ਸਲੇਸ਼ ਦਾ ਵੀ ਵਿਆਹ ਹੋ ਗਿਆ ਸੀ, ਹੁਣ ਉਹ ਬਨਾਰਸ ਵਿਚ ਠੇਕੇਦਾਰੀ ਕਰ ਰਿਹਾ ਏ...।'

ਅਸੀਂ ਕਾਲਜ ਦੀਆਂ ਗੱਲਾਂ ਕਰਦੇ ਰਹੇ। ਇਸੇ ਦੌਰਾਨ ਇਕ ਸਿਪਾਹੀ ਲੰਘਿਆ ਅਤੇ ਉਸਨੇ ਸਾਡੀ ਬੈਂਚ ਤੋਂ ਥੋੜ੍ਹੀ ਦੂਰ ਸੁੱਤੇ ਇਕ ਆਦਮੀ ਨੂੰ ਵੇਖ ਕੇ ਪੁੱਛਿਆ, 'ਇਹ ਆਦਮੀ ਤੁਹਾਡੇ ਨਾਲ ਹੈ ?'

ਅਸੀਂ 'ਨਹੀਂ' ਕਹਿ ਕੇ ਫਿਰ ਆਪਣੀਆਂ ਗੱਲਾਂ ਵਿਚ ਜੁਟ ਗਏ। ਸਿਪਾਹੀ ਨੇ ਸੁੱਤੇ ਆਦਮੀ ਨੂੰ ਠੁਡ ਮਾਰਿਆ। ਸੁੱਤਾ ਆਦਮੀ ਥੋੜ੍ਹਾ ਜਿਹਾ ਬੁੜਬੁੜਾਇਆ। ਸਿਪਾਹੀ ਨੇ ਝੁਕਕੇ ਉਸ ਨੂੰ ਗਲੋਂ ਫੜ ਲਿਆ। ਉਹ ਅਜੇ ਠੀਕ ਤਰ੍ਹਾਂ ਖੜਾ ਵੀ ਨਹੀਂ ਹੋਇਆ ਸੀ ਕਿ ਸਿਪਾਹੀ ਨੇ ਉਸ ਨੂੰ ਇਕ ਥੱਪੜ ਜੜ ਦਿੱਤਾ। ਉਹ ਚੀਖ ਪਿਆ। ਜਦ ਉਸ ਸਾਡੇ ਵੱਲ ਮੂੰਹ ਕੀਤਾ ਤਾਂ ਸੁਚਿਤਰਾ ਨੇ ਕਿਹਾ, 'ਵੇਖੋ-ਵੇਖੋ, ਉਹ ਤਾਂ ਨਗੀਨਾ ਹੈ, ਉਸ ਸਿਪਾਹੀ ਨੂੰ ਰੋਕਣਾ ਚਾਹੀਦਾ ਹੈ।' ਸੁਚਿਤਰਾ ਤੇਜ਼ੀ ਨਾਲ ਉਠ ਕੇ ਕੋਲ ਪਹੁੰਚ ਗਈ, 'ਠਹਿਰੋ ਭਾਈ ਸਾਹਬ, ਤੁਸੀਂ ਇਸ ਨੂੰ ਕਿਉਂ ਮਾਰ ਰਹੇ ਹੋ, ਇਹ ਤਾਂ ਹੁਣੇ ਸਾਡੇ ਨਾਲ ਗੱਡੀ ਵਿਚੋਂ ਉਤਰਿਆ ਹੈ।'

ਤਦ ਤੱਕ ਮੈਂ ਵੀ ਕੋਲ ਪਹੁੰਚ ਗਿਆ ਸਾਂ।

'ਹੁਣੇ ਤਾਂ ਮੈਂ ਤੁਹਾਨੂੰ ਪੁੱਛਿਆ ਸੀ ਕਿ ਇਹ ਸੁੱਤਾ ਹੋਇਆ ਆਦਮੀ ਤੁਹਾਡੇ ਨਾਲ ਹੈ ਤਾਂ ਤੁਸਾਂ ਨਾਂਹ ਕਰ ਦਿੱਤੀ ਸੀ। ਹੁਣ ਤੁਸੀਂ ਇਸ ਨੂੰ ਕਿਵੇਂ ਜਾਨਣ ਲੱਗ ਪਏ ?' ਸਿਪਾਹੀ ਦੀ ਆਵਾਜ਼ ਕੜਕ ਸੀ।

'ਇਹ ਸਾਡੇ ਨਾਲ ਪੰਜ-ਛੇ ਘੰਟਿਆਂ ਤੋਂ ਹੈ ਇਹ ਐਸਾ-ਵੈਸਾ ਲੜਕਾ ਨਹੀਂ ਹੈ, ਤੁਸੀਂ ਇਹਨੂੰ ਛੱਡ ਦੇਵੋ।' ਮੈਂ ਕਿਹਾ।

ਵੇਖੋ ਸਾਹਬ, ਤੁਸੀਂ ਸਾਫ-ਸਾਫ ਦਸੋ। ਤੁਹਾਡਾ ਆਦਮੀ ਹੈ ਜਾਂ ਵੈਸੇ ਹੀ ਨਾਲ ਸਫ਼ਰ ਕਰ ਰਿਹਾ ਸੀ ?'

'ਮੇਰੇ ਨਾਲ ਦਾ ਤਾਂ ਨਹੀਂ ਹੈ ਪਰ ਇਹ ਲੜਕਾ ਬੜੀ ਦੂਰ ਤੋਂ ਸਾਡੇ ਨਾਲ ਸਫਰ ਕਰ ਰਿਹਾ ਹੈ।' ਮੈਂ ਸਪਸ਼ਟ ਕੀਤਾ।

'ਤੁਸੀਂ ਇਹਨਾਂ ਲੋਕਾਂ ਨੂੰ ਨਹੀਂ ਜਾਣਦੇ, ਤੁਸੀਂ ਜਾਉ, ਆਪਣਾ ਕੰਮ ਕਰੋ। ਇਸ ਲਫੜੇ ਵਿਚ ਤੁਸੀਂ ਖਾਮਖਾਹ ਨਾ ਪਵੋ, ਸਾਡੀ ਨਜ਼ਰ ਬੜੀ ਤੇਜ਼ ਹੁੰਦੀ ਹੈ, ਅਸੀਂ ਚੰਗੀ ਤਰ੍ਹਾਂ ਇਹਨਾਂ ਲੋਕਾਂ ਨੂੰ ਜਾਣਦੇ ਹਾਂ।' ਸਿਪਾਹੀ ਲਗਾਤਾਰ ਬੋਲਦਾ ਜਾ ਰਿਹਾ ਸੀ।

'ਕਿਉਂ ਹਰਾਮਦਿਆ, ਚੋਰੀ ਕੀਤੀ ਏ ਨਾ ?' ਸਿਪਾਹੀ ਨੇ ਨਗੀਨੇ ਨੂੰ ਇਕ ਥੱਪੜ ਹੋਰ ਮਾਰ ਦਿੱਤਾ। ਨਗੀਨੇ ਦੇ ਮੂੰਹ ਵਿਚੋਂ ਅਵਾਜ਼ ਨਹੀਂ ਸੀ ਨਿਕਲ ਰਹੀ ਉਹ ਥਰ-ਥਰ ਕੰਬ ਰਿਹਾ ਸੀ। ਪੁਲੀਸ ਵਾਲੇ ਨੇ ਉਸ ਉਸ ਦੀ ਜਾਮਾ-ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ ਪਰ ਉਸ ਦੀ ਜ਼ੇਬ ਵਿਚੋਂ ਇਕ ਰੁਪਈਆ ਨਿਕਲਿਆ।

'ਭਾਈ ਸਾਹਬ,ਮੇਰੀ ਗੱਲ ਸੁਣੋ, ਇਹ ਲੜਕਾ...।' ਸੁਚਿਤਰਾ ਦਾ ਵਾਕ ਅਜੇ ਪੂਰਾ ਵੀ ਨਹੀਂ ਸੀ ਹੋਇਆ ਕਿ ਪੁਲੀਸ ਵਾਲਾ ਗੱਜਿਆ, 'ਏ ਮੇਮ ਸਾਹਬ, ਮੈਂ ਕਿਹਾ ਨਾ ਕਿ ਤੁਸੀਂ ਦਖਲ-ਅੰਦਾਜ਼ੀ ਨਾ ਕਰੋ। ਮੈਂ ਤੁਹਾਨੂੰ ਵੀ ਬੰਦ ਕਰ ਦੇਵਾਂਗਾ, ਸਮਝੀ ? ਜਾਉ ਹਟੋ, ਆਪਣਾ ਕੰਮ ਕਰੋ।'

ਮੈਂ ਸੁਚਿਤਰਾ ਦੀ ਬਾਂਹ ਫੜ ਕੇ ਪਿੱਛੇ ਖਿੱਚ ਲਿਆ। ਸੁਚਿਤਰਾ ਨੇ ਮੁੜ ਕੇ ਨਗੀਨੇ ਵੱਲ ਵੇਖਿਆ ਪਰ ਮੈਂ ਉਸ ਨੂੰ ਬੈਂਚ ਵੱਲ ਖਿੱਚ ਲਿਆਇਆ। 'ਵੇਖਿਆ ਤੁਸਾਂ, ਇਹੋ ਕਲਕੱਤੇ ਦੀ ਪੁਲੀਸ ਦਾ ਰਵੀਆ ਹੈ। ਮੈਂ ਜਾਣਦੀ ਹਾਂ ਇਹ ਬੁੱਚੜ ਹਨ, ਹੁਣ ਇਸਨੂੰ ਨਹੀਂ ਛੱਡਣਗੇ।' ਸੁਚਿਤਰਾ ਫਿਸ ਪਈ।

'ਨਹੀਂ', ਪੁੱਛ-ਗਿੱਛ ਤੋਂ ਬਾਦ ਛੱਡ ਦੇਣਗੇ।' ਮੈਂ ਹੌਂਸਲਾ ਦਿੱਤਾ।

ਤੁਸੀਂ ਏਥੋਂ ਦੇ ਬਾਰੇ ਕੁਝ ਨਹੀਂ ਜਾਣਦੇ, ਇਹਨਾਂ ਜਾਨਵਰਾਂ ਨੂੰ ਮੈਂ ਚੰਗੀ ਤਰ੍ਹਾਂ ਜਾਣਦੀ ਹਾਂ। ਇਹ ਇਸ ਨੂੰ ਪਾੜ ਖਾਣਗੇ।'

ਮੈਂ ਕਿਸੇ ਤਰ੍ਹਾਂ ਸੁਚਿਤਰਾ ਨੂੰ ਸ਼ਾਂਤ ਕੀਤਾ। ਸਿਪਾਹੀ ਨਗੀਨੇ ਨੂੰ ਖਿੱਚ ਕੇ ਹੋਰ ਪਰ੍ਹੇ ਲੈ ਗਿਆ ਅਤੇ ਪੁੱਛ-ਗਿੱਛ ਕਰਨ ਲੱਗਾ। ਉਸਦੀ ਅਵਾਜ਼ ਸਾਨੂੰ ਸੁਣਦੀ ਸੀ। 'ਕਿੱਥੋਂ ਆਇਆਂ ਏ ਓਏ ? ਪੁਲੀਸ ਵਾਲੇ ਨੇ ਨਗੀਨੇ ਨੂੰ ਇਕ ਹੋਰ ਠੁਡ ਮਾਰੀ। ਨਗੀਨਾ ਹੱਥ ਜੋੜ ਕੇ ਮਿੰਨਤ ਕਰਨ ਲੱਗਾ, 'ਜੀ, ਮੈਂ ਚੋਰ ਨਹੀਂ ਹਾਂ, ਭੈਣ ਜੀ ਤੋਂ ਪੁੱਛ ਲਵੋ।'

'ਚੁੱਪ...ਭੈਣ ਜੀ ਤੋਂ ਕੀ ਪੁੱਛ ਲਵਾਂ, ਚੋਰ ਨਹੀਂ ਤਾਂ ਇਥੇ ਕੀ ਕਰ ਰਿਹਾ ਸੀ ?' ਸਿਪਾਹੀ ਨੇ ਤਿੰਨ-ਚਾਰ ਡੰਡੇ ਨਗੀਨੇ ਦੇ ਜੜ ਦਿੱਤੇ।

ਮੈਂ ਬੈਂਚ ਤੋਂ ਉਠਕੇ ਸਿਪਾਹੀ ਕੋਲ ਪਹੁੰਚਿਆ, 'ਇਸ ਤਰ੍ਹਾਂ ਹੈ ਹੌਲਦਾਰ ਸਾਹਬ, ਇਹ ਚੋਰ-ਉਚੱਕਾ ਨਹੀਂ ਹੈ, ਤੁਸੀਂ ਮੇਰੇ ਤੇ ਯਕੀਨ ਕਰੋ। ਸਾਡੇ ਨਾਲ ਹੀ ਇਹ ਸਫ਼ਰ ਕਰ ਰਿਹਾ ਸੀ, ਸਾਡੇ ਨਾਲ ਹੀ ਇਸੇ ਗੱਡੀ ਵਿਚੋਂ ਉਤਰਿਆ ਹੈ।'

'ਤੁਸੀਂ ਇਸ ਦੇ ਕੀ ਲੱਗਦੇ ਹੋ, ਤੁਸੀਂ ਹੋ ਕੀ ?' ਸਿਪਾਹੀ ਮੇਰੇ ਵੱਲ ਮੁੜਿਆ। ਤਦ ਤੱਕ ਚਾਰ-ਪੰਜ ਲੋਕ ਹੋਰ ਆ ਗਏ।

'ਹਾਂ ਤਾਂ ਕੋਈ ਨਹੀਂ, ਬਸ ਇਕ ਨਾਗਰਿਕ ਸਮਝ ਲਵੋ।'

'ਤੁਸੀਂ ਇਸ ਦੇ ਤਰਫਦਾਰ ਹੋ ? ਇਹੋ ਨਾ ?' ਸਿਪਾਹੀ ਨੇ ਘੂਰ ਕੇ ਮੈਨੂੰ ਕਿਹਾ।

'ਵੇਖੋ, ਤੁਸੀਂ ਗਲਤ ਸਮਝ ਰਹੇ ਹੋ। ਇਹ ਇਕ ਸਿਧਾ-ਸਾਦਾ ਮੁੰਡਾ ਹੈ। ਮੈਂ ਜੋ ਕੁਝ ਵੀ ਕਹਿ ਰਿਹਾ ਹਾਂ ਇਕ ਜ਼ੁਮੇਵਾਰ ਨਾਗਰਿਕ ਦੀ ਹਸੀਅਤ ਵਿਚ ਕਹਿ ਰਿਹਾ ਹਾਂ, ਤੁਸੀਂ ਮੇਰੀ ਗੱਲ ਤੇ ਯਕੀਨ ਕਰੋ।' ਮੈਂ ਪੂਰੀ ਕੋਸ਼ਿਸ਼ ਵਿਚ ਸਾਂ ਕਿ ਸਿਪਾਹੀ ਦੀ ਖੋਪੜੀ ਵਿਚ ਗੱਲ ਪੈ ਜਾਵੇ।

'ਵੇਖੋ, ਹੁਣ ਤੱਕ ਤਾਂ ਮੈਂ ਸ਼ਰਾਫਤ ਨਾਲ ਪੇਸ਼ ਆ ਰਿਹਾ ਸੀ, ਤੁਸੀਂ ਇਕ ਸ਼ਰੀਫ਼ ਨਾਗਰਿਕ ਹੋ, ਪੜ੍ਹੇ ਲਿਖੇ ਹੋ, ਇਹ ਡੰਡਾ ਵੇਖ ਰਹੇ ਹੋ, ਪੂਰਾ ਘਸੋੜ ਦੇਵਾਂਗਾ। ਸਾਲਾ ਕਦੋਂ ਦਾ ਸਿਰ ਖਾਈ ਜਾਂਦਾ ਹੈ। ਜਦੋਂ ਕੁਝ ਹੋ ਜਾਂਦਾ ਹੈ ਤਾਂ ਫਿਰ ਪਤਾ ਨਹੀਂ ਕਿਉਂ ਰਿਪੋਟ ਲਿਖਾਉਣ ਥਾਣੇ ਤੁਰ ਪੈਂਦੇ ਹਨ। ਤੂੰ ਇਥੋਂ ਜਾਂਦਾ ਏਂ ਕਿ ਸ਼ਰੀਫ਼ ਨਾਗਰਿਕ ਹੋਣ ਦਾ ਤੇਰਾ ਬਿੱਲਾ ਉਤਾਰਾਂ ?' ਪੁਲੀਸ ਵਾਲਾ ਬੇਹੱਦ ਕਮੀਨੇਪਨ ਤੇ ਉਤਰ ਆਇਆ।

ਮੈਂ ਪੁਲੀਸ ਵਾਲੇ ਦੇ ਵਿਹਾਰ ਤੋਂ ਹੈਰਾਨ ਰਹਿ ਗਿਆ। ਫਿਰ ਵੀ ਮੈਂ ਦੂਸਰੀ ਤਰ੍ਹਾਂ ਗੱਲ ਸ਼ੁਰੂ ਕੀਤੀ, 'ਹੌਲਦਾਰ ਸਾਹਬ, ਤੁਹਾਡੀ ਬੋਲੀ ਤੋਂ ਲੱਗਦਾ ਹੈ ਤੁਸੀਂ ਯੂ.ਪੀ. ਦੇ ਹੋ, ਮੈਂ ਵੀ ਯੂ.ਪੀ. ਦਾ ਹਾਂ, ਇਸ ਨੂੰ ਆਪਣਾ ਬੱਚਾ ਸਮਝ ਕੇ ਛੱਡ ਦੇਵੋ, ਮੇਰੇ ਤੇ ਯਕੀਨ ਕਰਕੇ।'

ਪੁਲੀਸ ਵਾਲੇ ਤੇ ਮੇਰੀ ਗੱਲ ਦਾ ਅਸਰ ਹੋਇਆ ਜ਼ਰੂਰ, 'ਇਸ ਤਰ੍ਹਾਂ ਹੈ, ਜਦੋਂ ਮੈਂ ਫੜ ਲਿਆ ਹੈ ਤਾਂ ਛੱਡਣਾ ਮੁਸ਼ਕਲ ਹੈ। ਜੇ ਇਸ ਨਾਲ ਜ਼ਿਆਦਾ ਹਮਦਰਦੀ ਹੈ ਤਾਂ ਲਾਲ ਬਜ਼ਾਰ ਥਾਣੇ ਇਸ ਨੂੰ ਲਿਜਾ ਰਿਹਾ ਹਾਂ, ਉਥੋਂ ਜ਼ਮਾਨਤ ਕਰਵਾ ਲੈਣੀ, ਹੁਣ ਮੇਰਾ ਸਿਰ ਚੱਟਣਾ

ਬੰਦ ਕਰੋ । ਦੁਪਹਿਰ ਬਾਦ ਥਾਣੇ ਆ ਜਾਣਾ ਅਤੇ ਮੇਰੀ ਗੱਲ ਸਾਫ ਸੁਣ ਲਵੋ, ਜੇ ਇਥੇ ਜ਼ਿਆਦਾ ਅੰਗਰੇਜ਼ੀ ਝਾੜੇਂਗਾ ਤਾਂ ਇਸਦੇ ਨਾਲ ਹੀ ਤੈਨੂੰ ਅਤੇ ਤੇਰੀ ਪਤਨੀ ਨੂੰ ਵੀ ਅੰਦਰ ਕਰ ਦੇਵਾਂਗਾ ।'

ਪਤਾ ਨਹੀਂ, ਸੁਚਿਤਰਾ ਕਦੋਂ ਆ ਕੇ ਮੇਰੇ ਕੋਲ ਖੜੀ ਹੋ ਗਈ ਸੀ । ਉਸਨੇ ਮੇਰਾ ਹੱਥ ਫੜਿਆ ਤੇ ਬੈਂਚ ਦੇ ਕੋਲ ਮੈਨੂੰ ਖਿੱਚ ਕੇ ਲੈ ਗਈ । ਸੁਚਿਤਰਾ ਦੇ ਪਿਤਾ ਜੀ ਬੈਂਚ ਕੋਲ ਖਲੋਤੇ ਸਮਾਨ ਦੀ ਨਿਗਰਾਨੀ ਕਰ ਰਹੇ ਸਨ । ਸ਼ਾਇਦ ਉਹਨਾਂ ਨੇ ਹੀ ਮੇਰੇ ਕੋਲ ਸੁਚਿਤਰਾ ਨੂੰ ਭੇਜਿਆ ਸੀ । ਸੁਚਿਤਰਾ ਦੇ ਪਿਤਾ ਜੀ ਨੇ ਸ਼ਾਂਤ ਅਵਾਜ਼ ਨਾਲ ਕਿਹਾ, 'ਬੇਟਾ, ਤੁਸੀਂ ਸ਼ਾਂਤ ਰਹੋ, ਥਾਣੇ ਜਾ ਕੇ ਵੇਖਾਂਗੇ । ਵੈਸੇ ਕਲਕੱਤੇ ਦੀ ਮਸ਼ੀਨਰੀ ਆਦਮਖੋਰ ਹੋ ਗਈ ਹੈ...ਤੁਸਾਂ ਦੁਪਹਿਰ ਤੋਂ ਬਾਦ ਥਾਣੇ ਚਲੇ ਜਾਣਾ ...ਜ਼ਮਾਨਤ ਹੋ ਜਾਵੇ ਤਾਂ ਘਰ ਲੈ ਆਉਣਾ । ਮੈਂ ਉਸ ਉਸ ਲੜਕੇ ਦੇ ਬਾਰੇ ਗੱਡੀ ਵਿਚ ਸੁਤਿਆਂ ਸੁਤਿਆਂ ਸਭ ਸੁਣ ਲਿਆ ਸੀ । ਖ਼ੈਰ ਕੋਈ ਗੱਲ ਨਹੀਂ ਉਹਨਾਂ ਨੂੰ ਪੁੱਛ-ਗਿੱਛ ਕਰ ਲੈਣ ਦੇਵੋ ।' ਸਿਪਾਹੀ ਅਜੇ ਵੀ ਪੁੱਛ-ਗਿੱਛ ਕਰ ਰਿਹਾ ਸੀ ।

'ਓਏ ਸੂਰ ਦਿਆ ਪੁੱਤਾ, ਮੈਂ ਪੁੱਛ ਰਿਹਾ ਹਾਂ ਕਿ ਏਥੇ ਕੀ ਕਰ ਰਿਹਾ ਸੀ, ਬੋਲਦਾ ਕਿਉਂ ਨਹੀਂ ਓਏ ?' ਸਿਪਾਹੀ ਨੇ ਇਕ ਜ਼ਬਰਦਸਤ ਘਸੁੰਨ ਨਗੀਨੇ ਦੇ ਮੂੰਹ ਤੇ ਮਾਰਿਆ ।

'ਮੈਂ ਨਗੀਨਾ ਹਾਂ ਸਾਹਬ...ਮੈਨੂੰ ਨਾ ਮਾਰੋ...ਮੈਂ ਕੁਝ ਨਹੀਂ ਕੀਤਾ...।'

'ਸਾਲਿਆ, ਤੂੰ ਭਾਵੇਂ ਨਗੀਨਾ ਹੋਵੇ ਜਾਂ ਹੀਰਾ ਮੋਤੀ, ਇਹ ਦੱਸ ਕਿ ਤੂੰ ਇਥੇ ਆਇਆ ਕਿਵੇਂ ? ਕਰ ਕੀ ਰਿਹਾ ਸੀ...ਕਿੰਨੀਆਂ ਜੇਬਾਂ ਕੱਟੀਆਂ ਹਨ ।' ਨਗੀਨਾ ਚੁੱਪ ਹੋ ਗਿਆ, ਉਸ ਦੀਆਂ ਅੱਖਾਂ ਵਿਚੋਂ ਤਰੁਪ ਤਰੁਪ ਹੰਝੂ ਕਿਰ ਰਹੇ ਸਨ । ਇਸੇ ਦੌਰਾਨ ਪਤਾ ਨਹੀਂ ਤਿੰਨ ਸਿਪਾਹੀ ਕਿਧਰੋਂ ਆ ਗਏ । ਇਕ ਸਿਪਾਹੀ ਕੋਲ ਬੰਦੂਕ ਸੀ । 'ਕੀ ਗੱਲ ਹੈ ਵਿਜੈ ਸਿੰਘ, ਕਿਸ ਨੂੰ ਫੜਿਆ ਹੈ ?' ਇਕ ਨੇ ਪੁੱਛਿਆ ।

ਆ ਜਾ—ਆ ਜਾ...ਇਹ ਸਾਲਾ ਬੋਲ ਨਹੀਂ ਰਿਹਾ...ਮੁਜ਼ਰਮ ਹੈ...।'

ਕੀ ਆ ਹਰਾਮ ਦੀਏ ਮਾਰੇ...ਬੋਲਦਾ ਕਿਉਂ ਨਹੀਂ...ਓਏ...'

'ਇਸ ਤਰ੍ਹਾਂ ਨਹੀਂ ਬੋਲੇਗਾ'—'ਤਾੜ ਤਾੜ ਤਾੜ' ਤਿੰਨ ਡੰਡੇ ਨਗੀਨੇ ਦੀ ਖੋਪਰੀ ਤੇ ਵਜਦਿਆਂ ਹੀ ਲਹੂ ਵਗਣ ਲੱਗ ਪਿਆ ।

'ਸਾਲਾ ਨਕਸਲੀ ਲਗਦਾ ਹੈ, ਬੋਲਦਾ ਨਹੀਂ ਹੈ । ਇਹਨਾਂ ਸਾਲਿਆਂ ਵਿਚ ਬੜਾ ਦਮ ਹੁੰਦਾ ਹੈ.. ਕਿੰਨਾ ਵੀ ਮਾਰੋ, ਸਾਲੇ ਮੰਨਦੇ ਹੀ ਨਹੀਂ ।' ਇਕ ਨੇ ਕਿਹਾ ।

'ਕੀ ? ਨਕਸਲੀ ਹੈ ?' ਬੰਦੂਕ ਵਾਲਾ ਸਿਪਾਹੀ ਚੌਂਕਿਆ । ਉਸ ਦਾ ਹੱਥ ਬੰਦੂਕ ਦੀ ਬੱਟ ਤੇ ਚਲਾ ਗਿਆ ।

'ਪਤਾ ਨਹੀਂ ਯਾਰ, ਸਾਲੇ ਕੋਲ ਜਾਮਾ ਤਲਾਸ਼ੀ ਵੇਲੇ ਤਾਂ ਕੁਝ ਨਹੀਂ ਨਿਕਲਿਆ ਪਰ ਬੋਲ ਨਹੀਂ ਰਿਹਾ ।' ਪਹਿਲੇ ਸਿਪਾਹੀ ਨੇ ਕਿਹਾ ।

'ਵੇਖਣ ਨੂੰ ਤਾਂ ਪੱਠਾ ਸੋਹਣਾ ਹੈ ਵਿਜੈ ਸਿੰਘ, ਲੈ ਚਲ ਕਵਾਟਰ 'ਚ ।' ਇਕ ਨੇ ਕਿਹਾ ।

'ਛੱਡ ਦੇ ਯਾਰ, ਭਗੌੜਾ ਲਗ ਰਿਹਾ ਏ ।' ਦੂਸਰੇ ਨੇ ਕਿਹਾ ।

'ਵਾਹ ਗੁਰੂ...ਏਹੋ ਜਿਹਾ ਮੁੰਡਾ ਐਵੇਂ ਛੱਡ ਦੇਈਏ, ਨਹੀਂ ਵਿਜੈ ਸਿੰਘ, ਪਹਿਲਾਂ ਇਹਨੂੰ ਲੈ ਚਲ ਕਵਾਟਰ 'ਚ, ਫਿਰ ਬਾਦ ਵਿਚ ਵੇਖੀ ਜਾਵੇਗੀ ।' ਇਕ ਨੇ ਕਹਿੰਦੇ ਹੋਏ ਨਗੀਨੇ ਦੀ ਗਲ੍ਹ ਤੇ ਚੂੰਢੀ ਵੱਢੀ ।

ਮੈਂ, ਸੁਚਿਤਰਾ ਅਤੇ ਪਿਤਾ ਜੀ ਪੁਲੀਸ ਵਾਲਿਆਂ ਦੀਆਂ ਗੰਦੀਆਂ ਹਰਕਤਾਂ ਵੇਖਦੇ ਹੋਏ ਅੰਦਰ ਹੀ ਅੰਦਰ ਉਬਲਦੇ ਰਹੇ । ਦੋ ਸਿਪਾਹੀਆਂ ਨੇ ਨਗੀਨੇ ਦੀ ਬਾਂਹ ਫੜੀ ਅਤੇ ਸਟੇਸ਼ਨ ਤੋਂ ਬਾਹਰ ਲੈ ਗਏ । 'ਜਾਂਦੇ ਹੋਏ ਨਗੀਨਾ ਡਰੀਆਂ ਅੱਖਾਂ ਨਾਲ ਸਾਨੂੰ ਵੇਖਦਾ ਰਿਹਾ । ਉਸਦੀਆਂ ਅੱਖਾਂ ਵਿਚ ਦਇਆ ਦੀ ਐਸੀ ਭਾਵਨਾ ਸੀ ਜਿਵੇਂ ਕੋਈ ਇਕ ਗਾਂ ਨੂੰ ਵੱਢਣ ਲਈ ਕਸਾਈਖਾਨੇ ਵਿਚ ਲਈ ਜਾ ਰਿਹਾ ਹੋਵੇ ਅਤੇ ਉਸ ਦੀਆਂ ਅੱਖਾਂ ਵਿਚ ਮੌਨ ਚੀਕ ਸਮਾਈ ਹੋਈ ਹੋਵੇ ।

... ... ...

ਸੁਚਿਤਰਾ ਦੇ ਘਰ ਅਸੀਂ ਤਕਰੀਬਨ ਅੱਠ ਵਜੇ ਪਹੁੰਚੇ । ਅਸੀਂ ਤਿੰਨੋ ਇਸ ਨਤੀਜੇ ਤੇ ਪੁਜੇ ਸਾਂ ਕਿ ਸ਼ਾਮੀ ਜਾ ਕੇ ਨਗੀਨੇ ਦੀ ਜਮਾਨਤ ਕਰਵਾ ਲਈ ਜਾਵੇਗੀ । ਸੁਚਿਤਰਾ ਦਾ ਘਰ ਛੋਟਾ ਪਰ ਸਾਫ-ਸੁਥਰਾ ਸੀ । ਮੈਨੂੰ ਉਹਨਾਂ ਲੋਕਾਂ ਨੇ ਨਿਤਨ ਦਾਦਾ ਦੇ ਕਮਰੇ ਦੀ ਚਾਬੀ ਫੜਾ ਦਿੱਤੀ । ਮੈਂ ਨਿਤਨ ਦਾਦਾ ਦਾ ਕਮਰਾ ਖੋਲ੍ਹਿਆ । ਕਮਰੇ ਦੀ ਹਰ ਚੀਜ਼ ਤੇ ਮਿੱਟੀ ਦੀ ਇਕ ਪਰਤ ਜੰਮੀ ਸੀ । ਸੁਚਿਤਰਾ ਜਿੰਨੇ ਚਿਰ ਵਿਚ ਚਾਹ ਲੈ ਕੇ ਆਈ ਮੈਂ ਸਫ਼ਾਈ ਵਿਚ ਜੁੱਟ ਗਿਆ ਸਾਂ । ਲੰਮੇ ਸਫ਼ਰ ਅਤੇ ਨਗੀਨੇ ਦੇ ਚੱਕਰ ਨੇ ਸਾਨੂੰ ਥੱਕਾ ਦਿੱਤਾ ਸੀ । ਮੈਂ ਸੁਚਿਤਰਾ ਨੂੰ ਕਿਹਾ ਕਿ ਚਾਹ ਪੀ ਕੇ ਮੈਂ ਥੋੜਾ ਚਿਰ ਲੇਟਣਾ ਚਾਹੁੰਦਾ ਹਾਂ, ਇਸਦੇ ਬਾਦ ਅਸੀਂ ਚਾਰ ਕੁ ਵਜੇ ਥਾਣੇ ਚਲਾਂਗੇ ।

ਉੱਠਦਿਆਂ ਉੱਠਦਿਆਂ ਅਤੇ ਤਿਆਰ ਹੁੰਦਿਆਂ ਪੰਜ ਵਜ ਗਏ ਸਨ । ਮੈਂ ਅਤੇ ਸੁਚਿਤਰਾ ਲਗਪਗ ਸਾਢੇ ਪੰਜ ਥਾਣੇ ਪਹੁੰਚੇ । ਥਾਣੇ ਵਿਚ ਮੈਂ ਵੱਡੇ ਥਾਣੇਦਾਰ ਦੇ ਬਾਰੇ ਪੁੱਛਿਆ ਅਤੇ ਪਤਾ ਕੀਤਾ ਕਿ ਕੀ ਇਸ ਥਾਣੇ ਵਿਚ ਸਵੇਰੇ ਸਵੇਰੇ ਕੋਈ ਮੁੰਡਾ ਫੜਕੇ ਲਿਆਂਦਾ

ਗਿਆ ਹੈ।

ਮੁਨਸ਼ੀ ਨੇ ਇਕ ਵਾਰ ਸਾਨੂੰ ਸ਼ੱਕੀ ਨਜ਼ਰਾਂ ਨਾਲ ਘੂਰਦਿਆਂ ਹੋਇਆਂ ਦਸਿਆ ਕਿ ਸਾਹਮਣੇ ਵਾਲੀ ਕੋਠਰੀ ਵਿਚ ਸਵੇਰੇ ਇਕ ਕੈਦੀ ਲਿਆਂਦਾ ਗਿਆ ਹੈ। ਥਾਣੇਦਾਰ ਦੇ ਬਾਰੇ ਉਸ ਦਸਿਆ ਕਿ ਇਕ-ਅੱਧ ਘੰਟੇ ਤੱਕ ਆ ਜਾਣਗੇ। ਮੈਂ ਸੁਚਿਤਰਾ ਦੇ ਨਾਲ ਬਾਹਰ ਆ ਗਿਆ।

ਲਗਪਗ ਇਕ ਘੰਟੇ ਬਾਦ ਥਾਣੇਦਾਰ ਆਇਆ। ਮੈਂ ਅਰਦਲੀ ਹੱਥ ਸੁਨੇਹਾ ਭੇਜਿਆ ਕਿ ਅਸੀਂ ਮਿਲਣਾ ਚਾਹੁੰਦੇ ਹਾਂ। ਸੁਚਿਤਰਾ ਨੇ ਇਕ ਸਲਿਪ ਲਿਖ ਕੇ ਉਸ ਨੂੰ ਦੇ ਦਿੱਤੀ। ਚਿਕ ਦੇ ਬਾਹਰ ਸਾਨੂੰ ਥੋੜਾ ਚਿਰ ਉਡੀਕ ਕਰਨੀ ਪਈ। ਥੋੜੀ ਦੇਰ ਬਾਦ ਥਾਣੇਦਾਰ ਨੇ ਸਾਨੂੰ ਅੰਦਰ ਸੱਦਿਆ। ਮੈਂ ਨਮਸਕਾਰ ਕੀਤੀ, ਥਾਣੇਦਾਰ ਨੇ ਸਾਨੂੰ ਪੁਲਸੀਆ ਅੰਦਾਜ਼ ਨਾਲ ਘੋਖਦਿਆਂ ਹੋਇਆਂ ਨਮਸਕਾਰ ਕਰਕੇ ਬੈਠਣ ਲਈ ਇਸ਼ਾਰਾ ਕਰਕੇ ਪੁੱਛਿਆ, 'ਦਸੋ ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ ?'

ਇਸ ਵਧੀਆ ਵਿਹਾਰ ਨੇ ਸਾਨੂੰ ਹੈਰਾਨ ਕਰ ਦਿੱਤਾ। ਖ਼ੈਰ ਮੇਰਾ ਹੌਸਲਾ ਵਧਿਆ। ਮੈਂ ਥਾਣੇਦਾਰ ਨੂੰ ਪੁੱਛਿਆ, 'ਸਰ, ਅੱਜ ਸਵੇਰੇ ਤਕਰੀਬਨ ਚਾਰ ਵਜੇ ਤੁਹਾਡੇ ਕੁਝ ਸਿਪਾਹੀ ਹਾਵੜਾ ਸਟੇਸ਼ਨ ਤੋਂ ਇਕ ਮੁੰਡੇ ਨੂੰ ਬਿਨਾ ਕਿਸੇ ਕਾਰਨ ਸ਼ੱਕ ਵਿਚ ਫੜ ਲਿਆਏ ਸਨ, ਅਸੀਂ ਉਸੇ ਸਿਲਸਿਲੇ ਵਿਚ ਆਏ ਹਾਂ। ਉਹ ਸਾਡੇ ਨਾਲ ਹੀ ਆਇਆ ਸੀ, ਉਹ ਸਾਡਾ ਨੌਕਰ ਹੈ।'

ਸੁਚਿਤਰਾ ਨੇ ਮੇਰੀ ਗੱਲ ਦੀ ਹਾਮੀ ਭਰਦੇ ਹੋਏ ਕਿਹਾ, 'ਜੀ ਹਾਂ, ਅਸੀਂ ਪਤੀ ਪਤਨੀ ਹਾਂ, ਅਸੀਂ ਉਸ ਨੂੰ ਯੂ.ਪੀ. ਵਿਚੋਂ ਲਿਆਂ ਰਹੇ ਸਾਂ ਕਿ ਤੁਹਾਡੇ ਸਿਪਾਹੀ ਫੜ ਲਿਆਏ, ਅਸੀਂ ਉਹਨਾਂ ਨੂੰ ਸਟੇਸ਼ਨ ਤੇ ਬਹੁਤ ਕਹਿੰਦੇ ਰਹੇ ਪਰ ਉਹ ਸੁਣਨ ਲਈ ਤਿਆਰ ਹੀ ਨਹੀਂ ਸਨ ..ਜੇ ਤੁਸੀਂ—।'

ਸੁਚਿਤਰਾ ਦਾ ਵਾਕ ਅਜੇ ਅਧੂਰਾ ਹੀ ਸੀ ਕਿ ਥਾਣੇਦਾਰ ਬੋਲ ਪਿਆ, 'ਦੇਖੋ ਸਾਹਬ, ਤੁਸੀਂ ਚਾਹੇ ਕੋਈ ਹੋਵੋ, ਉਹ ਇਸ ਸਮੇਂ ਹਿਰਾਸਤ ਵਿਚ ਅੰਡਰ ਟਰਾਇਲ ਹੈ...ਤੁਸੀਂ ਇਹੋ ਕਹਿਣਾ ਚਾਹੁੰਦੇ ਹੋ ਕਿ ਮੈਂ ਉਸ ਨੂੰ ਜ਼ਮਾਨਤ ਤੇ ਛੱਡ ਦੇਵਾਂ।'

'ਜੀ ਹਾਂ ਅਸੀਂ ਉਸਦੀ ਜ਼ਮਾਨਤ ਦੇਣ ਨੂੰ ਤਿਆਰ ਹਾਂ। ਮੇਰੇ ਕੋਲ ਆਪਣੇ ਮਕਾਨ ਦੇ ਕਾਗਜ਼ਾਤ ਹਨ, ਤੁਸੀਂ ਚਾਹੋ ਤਾਂ ਦੇਖ ਲਵੋ।' ਸੁਚਿਤਰਾ ਨੇ ਕੁਝ ਕਾਗਜ਼ ਥਾਣੇਦਾਰ ਵੱਲ ਵਧਾਏ।

'ਇਹਨਾਂ ਨੂੰ ਆਪਣੇ ਕੋਲ ਹੀ ਰੱਖੋ, ਅਸੀਂ...।' ਮੈਂ ਥਾਣੇਦਾਰ ਦਾ ਵਾਕ ਪੂਰਾ ਹੋਣ ਤੋਂ ਪਹਿਲਾਂ ਹੀ ਬੋਲ ਪਿਆ, 'ਸਰ, ਜੇ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਅਸੀਂ ਉਸਨੂੰ ਮਿਲ ਸਕਦੇ ਹਾਂ ?'

ਗੱਲ ਵਿਚੋਂ ਕੱਟਣ ਕਰਕੇ ਥਾਣੇਦਾਰ ਥੋੜਾ ਨਰਾਜ਼ ਦਿੱਸਿਆ। ਫਿਰ ਵੀ ਉਸ ਨੇ ਕਿਹਾ, 'ਠੀਕ ਹੈ, ਤੁਸੀਂ ਮਿਲ ਲਵੋ, ਲੇਕਿਨ ਅਸੀਂ ਅਜੇ ਜ਼ਮਾਨਤ ਨਹੀਂ ਲੈਣਾ। ਮੈਨੂੰ ਇਸ ਲਈ ਉਪਰੋਂ ਪੁੱਛਣਾ ਪਵੇਗਾ, ਅਜੇ ਇਹ ਅੰਡਰ ਟਰਾਇਲ ਹੈ।' ਇਹ ਕਹਿੰਦੇ ਹੋਏ ਥਾਣੇਦਾਰ ਨੇ ਘੰਟੀ ਵਜਾਈ। ਇਕ ਸਿਪਾਹੀ ਸਲੂਟ ਮਾਰ ਕੇ ਹੁਕਮ ਦੀ ਉਡੀਕ ਵਿਚ ਖਲੋ ਗਿਆ। ਥਾਣੇਦਾਰ ਨੇ ਉਸ ਸਿਪਾਹੀ ਨੂੰ ਹੁਕਮ ਦੇਂਦੇ ਹੋਏ ਬੰਗਾਲੀ ਵਿਚ ਕਿਹਾ, 'ਚਾਰ ਨੰਬਰ ਦੇ ਹਿਰਾਸਤੀ ਨੂੰ ਇਹਨਾਂ ਲੋਕਾਂ ਨਾਲ ਮਿਲਵਾ ਦੇ। ਜਾਉ, ਤੁਸੀਂ ਉਸ ਨਾਲ ਮਿਲ ਲਵੋ।'

ਅਸੀਂ ਦੋਵੇਂ ਉਸ ਸਿਪਾਹੀ ਦੇ ਮਗਰ ਤੁਰ ਪਏ। ਸਿਪਾਹੀ ਸਾਨੂੰ ਉਸ ਕੋਠਰੀ ਕੋਲ ਲੈ ਗਿਆ ਜਿੱਥੇ ਨਗੀਨਾ ਬੰਦ ਸੀ।

ਜਦੋਂ ਅਸੀਂ ਹਵਾਲਾਤ ਕੋਲ ਪਹੁੰਚੇ ਤਾਂ ਨਗੀਨਾ ਸੀਖਾਂ ਪਿੱਛੋਂ ਟੁਕਰ-ਟੁਕਰ ਝਾਕ ਰਿਹਾ ਸੀ। ਸਾਨੂੰ ਵੇਖਦੇ ਸਾਰ ਹੀ ਉਹ ਫੁਟ-ਫੁਟ ਕੇ ਰੋ ਪਿਆ।

ਸਿਪਾਹੀ ਸਾਨੂੰ ਛੱਡਕੇ ਵਾਪਸ ਮੁੜ ਗਿਆ। ਨਗੀਨੇ ਦਾ ਚਿਹਰਾ ਮੈਥੋਂ ਪਛਾਣਿਆ ਹੀ ਨਾ ਗਿਆ। ਕੁਝ ਹੀ ਘੰਟਿਆਂ ਵਿਚ ਉਹ ਐਨਾ ਬਦਸੂਰਤ ਹੋ ਜਾਵੇਗਾ ਮੈਂ ਕਦੀ ਸੋਚਿਆ ਹੀ ਨਹੀਂ ਸੀ। ਨਗੀਨਾ ਰੋਈ ਜਾਂਦਾ ਤੇ ਇਹੋ ਗੱਲ ਦੁਬਾਰਾ ਕਰੀ ਜਾਂਦਾ ਕਿ ਬਾਬੂ ਜੀ ਮੈਨੂੰ ਬਚਾ ਲਵੋ। ਮੈਂ ਉਸ ਨੂੰ ਧੀਰਜ ਦੇਂਦਾ ਰਿਹਾ ਪਰ ਉਹ ਉਹ ਮੇਰੇ ਧੀਰਜ ਦੇਣ ਤੇ ਹੋਰ ਰੋਈ ਜਾਂਦਾ। ਮੈਂ ਉਸ ਨੂੰ ਚੁੱਪ ਕਰਾਉਂਦਿਆਂ ਕਿਹਾ, 'ਤੈਨੂੰ ਮਾਰਿਆ ਗਿਆ ਹੈ ਕਿਉਂ ?'

'ਹਾਂ ਬਾਬੂ ਜੀ, ਵੇਖੋ ਮੇਰਾ ਕੀ ਹਾਲ ਬਣਾ ਦਿੱਤਾ ਹੈ। ਇਹਨਾਂ ਲੋਕਾਂ ਨੇ ਮੇਰੇ ਅਗਲੇ ਦੰਦ ਵੀ ਤੋੜ ਦਿੱਤੇ ਹਨ ਅਤੇ ਸਿਗਰਟ ਨਾਲ ਮੇਰਾ ਸਾਰਾ ਸਰੀਰ ਸਾੜ ਦਿੱਤਾ ਹੈ, ਹਰ ਜਗਾਹ ਛਾਲੇ ਪੈ ਗਏ ਹਨ...।'

'ਇਹ ਸਭ ਕਿਵੇਂ ਹੋਇਆ, ਪੂਰੀ ਗੱਲ ਦੱਸ।' ਸੁਚਿਤਰਾ ਨੇ ਕਿਹਾ।

'ਭੈਣ ਜੀ, ਸਭ ਤੋਂ ਪਹਿਲਾਂ ਤਾਂ ਉਹਨਾਂ ਨੇ ਮੇਰੇ ਨਾਲ ਬਹੁਤ ਨੀਚ ਕੰਮ ਕੀਤਾ। ਫਿਰ ਦਸ ਵਜੇ ਥਾਣੇ ਲਿਆਏ ਤੇ ਇਕ ਕੋਠਰੀ ਵਿਚ ਲੈ ਗਏ ਉਥੇ ਕੋਈ ਵੱਡਾ ਅਫਸਰ ਸੀ। ਪਹਿਲਾਂ ਉਸ ਨੇ ਮੇਰਾ ਨਾਂ ਪਤਾ ਪੁੱਛਿਆ ਤੇ ਫਿਰ ਇਹ ਵੀ ਪੁੱਛਿਆ ਕਿ ਕਲਕੱਤੇ ਕਿਉਂ ਆਇਆਂ ਹਾਂ। ਏਨਾ ਸੁਣਦੇ ਹੀ ਉਹ ਮੈਨੂੰ ਬੈਂਤਾਂ ਨਾਲ ਕੁੱਟਣ ਲੱਗੇ। ਫਿਰ ਪੁੱਛਣ ਲੱਗੇ ਕਿ ਤੇਰੇ ਕਿਹੜੇ ਕਿਹੜੇ ਸਾਥੀ ਹਨ। ਉਹਨਾਂ ਦਾ ਨਾਂ ਦਸ, ਮੀਟਿੰਗ ਕਿੱਥੇ ਕਰਦੇ ਹੋ, ਕੀ ਕੀ ਹਥਿਆਰ ਹਨ ਅਤੇ ਕਿਥੇ ਰੱਖੇ ਹਨ। ਮੈਂ ਉਹਨਾਂ ਨੂੰ ਕਿਹਾ ਕਿ ਮੈਂ ਕੁਝ ਨਹੀਂ ਜਾਣਦਾ

ਤਾਂ ਉਹਨਾਂ ਨੇ ਭੈਣਜੀ ਮੇਰੇ ਹੱਥ-ਪੈਰ ਬੰਨ੍ਹਕੇ ਲੰਮੇ ਪਾ ਦਿੱਤਾ ਅਤੇ ਮੇਰੇ ਪੈਰਾਂ ਦੀਆਂ ਤਲੀਆਂ ਤੇ ਬੈਂਤ ਮਾਰੇ। ਫਿਰ ਮੈਂ ਇਸਦੇ ਬਾਦ ਬੇਹੋਸ਼ ਹੋ ਗਿਆ...।' ਨਗੀਨਾ ਰੋਣ ਲੱਗਾ।

ਰੋ ਨਾ, ਤੇਰੇ ਦੰਦ ਕਿਵੇਂ ਟੁੱਟੇ ?' ਮੈਂ ਕਿਹਾ।

ਨਗੀਨੇ ਨੇ ਕੋਠਰੀ ਵਿਚ ਰੱਖੇ ਘੜੇ ਵਿਚੋਂ ਪਾਣੀ ਪੀਤਾ ਅਤੇ ਫਿਰ ਦੱਸਣ ਲੱਗਾ। 'ਬਾਬੂ ਜੀ ਇਹ ਲੋਕ ਮੇਰੇ ਤੋਂ ਇਕ ਹੀ ਸਵਾਲ ਪੁਛਦੇ ਹਨ ਕਿ ਤੇਰੇ ਸਾਥੀ ਕਿਥੇ ਹਨ, ਮੈਨੂੰ ਨਕਸਲੀ ਕਹਿੰਦੇ ਹਨ। ਬਾਬੂ ਜੀ ਮੈਂ ਸੱਚ ਕਹਿੰਦਾ ਹਾਂ ਮੇਰਾ ਕੋਈ ਸਾਥੀ ਨਹੀਂ। ਵੇਖੋ ਮੈਂ ਸਭ ਕੁਝ ਦਸ ਦਿੱਤਾ ਹੈ ਸਿਰਫ ਇਕੋ ਗੱਲ ਨਹੀਂ ਦੱਸੀ ਕਿ ਘਰੋਂ ਕਿਉਂ ਭਜਿਆ ਹਾਂ। ਜਦ ਮੈਂ ਕੁਝ ਨਹੀਂ ਦਸਿਆ ਤਾਂ ਅਫ਼ਸਰ ਦੇ ਕਹਿਣ ਤੇ ਦੋ ਸਿਪਾਹੀ ਮੇਰੇ ਹੱਥਾਂ ਤੇ ਖੜੇ ਹੋ ਗਏ ਅਤੇ ਮੇਰਾ ਮੂੰਹ ਖੋਲਕੇ ਲਕੜੀ ਦਾ ਇਕ ਗੁੱਲਾ ਠੋਕ ਦਿੱਤਾ। ਇਕ ਸਿਪਾਹੀ ਨੇ ਕਸਕੇ ਮੇਰੇ ਵਾਲ ਫੜ ਲਏ। ਫਿਰ ਵੱਡੇ ਅਫ਼ਸਰ ਨੇ ਸੰਨੀ ਨਾਲ ਫੜਕੇ ਮੇਰਾ ਦੰਦ ਖਿਚਣਾ ਸ਼ੁਰੂ ਕੀਤਾ। ਮੈਂ ਤਾਂ ਚੀਕ ਵੀ ਨਹੀਂ ਸੀ ਸਕਦਾ। ਜਦ ਦਦ ਇਸ ਤਰ੍ਹਾਂ ਨਾ ਉਖੜਿਆ ਤਾਂ ਪੇਚ ਦੀ ਤਰ੍ਹਾਂ ਘੁਮਾਉਣਾ ਸ਼ੁਰੂ ਕਰ ਦਿੱਤਾ। ਫਿਰ ਤਾਂ ਮੈਨੂੰ ਹੋਸ਼ ਹੀ ਨਹੀਂ ਰਹੀ। ਜਦੋਂ ਹੋਸ਼ ਆਈ ਤਾਂ ਇਸ ਕੋਠਰੀ ਵਿੱਚ ਸਾਂ ਅਤੇ ਮੇਰੇ ਮੂੰਹ ਵਿਚੋਂ ਖੂਨ ਵੱਗ ਰਿਹਾ ਸੀ। ਬਾਬੂ ਜੀ ਮੈਨੂੰ ਬਚਾ ਲਵੋ। ਇਹ ਲੋਕ ਮੈਨੂੰ ਨਕਸਲੀ ਕਹਿੰਦੇ ਹਨ। ਇਹਨਾਂ ਨੂੰ ਕਹਿ ਦੇਵੋ ਕਿ ਮੈਂ ਨਕਸਲੀ ਸਾਹਬ ਨਹੀਂ ਹਾਂ।' ਏਨਾ ਕਹਿਕੇ ਨਗੀਨਾ ਡਿੱਗਕੇ ਬੇਹੋਸ਼ ਹੋ ਗਿਆ। ਅਸੀਂ ਨਗੀਨੇ ਨੂੰ ਬੁਲਾਇਆ। ਕੁਝ ਦੇਰ ਬਾਦ ਉਹ ਸੀਖਾਂ ਕੋਲ ਆ ਗਿਆ। ਮੈਂ ਉਸ ਨੂੰ ਹੌਂਸਲਾ ਦੇਂਦੇ ਹੋਏ ਕਿਹਾ, 'ਵੇਖ, ਨਗੀਨੇ ਅਸੀਂ ਤੈਨੂੰ ਛੁਡਾ ਲਵਾਂਗੇ ਪਰ ਇਕ ਗੱਲ ਦਾ ਧਿਆਨ ਰੱਖੀਂ ਕਿ ਜੇ ਉਹ ਪੁਛਣ ਤਾਂ ਤੂੰ ਕਹੀਂ ਕਿ ਤੂੰ ਸਾਡਾ ਨੌਕਰ ਏਂ ਤੇ ਅਸੀਂ ਦੋਵੇਂ ਪਤੀ ਪਤਨੀ, ਸਮਝੇ ?' 'ਜੀ ਸਮਝ ਗਿਆ, ਮੈਂ ਇਹੋ ਕਹਾਂਗਾ। ਲੇਕਿਨ ਬਾਬੂ ਜੀ ਹੁਣ ਮੇਰੇ ਕੋਲੋਂ ਬੋਲਿਆ ਨਹੀਂ ਜਾ ਰਿਹਾ। ਮੇਰਾ ਮੂੰਹ ਕਿੰਨਾ ਸੁੱਜ ਗਿਆ ਹੈ। ਉਹਨਾਂ ਨੂੰ ਇਕ ਗੱਲ ਜ਼ਰੂਰ ਕਹਿ ਦੇਣਾ ਕਿ ਮੈਂ ਨਕਸਲੀ ਸਾਹਬ ਨਹੀਂ ਹਾਂ ਤੇ ਨਾ ਮੈਂ ਕਿਸੇ ਨਕਸਲੀ ਸਾਹਬ ਨੂੰ ਜਾਣਦਾ ਹਾਂ।'

'ਠੀਕ ਹੈ, ਇਤਮੀਨਾਨ ਰੱਖ, ਪਰਸੋਂ ਉਹ ਤੈਨੂੰ ਜ਼ਮਾਨਤ ਤੇ ਛੱਡ ਦੇਣਗੇ। ਲੇਕਿਨ ਮੇਰੀ ਗੱਲ ਯਾਦ ਰੱਖੀਂ ਤੂੰ ਉਹੋ ਕਹਿਣਾ ਜੋ ਮੈਂ ਤੈਨੂੰ ਦੱਸਿਆ ਹੈ।'

ਅਸੀਂ ਦੁਬਾਰਾ ਥਾਣੇਦਾਰ ਦੀ ਕੈਬਿਨ ਵਿਚ ਮੁੜ ਆਏ। ਥਾਣੇਦਾਰ ਨੇ ਕਿਹਾ, 'ਅਸੀਂ ਉਸ ਤੋਂ ਕਾਫ਼ੀ ਪੁੱਛ ਗਿੱਛ ਕਰ ਲਈ ਹੈ, ਮੈਨੂੰ ਵੀ ਲਗਦਾ ਹੈ ਕਿ ਇਹ ਮੁਜ਼ਰਮ ਨਹੀਂ ਹੈ। ਫਿਰ ਵੀ ਇਸ ਨੂੰ ਨਕਸਲਬਾੜੀ ਹੋਣ ਕਰਕੇ ਬੰਦ ਕੀਤਾ ਗਿਆ ਹੈ। ਇਸ ਦੀ ਜ਼ਮਾਨਤ ਵਾਸਤੇ ਮੈਨੂੰ ਉਪਰੋਂ ਅਦੇਸ਼ ਲੈਣਾ ਹੋਵੇਗਾ। ਬੇਹਤਰ ਹੋਵੇਗਾ, ਤੁਸੀਂ ਪਰਸੋਂ ਸ਼ਾਮ ਨੂੰ ਆਵੋ, ਇਸ ਦੌਰਾਨ ਅਸੀਂ ਹੋਰ ਛਾਣਬੀਣ ਕਰ ਲਵਾਂਗੇ।'

'ਸੱਚ ਗੱਲ ਇਹ ਹੈ ਸਰ ਕਿ ਇਹ ਬੇਗੁਨਾਹ ਹੈ, ਮੈਂ ਸਟੇਸ਼ਨ ਤੇ ਤੁਹਾਡੇ ਸਿਪਾਹੀਆਂ ਨੂੰ ਸਮਝਾਉਂਦਾ ਰਿਹਾ ਲੇਕਿਨ ਉਹ ਲੋਕ ਮੰਨਣ ਲਈ ਬਿਲਕੁਲ ਤਿਆਰ ਨਹੀਂ ਸਨ।' ਮੈਂ ਦ੍ਰਿੜਤਾ ਨਾਲ ਕਿਹਾ।

'ਇਹ ਵੇਖਣਾ ਸਾਡਾ ਕੰਮ ਹੈ ਕਿ ਕੌਣ ਕੀ ਹੈ,ਤੁਸੀਂ ਲੋਕ ਜਾਉ, ਪਰਸੋਂ ਸ਼ਾਮ ਨੂੰ ਆ ਜਾਣਾ।' ਥਾਣੇਦਾਰ ਨੇ ਕਿਹਾ। ਅਸੀਂ ਦੋਵੇਂ ਥਾਣਿਉਂ ਮੁੜ ਆਏ। ਮਨ ਵਿਚ ਜਿੱਥੇ ਨਗੀਨੇ ਦੇ ਛੁੱਟ ਜਾਣ ਦੀ ਉਮੀਦ ਸੀ ਨਾਲ ਹੀ ਉਸ ਤੇ ਲੱਗੇ ਦੋਸ਼ ਦੀ ਚਿੰਤਾ ਵੀ ਸੀ। ਫਿਰ ਵੀ ਅਸੀਂ ਤਨਾਅ ਮੁਕਤ ਸਾਂ, ਪਰਸੋਂ ਦੀ ਉਮੀਦ ਕਰਕੇ। ਸੁਚਿਤਰਾ ਵੀ ਕਾਫ਼ੀ ਖੁਸ਼ ਸੀ। ਉਹ ਮੇਰੇ ਵਲ ਰਾਹ ਵਿਚ ਵਾਰ ਵਾਰ ਵੇਖਦੀ ਰਹੀ। ਇਕ ਥਾਂ ਤੇ ਜਿੱਥੇ ਅਸਾਂ ਸੜਕ ਪਾਰ ਕਰਨੀ ਸੀ, ਸੁਚਿਤਰਾ ਨੇ ਮੈਨੂੰ ਰੁਕਣ ਦਾ ਇਸ਼ਾਰਾ ਕੀਤਾ, ਠਹਿਰੋ, ਜੇ ਤੁਸੀਂ ਗੰਭੀਰਤਾ ਨਾਲ ਲਵੋ ਤਾਂ ਮੈਂ ਇਕ ਗੱਲ ਕਰਨਾ ਚਾਹੁੰਦੀ ਹਾਂ।'

'ਕਹਿ, ਮੈਂ ਬਿਲਕੁਲ ਗੰਭੀਰ ਹਾਂ।' ਮੈਂ ਕਾਫ਼ੀ ਹਲਕਾ ਅਤੇ ਪ੍ਰਸੰਨ ਚਿੱਤ ਸਾਂ।

'ਤੁਸੀਂ ਮੇਰੇ ਨਾਲ ਵਿਆਹ ਕਰੋਗੇ ?' ਸੁਚਿਤਰਾ ਨੇ ਸਹਿਜਤਾ ਨਾਲ ਪੁੱਛਿਆ।

'ਵਿਆਹ ? ਹਾਂ, ਕਰਾਂਗਾ। ਤੇਰੇ ਨਾਲ ਵਿਆਹ ਕਰਾਂਗਾ।' ਮੈਂ ਅੰਦਰੋਂ ਚੌਂਕਦੇ ਹੋਏ ਉਪਰੋਂ ਬਿਲਕੁਲ ਸਹਿਜ ਹੋ ਕੇ ਕਿਹਾ।

'ਤੁਸੀਂ ਇਸ ਨੂੰ ਗੰਭੀਰਤਾ ਨਾਲ ਲੈ ਰਹੇ ਹੋ ਨਾ ?'

'ਬਿਲਕੁਲ ਗੰਭੀਰਤਾ ਨਾਲ ਲੈ ਰਿਹਾ ਹਾਂ, ਤੈਨੂੰ ਸ਼ੱਕ ਹੈ ਕੋਈ ?'

'ਨਹੀਂ ਏਹੋ ਜੇਹੀ ਕੋਈ ਗੱਲ ਨਹੀ। ਮੈਨੂੰ ਤੁਹਾਡੇ ਤੇ ਸ਼ੁਰੂ ਤੋਂ ਹੀ ਕੋਈ ਸ਼ੰਕਾ ਨਹੀਂ ਹੈ। ਵੈਸੇ ਇਹ ਪ੍ਰੋਪੋਜ਼ਲ ਅਚਾਨਕ ਤੁਹਾਨੂੰ ਕਿਹੋ ਜਿਹੀ ਲੱਗੀ ? ਸੁਚਿਤਰਾ ਨੇ ਮੁਸਕਰਾਂਦੇ ਹੋਏ ਕਿਹਾ।

'ਠੀਕ। ਇਕਦਮ ਠੀਕ। ਇਹ ਵੀ ਵਧੀਆ ਹੋਇਆ ਕਿ ਜਿਸ ਗੱਲ ਨੂੰ ਅਸੀਂ ਚਾਰ-ਪੰਜ ਸਾਲਾਂ ਤੋਂ ਨਹੀਂ ਕਹਿ ਸਕੇ ਸਾਂ ਅੱਜ ਇਹ ਸਮੱਸਿਆ ਵੀ ਹਲ ਹੋ ਗਈ।' ਅਸੀਂ ਸੜਕ ਪਾਰ ਕਰਨ ਲੱਗੇ।

ਘਰ ਆ ਕੇ ਅਸਾਂ ਸੁਚਿਤਰਾ ਦੇ ਪਿਤਾ ਜੀ ਨੂੰ ਪੂਰੀ ਰੀਪੋਰਟ ਦਿੱਤੀ ਅਤੇ ਦਸਿਆ ਕਿ ਪਰਸੋਂ ਜ਼ਮਾਨਤ ਹੋ ਜਾਵੇਗੀ। ਅਸੀਂ ਆਪਣੇ ਕਮਰੇ ਵਿਚ ਆ ਗਏ।

ਸੁਚਿਤਰਾ ਥੋੜੀ ਦੇਰ ਮੇਰੇ ਕੋਲ ਬੈਠੀ ਗੱਪਾਂ ਮਾਰਦੀ ਰਹੀ ਫਿਰ ਰਸੋਈ ਵਿਚ ਚਲੀ ਗਈ।

... ... ...

ਦੂਸਰੇ ਦਿਨ ਅਸੀਂ ਟਹਿਲਦੇ ਹੋਏ ਵਿਕਟੋਰੀਆ ਪਾਰਕ ਵਲ ਨਿਕਲ ਗਏ। ਅਸੀਂ ਦੋਵੇਂ ਬੇਹਦ ਹਲਕੇ ਮੂਡ ਵਿਚ ਘੁੰਮ ਰਹੇ ਸਾਂ। ਨਗੀਨੇ ਵਲੋਂ ਅਸੀਂ ਦੋਵੇਂ ਬੇਫ਼ਿਕਰ ਸਾਂ। ਦਿਮਾਗ ਵਿਚ ਕੋਈ ਤਨਾਅ ਨਹੀਂ ਸੀ। ਮੈਂ ਸੁਚਿਤਰਾ ਨੂੰ ਪੁਛਿਆ, 'ਇਕ ਗੱਲ ਦਸ ਸੁਚਿਤਰਾ, ਤੂੰ ਵਿਆਹ ਦੇ ਬਾਰੇ ਐਨੇ ਸਹਿਜ ਢੰਗ ਨਾਲ ਕਿਵੇਂ ਕਹਿ ਦਿੱਤਾ, ਅਤੇ ਫਿਰ ਤੂੰ ਕਲ੍ਹ ਦਾ ਹੀ ਸਮਾਂ ਕਿਉਂ ਚੁਣਿਆ ?

ਸੁਚਿਤਰਾ ਥੋੜ੍ਹਾ ਜਿਹਾ ਹੱਸੀ, 'ਦਰਅਸਲ ਮੈਂ ਤੁਹਾਡੇ ਕੋਲੋ ਯੂਨੀਵਰਸਿਟੀ ਵਿਚ ਹੀ ਪ੍ਰਭਾਵਤ ਹੋ ਗਈ ਸਾਂ। ਫਿਰ ਦਾਦਾ ਆ ਗਏ, ਤੁਸੀਂ ਰੁਝ ਗਏ। ਮੈਨੂੰ ਓਦੋਂ ਸੰਗ ਵੀ ਆਉਂਦੀ ਸੀ। ਕਲ੍ਹ ਜਦੋਂ ਅਸੀਂ ਥਾਣੇ ਜਾਣ ਤੋਂ ਪਹਿਲਾਂ ਸਲਾਹ ਕਰ ਰਹੇ ਸਾਂ ਅਤੇ ਤੁਸਾਂ ਮੈਨੂੰ ਪਤਨੀ ਦਾ ਸਾਂਗ ਰਚਣ ਲਈ ਕਿਹਾ ਸੀ ਤਦ ਮੇਰੇ ਅੰਦਰ ਇਕ ਔਰਤ ਜਾਗ ਗਈ। ਉਹ ਔਰਤ ਜੋ ਪਹਿਲਾਂ ਮਰ ਗਈ ਸੀ। ਜਦ ਅਸੀਂ ਮੁੜਨ ਲੱਗੇ ਤਾਂ ਅਚਾਨਕ ਮੈਂ ਕਹਿ ਦਿੱਤਾ। ਤੁਸੀਂ ਵੀ ਉਸੇ ਸਹਿਜਤਾ ਨਾਲ ਜਵਾਬ ਦਿੱਤਾ ਤਾਂ ਉਸੇ ਪਲ ਮੇਰਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਕਿ ਮੇਰਾ ਕਹਿਣਾ ਨਾ ਤਾਂ ਬੇਮੌਕਾ ਸੀ ਅਤੇ ਨਾ ਹੀ ਮੇਰੀ ਚੋਣ ਗਲਤ ਸੀ।'

'ਠੀਕ ਹੈ ਤੇਰੀ ਚੋਣ ਗਲਤ ਨਹੀਂ ਹੈ। ਮੈਂ ਰਾਤ ਭਰ ਏਸੇ ਵਿਸ਼ੇ ਤੇ ਸੋਚਦਾ ਰਿਹਾ ਹਾਂ ਅਤੇ ਇਸੇ ਨਤੀਜੇ ਤੇ ਪਹੁੰਚ ਸਕਿਆ ਹਾਂ ਕਿ ਮੇਰੇ ਲਈ ਤੂੰ ਇਕ ਅੱਛੀ ਪਤਨੀ ਹੋਵੇਂਗੀ।'

ਮੈਨੂੰ ਸਿਰਫ ਇਕ ਗੱਲ ਦਾ ਡਰ ਹੈ, ਜੇ ਨਗੀਨਾ ਨਾ ਛੁਟਿਆ ਤਾਂ...। ਸੁਚਿਤਰਾ ਥੋੜਾ ਗੰਭੀਰ ਹੋ ਗਈ। 'ਮੈਂ ਬੇਹੱਦ ਭਾਵੁਕ ਹਾਂ...ਲੇਕਿਨ ਸਿਧਾਂਤਾਂ ਵਿਚ ਮੈਂ ਨਿਤਨ ਦਾਦਾ ਨਾਲੋਂ ਵੀਹ ਹੀ ਹਾਂ।'

'ਖ਼ੈਰ, ਤੂੰ ਪਿਤਾ ਜੀ ਨਾਲ ਕਦੀ ਜ਼ਿਕਰ ਕੀਤਾ ਹੈ ?'

'ਹਾਂ ਬਹੁਤ ਪਹਿਲਾਂ। ਨਿਤਨ ਦਾਦਾ ਉਸ ਸਮੇਂ ਸਨ। ਤੁਸੀਂ ਪਿਤਾ ਜੀ ਨੂੰ ਨਹੀਂ ਜਾਣਦੇ, ਉਹ ਤਿਲੰ-ਗਾਨਾ ਅੰਦੋਲਨ ਵਿਚ ਸਰਗਰਮ ਰਹੇ ਸਨ...ਮੇਰੀ ਮਾਂ ਉਹਨਾਂ ਦੇ ਨਾਲ ਕੰਮ ਕਰਦੀ ਸੀ। ਉਹਨਾਂ ਦਾ ਵਿਆਹ ਉਸੇ ਦੌਰਾਨ ਹੋਇਆ ਸੀ। ਪਿਤਾ ਜੀ ਨੂੰ ਜਿਹੜੀ ਗੱਲ ਅੱਜ ਤੱਕ ਰੜਕਦੀ ਹੈ ਉਹ ਇਹ ਹੈ ਕਿ ਉਹਨਾਂ ਦੇ ਬੱਚੇ ਗੁਲਾਮ ਮੁਲਕ ਵਿਚ ਜਨਮੇ...। ਪਰ ਤੁਸੀਂ ਯਾਦ ਰੱਖੋ ਅਸੀਂ ਤਦ ਤੱਕ ਬੱਚੇ ਪੈਦਾ ਨਹੀਂ ਕਰਨੇ ਜਦ ਤੱਕ ਇਹ ਗੁਲਾਮੀ ਅਸੀਂ ਖ਼ਤਮ ਨਹੀਂ ਕਰ ਲੈਂਦੇ।'

'ਸੁਚਿਤਰਾ, ਤੂੰ ਬੇਹੱਦ ਰੁਮਾਂਟਿਕ ਇਨਕਲਾਬੀ ਏ। ਇਸ ਤਰ੍ਹਾਂ ਕਿਤੇ ਕੰਮ ਹੁੰਦਾ ਹੈ ? ਇਨਕਲਾਬ ਦਾ ਕੰਮ ਕਿਤੇ ਇਕ ਦਿਨ ਦਾ ਤਾਂ ਨਹੀਂ ਹੁੰਦਾ...ਇਹ ਇਕ ਪੂਰਾ ਪਰੋਸੈਸ ਹੈ...ਹੌਲੀ-ਹੌਲੀ ਹੁੰਦਾ ਹੈ। ਇਕ ਦਿਨ ਦੇ ਕ੍ਰਾਂਤੀਕਾਰੀਆਂ ਦਾ ਹਸ਼ਰ ਤਾਂ ਤੂੰ ਵੇਖ ਚੁੱਕੀ ਏਂ, ਨਿਤਨ ਦਾਦਾ ਇਸੇ ਗੱਲ ਦੇ ਸ਼ਿਕਾਰ ਸਨ...ਬੁਰਾ ਨਾ ਮੰਨਾਈ, ਤੂੰ ਮੈਨੂੰ ਰਿਵਿਜ਼ਨਿਸਟ ਨਾ ਸਮਝੀਂ... ਕ੍ਰਾਂਤੀ ਰੁਮਾਂਟਿਕ ਨਹੀਂ ਹੁੰਦੀ...। ਖ਼ੈਰ ਛੱਡੋ, ਅਸੀਂ ਫਿਰ ਉਲਝਦੇ ਜਾ ਰਹੇ ਹਾਂ...ਇਸ ਵਿਸ਼ੇ ਤੇ ਫਿਰ ਗੱਲ ਕਰਾਂਗੇ।' ਮੈਂ ਚੁੱਪ ਹੋ ਗਿਆ।

ਸੁਚਿਤਰਾ ਮੇਰੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ। ਉਸ ਨੂੰ ਮੇਰੀਆਂ ਗੱਲਾਂ ਚੰਗੀਆਂ ਲੱਗ ਰਹੀਆਂ ਸਨ।

'ਹਾਂ ਤਾਂ ਇਹ ਦਸੋ, ਪ੍ਰੋਫੈਸਰ ਸੁਰਿੰਦਰ ਤ੍ਰਿਪਾਠੀ ਤੁਹਾਡੇ ਹੋਸਟਲ ਵਾਰਡਨ ਸਨ ਨਾ ?'

'ਹਾਂ ਉਹੋ ਸਨ। ਇਹ ਅਚਾਨਕ ਤ੍ਰਿਪਾਠੀ ਜੀ ਕਿਵੇਂ ਯਾਦ ਆ ਗਏ।'

'ਬਸ ਯਾਦ ਆ ਗਏ, ਉਹਨਾਂ ਦਾ ਇਕ ਕਿੱਸਾ ਸਾਡੇ ਹੋਸਟਲ ਵਿਚ ਬਹੁਤ ਮਸ਼ਹੂਰ ਸੀ। ਜਾਣਦੇ ਹੋ ਸ੍ਰੀ ਮਾਨ ਜੀ ਇਸ ਤਰ੍ਹਾਂ ਦੇ...ਅਰੇ ਇਹ ਕੀ...? ਪੁਲੀਸ ਜੀਪ ਵਿਚ ਨਗੀਨਾ ?'

'ਕੀ ? ਨਗੀਨਾ ? ਪੁਲੀਸ ਜੀਪ ਵਿਚ ?' ਮੈਂ ਵੀ ਹੈਰਾਨ ਸੀ।

'ਹਾਂ-ਹਾਂ, ਹੁਣੇ ਹੁਣੇ ਜੋ ਜੀਪ ਲੰਘੀ ਹੈ, ਉਸ ਵਿਚ ਨਗੀਨਾ ਹੀ ਸੀ। ਦੋ ਮੁੰਡੇ ਹੋਰ ਬੈਠੇ ਸਨ...ਚਲੋ ਵੇਖਦੇ ਹਾਂ।' ਸੁਚਿਤਰਾ ਮੇਰਾ ਹੱਥ ਫੜਕੇ ਖਿੱਚਦੀ ਹੋਈ ਲੈ ਗਈ।

'ਉਹ ਰਹੀ ਜੀਪ, ਮੈਦਾਨ ਵਿਚ...ਚਲੋ, ਚਲੋ...। ਇਹਨਾਂ ਲੋਕਾਂ ਦਾ ਕੋਈ ਪਤਾ ਨਹੀਂ...ਦਾਦਾ ਦਾ ਵੀ ਪੁਲੀਸ ਮੁਕਾਬਲਾ ਬਣਾਇਆ ਸੀ...। ਇਹ ਹਰਾਮਜ਼ਾਦੇ ਕੁਝ ਵੀ ਕਰ ਸਕਦੇ ਹਨ...।' ਸੁਚਿਤਰਾ ਜਿਵੇਂ ਬਦਹਵਾਸ ਹੋ ਗਈ ਹੋਵੇ।

ਅਸੀਂ ਤੇਜ਼-ਤੇਜ਼ ਜੀਪ ਵੱਲ ਵਧੇ। ਜੀਪ ਵਿਕਟੋਰੀਆ ਪਾਰਕ ਦੇ ਵਿਚਕਾਰ ਖੜੀ ਸੀ। ਸਾਨੂੰ ਹੁਣ ਜੀਪ ਵਿਚਲੀ ਹਰ ਹਰਕਤ ਸਾਫ ਦਿਸ ਰਹੀ ਸੀ। ਜੀਪ ਵਿਚੋਂ ਪਹਿਲਾਂ ਬੰਦੂਕਾਂ ਲਈ ਦੋ ਸਿਪਾਹੀ ਉਤਰੇ, ਫਿਰ ਨਗੀਨੇ ਨੂੰ ਲਾਹਿਆ ਗਿਆ। ਨਗੀਨੇ ਦੇ ਦੋਵੇਂ ਹੱਥ ਬੰਨੇ ਹੋਏ ਸਨ। ਫਿਰ ਇਕ ਪੁਲੀਸ ਅਫਸਰ ਉਤਰਿਆ। ਅਸੀਂ ਕਰੀਬ ਜੀਪ ਤੋਂ ਡੇਢ ਸੌ ਮੀਟਰ ਦੂਰ ਰਹਿ ਗਏ ਸਾਂ। ਪਾਰਕ ਵਿਚ ਕੁਝ ਹੋਰ ਲੋਕ

ਟਹਿਲ ਰਹੇ ਸਨ। ਅਸੀਂ ਸਾਫ਼ ਵੇਖਿਆ ਪਹਿਲਾਂ ਇਨ੍ਹਾਂ ਦੇ ਹੱਥ-ਪੈਰ ਖੋਲ੍ਹੇ ਗਏ ਫਿਰ ਅਫ਼ਸਰ ਨੇ ਚੀਖ ਕੇ ਕਿਹਾ, 'ਭੱਜੋ।'

ਤਿੰਨੇ ਮੁੰਡੇ ਪੂਰੀ ਤਾਕਤ ਨਾਲ ਦੌੜੇ। ਫਿਰ ਠਾਹ-ਠਾਹ ਦੀਆਂ ਤਿੰਨ ਅਵਾਜ਼ਾਂ ਹੋਈਆਂ ਤੇ ਫਿਰ ਲਹੂ-ਲੁਹਾਨ ਤਿੰਨੇ ਬੱਚੇ ਡਿੱਗ ਕੇ ਤੜਫਨ ਲੱਗੇ। ਗੋਲੀਆਂ ਦੀ ਅਵਾਜ਼ ਸੁਣਕੇ ਚਾਰੇ-ਪਾਸੇ ਭੱਜ-ਦੌੜ ਮੱਚ ਗਈ। ਲੋਕ ਏਧਰ-ਓਧਰ ਭੱਜਣ ਲੱਗੇ।

ਪੁਲੀਸ ਦੀ ਜੀਪ ਮੁੜੀ ਅਤੇ ਫਰਾਟੇ ਮਾਰਦੀ ਨਿਕਲ ਗਈ। ਇਹ ਸਭ ਕੁਝ ਪਲਾਂ ਵਿਚ ਹੀ ਹੋ ਗਿਆ। ਮੈਂ ਕੁਝ ਸਮਝ ਹੀ ਨਹੀਂ ਸਕਿਆ। ਚੁੱਪਚਾਪ ਇਕਦਮ ਸਿੱਧਾ ਖਲੋਤਾ ਰਿਹਾ ਜਿਵੇਂ ਮੈਨੂੰ ਕਾਠ ਮਾਰ ਗਿਆ ਹੋਵੇ। ਸੁਚਿਤਰਾ ਨੇ ਬੜੀ ਫੁਰਤੀ ਵਿਖਾਈ ਤੇ ਮੈਨੂੰ ਸੜਕ ਤੇ ਘੜੀਸ ਲਿਆਈ। ਮੈਂ ਹੱਕਾ-ਬੱਕਾ ਰਹਿ ਗਿਆ।

ਸੁਚਿਤਰਾ ਬੁਰੀ ਤਰ੍ਹਾਂ ਹਫ਼ ਰਹੀ ਸੀ। ਜਿਵੇਂ ਜ਼ਖਮੀ ਹੋ ਗਈ ਹੋਵੇ। ਉਸ ਦੀਆਂ ਅੱਖਾਂ ਵਿਚ ਵੈਹਸ਼ੀ ਭਾਵ ਤਰਨ ਲੱਗੇ ਸਨ। ਅੱਖਾਂ 'ਚ ਲਹੂ ਉਤਰ ਆਇਆ ਸੀ।

'ਸੁਚਿਤਰਾ, ਸੁਚਿਤਰਾ', ਮੈਂ ਉਸ ਨੂੰ ਝੰਜੋੜਿਆ।

'ਮੈਂ ਠੀਕ ਹਾਂ, ਮੈਂ ਇਹ ਪਸ਼ੂ-ਪੁਣਾ ਨਹੀਂ ਵੇਖ ਸਕਦੀ। ਨਹੀਂ, ਇਹ ਸਹਿਣਯੋਗ ਨਹੀਂ ਹੈ?...ਚਲੋ ਘਰ ਚਲੀਏ।' ਸੁਚਿਤਰਾ ਤੇਜ਼ ਤੇਜ਼ ਕਦਮਾਂ ਨਾਲ ਘਰ ਵੱਲ ਚੱਲ ਪਈ। ਮਗਰ-ਮਗਰ ਮੈਂ ਤੁਰ ਪਿਆ। ਘਰ ਆ ਕੇ ਸੁਚਿਤਰਾ ਇਕਦਮ ਗੁੰਮਸੁੰਮ ਹੋ ਗਈ। ਉਹ ਹੁਣ ਵੀ ਜ਼ਖ਼ਮੀ ਸ਼ੇਰਨੀ ਵਾਂਗ ਹਫ ਰਹੀ ਸੀ। ਉਸਦਾ ਸਾਰਾ ਸਰੀਰ ਕੰਬ ਰਿਹਾ ਸੀ।

ਸੁਚਿਤਰਾ ਤੂੰ ਠੀਕ ਤਾਂ ਹੈ।' ਮੈਂ ਅਹਿਸਤਾ ਨਾਲ ਉਸਦੀ ਪਿੱਠ ਤੇ ਹੱਥ ਰੱਖਦੇ ਹੋਏ ਕਿਹਾ।

'ਹਾਂ ਠੀਕ ਹਾਂ। ਬਿਲਕੁਲ ਠੀਕ ਹਾਂ। ਮੈਨੂੰ ਥੋੜ੍ਹੀ ਦੇਰ ਲਈ ਇਕੱਲਾ ਛੱਡ ਦੇਵੋ।'

ਮੈਂ ਚੁੱਪਚਾਪ ਵਾਪਸ ਆਪਣੇ ਕਮਰੇ ਵਿਚ ਚਲਿਆ ਗਿਆ। ਮੇਰੇ ਦਿਮਾਗ਼ ਵਿਚ ਵਾਰ-ਵਾਰ ਨਗੀਨੇ ਦਾ ਤੜਪ ਕੇ ਡਿੱਗਣਾ ਆ ਰਿਹਾ ਸੀ। ਮੈਂ ਆਪਣਾ ਸਿਰ ਮੇਜ਼ ਤੇ ਟਿਕਾ ਦਿੱਤਾ ਸੀ। ਇਸੇ ਹਾਲਤ ਵਿਚ ਮੈਂ ਕਿੰਨਾ ਚਿਰ ਪਿਆ ਰਿਹਾ ਯਾਦ ਨਹੀਂ। ਹਾਂ ਸੁਚਿਤਰਾ ਨੇ ਮੇਰੇ ਮੋਢੇ ਤੇ ਹੱਥ ਰੱਖ ਕੇ ਜਗਾਇਆ। ਉਹ ਚਾਹ ਦਾ ਕੱਪ ਲਈ ਖੜੀ ਸੀ। ਥੋੜੀ ਦੇਰ ਬਾਦ ਉਹ ਆਪਣੀ ਚਾਹ ਵੀ ਲੈ ਆਈ। ਅਸੀਂ ਦੋਵੇਂ ਉਪਰੋਂ ਚੁੱਪ ਸਾਂ ਪਰ ਅੰਦਰ ਹੀ ਅੰਦਰ ਇਕ ਜੰਗ ਚਲ ਰਹੀ ਸੀ।

... ... ...

ਰਾਤ ਕਾਫੀ ਹੋ ਗਈ ਸੀ। ਮੈਂ ਰੋਟੀ ਨਾ ਖਾਧੀ। ਸੁਚਿਤਰਾ ਨੇ ਇਕ ਦੋ ਵਾਰ ਪੁੱਛਿਆ ਵੀ। ਮੈਂ ਮਨ੍ਹਾ ਕਰ ਦਿੱਤਾ। ਸੁਚਿਤਰਾ ਵੀ ਬੇਹੱਦ ਗੰਭੀਰ ਸੀ, ਪਿਤਾ ਜੀ ਸ਼ਾਇਦ ਬਜ਼ਾਰ ਗਏ ਸਨ, ਉਹ ਕਦ ਵਾਪਸ ਆਏ ਮੈਨੂੰ ਨਹੀਂ ਪਤਾ। ਸੁਚਿਤਰਾ ਵੀ ਆਪਣੇ ਕਮਰੇ ਵਿਚ ਵਾਪਸ ਜਾ ਚੁੱਕੀ ਸੀ। ਮੈਂ ਆਪਣੇ ਬਿਸਤਰੇ ਤੇ ਰਾਤ ਦੋ ਵਜੇ ਤੱਕ ਚੁੱਪਚਾਪ ਲੇਟਿਆ ਰਿਹਾ। ਫਿਰ ਕਦ ਨੀਂਦ ਆ ਗਈ ਕੁਝ ਪਤਾ ਨਹੀਂ ਲੱਗਿਆ।

ਸਵੇਰ ਹੋਈ। ਮੈਂ ਕਾਫੀ ਥੱਕਿਆ ਲੱਗ ਰਿਹਾ ਸਾਂ। ਅੱਜ ਸਵੇਰੇ ਚਾਹ ਲੈ ਕੇ ਜਦ ਸੁਚਿਤਰਾ ਨਾ ਆਈ ਤਾਂ ਮੈਂ ਖ਼ੁਦ ਉਠਕੇ ਉਸਦੇ ਕਮਰੇ ਵੱਲ ਗਿਆ। ਉਸਦਾ ਕਮਰਾ ਖੁੱਲ੍ਹਾ ਪਿਆ ਸੀ ਪਰ ਸੁਚਿਤਰਾ ਦਾ ਕੋਈ ਪਤਾ ਨਹੀਂ ਸੀ। ਮੈਂ ਉਸਦੇ ਪਿਤਾ ਜੀ ਨੂੰ ਪੁੱਛਿਆ, ਉਹਨਾਂ ਨੇ ਵੀ ਕੁਝ ਨਹੀਂ ਦਸਿਆ। ਮੈਂ ਵਾਪਸ ਆਪਣੇ ਕਮਰੇ ਵਿਚ ਆ ਗਿਆ। ਦਿਨ ਦੇ ਅੱਠ ਵਜੇ ਦੇ ਕਰੀਬ ਮੈਂ ਫਿਰ ਸੁਚਿਤਰਾ ਦੇ ਕਮਰੇ ਵਿਚ ਗਿਆ, ਹੁਣ ਵੀ ਸੁਚਿਤਰਾ ਦਾ ਕੋਈ ਪਤਾ ਨਹੀਂ ਸੀ। ਮੈਂ ਪਰੇਸ਼ਾਨ ਜਿਹਾ ਅਜੇ ਘਰੋਂ ਬਾਹਰ ਨਿਕਲ ਹੀ ਰਿਹਾ ਸਾਂ ਕਿ ਸੁਚਿਤਰਾ ਹੱਥ ਵਿਚ ਅਖ਼ਬਾਰ ਲਈ ਅੰਦਰ ਆਈ। ਮੈਂ ਥੋੜਾ ਖਿਝਦੇ ਹੋਏ ਕਿਹਾ, 'ਜਾਣ ਤੋਂ ਪਹਿਲਾਂ ਘੱਟੋ ਘੱਟ ਪਿਤਾ ਜੀ ਨੂੰ ਤਾਂ ਕਹਿ ਜਾਂਦੀ, ਮੈਂ ਪਰੇਸ਼ਾਨ ਹਾਂ ਤੂੰ ਗਾਇਬ!'

'ਤੁਸੀਂ ਘੁਰਾੜੇ ਮਾਰ ਰਹੇ ਸੀ, ਦੇਰ ਨਾਲ ਸੁਤੇ ਹੋਵੋਗੇ। ਅੰਦਰ ਆ ਜਾਵੋ, ਤੁਹਾਨੂੰ ਅਜ਼ਾਦ ਮੁਲਕਾਂ ਦਾ ਨਕਸ਼ਾ ਵਿਖਾਵਾਂ।' ਸੁਚਿਤਰਾ ਨੇ ਅੰਦਰ ਆਉਂਦੇ ਹੀ ਬੰਗਾਲੀ ਦਾ ਇਕ ਤਾਜ਼ਾ ਅਖ਼ਬਾਰ ਮੇਰੇ ਸਾਹਮਣੇ ਲਿਆ ਰੱਖਿਆ। ਅਖ਼ਬਾਰ ਦੇ ਬਾਹਰਲੇ ਸਫ਼ੇ ਤੇ ਕੱਲ੍ਹ ਦੀ ਗੋਲੀ ਦੇ ਸ਼ਿਕਾਰ ਨਗੀਨਾ ਅਤੇ ਦੋਵਾਂ ਬੱਚਿਆਂ ਦੀਆਂ ਤਸਵੀਰਾਂ ਛਪੀਆਂ ਸਨ। ਤਸਵੀਰਾਂ ਦੇ ਹੇਠਾਂ ਖ਼ਬਰ ਛਪੀ ਸੀ, 'ਤਿੰਨ ਨਕਸਲਬਾੜੀ ਪੁਲੀਸ ਮੁਕਾਬਲੇ ਵਿਚ ਹਲਾਕ। ਦਸਿਆ ਜਾਂਦਾ ਹੈ ਕਿ ਮਿਦਨਾਪੁਰ ਜ਼ਿਲੇ ਦੇ ਸਭ ਤੋਂ ਖ਼ਤਰਨਾਕ ਅਤੇ ਵੱਡੇ ਨਕਸਲਬਾੜੀ ਸਨ।'

ਸੁਚਿਤਰਾ ਨੇ ਵਿਅੰਗ ਨਾਲ ਕਿਹਾ, 'ਇਹ ਆਪਣਾ ਪਿਆਰਾ ਦੇਸ਼ ਕਿੰਨਾ ਚੰਗਾ ਹੈ, ਹੈ ਨਾ? ਇਹ ਬੰਗਾਲ ਦੀ ਧਰਤੀ ਅਜੇ ਤ੍ਰਿਪਤ ਨਹੀਂ ਹੋਈ ਹੈ। ਪਤਾ ਨਹੀਂ ਹਾਲੀ ਹੋਰ ਕਿੰਨਾ ਕੁ ਲਹੂ ਇਸ ਧਰਤੀ ਨੂੰ ਚਾਹੀਦਾ ਹੈ। ਵੈਸੇ ਵੀ ਇਤਿਹਾਸ ਕਹਿੰਦਾ ਹੈ, ਅਜ਼ਾਦੀ ਅਤੇ ਖਾਸ ਤੌਰ ਤੇ ਅਸੀਂ ਜਿਸ ਢੰਗ ਨਾਲ ਇਨਸਾਨ ਨੂੰ ਅਜ਼ਾਦ ਵੇਖਣਾ ਚਾਹੁੰਦੇ ਹਾਂ, ਨਿਤਨ ਦਾਦਾ ਜਿਸ ਅਜ਼ਾਦੀ ਦੀ ਕਲਪਨਾ ਵਾਸਤੇ ਕਤਲ ਕਰ ਦਿੱਤੇ ਗਏ, ਉਸ ਦੇ ਲਈ ਸ਼ਾਇਦ ਬਹੁਤ ਜ਼ਿਆਦਾ ਲਗਨ ਚਾਹੀਦੀ ਏ...। ਮੈਂ

ਵਿਕਟੋਰੀਆ ਪਾਰਕ ਗਈ ਸੀ, ਪਾਰਕ ਵਿਚ ਮਹਾਰਾਣੀ ਦੀ ਮੂਰਤੀ ਉਸੇ ਤਰ੍ਹਾਂ ਖੜੀ ਹੈ। ਤਿੰਨ ਲਾਸ਼ਾਂ ਦਾ ਕੋਈ ਪਤਾ ਨਹੀਂ। ਹਾਂ, ਵਿਕਟੋਰੀਆ ਦੇ ਮੁਕਟ ਤੇ ਚਮਕ ਜ਼ਿਆਦਾ ਸੀ। ਸ਼ਾਇਦ ਉਸ ਨੂੰ ਧੋ-ਪੂੰਝ ਕੇ ਜ਼ਿਆਦਾ ਲਿਸ਼ਕਾਇਆ ਗਿਆ ਹੋਵੇਗਾ...ਤੁਸੀਂ ਇਸ ਨੂੰ ਗ਼ਲਤ ਨਾ ਸਮਝਿਓ ਇਹ ਸੱਚ ਹੈ। ਵਿਕਟੋਰੀਆ ਦੀ ਮੂਰਤੀ ਕਾਫ਼ੀ ਚਮਕਦਾਰ ਕਰ ਦਿੱਤੀ ਗਈ ਹੈ।'...ਸੁਚਿਤਰਾ ਕਹਿੰਦੀ ਹੋਈ ਖਿਲਾਅ ਵੱਲ ਵੇਖਣ ਲੱਗੀ। ਮੇਰੀਆਂ ਅੱਖਾਂ ਅਖ਼ਬਾਰ ਤੇ ਗੱਡੀਆਂ ਹੋਈਆਂ ਸਨ। ..ਇਕ ਵਾਰ ਮੈਂ ਸੁਚਿਤਰਾਂ ਦੇ ਚੇਹਰੇ ਵਲ ਵੇਖਿਆ, ਉਹ ਅਜੇ ਵੀ ਖਿਲਾਅ ਵੱਲ ਵੇਖ ਰਹੀ ਸੀ।

ਮੈਂ ਸੁਚਿਤਰਾ ਦੇ ਮੋਢੇ ਤੇ ਹੱਥ ਧਰਿਆ। ਉਸ ਦੀਆਂ ਅੱਖਾਂ ਵਿੱਚ ਅੱਥਰੂ ਛੱਲਕ ਆਏ। ਮੈਂ ਉਸ ਨੂੰ ਹੌਂਸਲਾ ਦੇਂਦੇ ਹੋਏ ਕਿਹਾ, 'ਵੇਖ, ਹੌਸਲਾ ਰੱਖ। ਨਿਤਨ ਦਾਦਾ ਦੇ ਬਾਦ ਤੂੰ ਇਕੱਲੀ ਰਹਿ ਗਈ ਜੀ। ਹੁਣ ਮੈਂ ਵੀ ਤੇਰੇ ਨਾਲ ਹਾਂ, ਅਸੀਂ ਦੋਵੇਂ ਕੱਲ ਦੀ ਘਟਨਾ ਦੇ ਚਸ਼ਮਦੀਦ ਗਵਾਹ ਹਾਂ, ਆ ਮੇਰੇ ਨਾਲ ਆ। ਅਸੀਂ ਮੋਢੇ ਨਾਲ ਮੋਢਾ ਜੋੜ ਇਹ ਲੜਾਈ ਜਾਰੀ ਰਖਾਂਗੇ। ਨਗੀਨੇ ਦੀ ਮੌਤ ਨੇ ਇਕ ਵਾਰ ਫੇਰ ਸਾਨੂੰ ਸੋਚਣ ਲਈ ਮਜ਼ਬੂਰ ਕੀਤਾ ਹੈ, ਇਕ ਨਵੀਂ ਤਾਕਤ ਦਿੱਤੀ ਹੈ, ਨਵੇਂ ਢੰਗ ਨਾਲ ਲੜਨ ਦੀ ਤਾਕਤ। ਆ ਅਸੀਂ ਨਵੇਂ ਸਿਰੇ ਤੋਂ ਵਿਚਾਰ ਕਰੀਏ। ਅਸਾਂ ਨਵੇਂ ਢੰਗ ਨਾਲ ਸੋਚਣਾ ਹੈ ਕਿ ਅਸੀਂ ਕਿੱਥੋਂ ਸ਼ੁਰੂ ਕਰੀਏ। ਅੱਜ ਅਸੀਂ ਨਵਾਂ ਦਿਨ ਸ਼ੁਰੂ ਕਰਾਂਗੇ।

ਸੁਚਿਤਰ ਨੇ ਮੇਰਾ ਹੱਥ ਘੁੱਟਕੇ ਫੜ੍ਹ ਲਿਆ। ੦

[ਅਨੁਵਾਦ : **ਰਾਬਿੰਦਰ ਸਿੰਘ ਬਾਠ**]

## ਦੋ ਗੀਤ

**ਇੰਦਰ ਸਿੰਘ 'ਮਾਨ'**

੦

ਕੱਸੀਆਂ ਦੇ ਪਾਣੀਆਂ 'ਚ ਜ਼ਿੰਦਗੀ ਦੇ ਰੰਗ ਸਾਡੇ
ਹਾੜੀਆਂ ਤੇ ਸੌਣੀਆਂ ਗਵਾਹ...।
ਭੱਤੇ ਵਾਲੀਆਂ ਦੇ ਮੂੰਹਾਂ ਉਤੋਂ ਉੱਡ ਲਾਲੀਆਂ
ਪੈ ਗੀਆਂ ਹਵੇਲੀਆਂ ਦੇ ਰਾਹ ..।
ਹਾੜ ਦੇ ਮਹੀਨਿਆਂ ਦਾ ਸੇਕ ਸਾਡੇ ਮੱਥਿਆਂ 'ਤੇ
ਪੋਹ ਦੇ ਮਹੀਨਿਆਂ ਦਾ ਪਾਲਾ।
ਘਰ ਬਾਰ ਸਾਡੇ ਜਿਵੇਂ ਕੁੱਤਿਆਂ ਦੇ ਘੋਰਨੇ ਨੇ
ਲਗਿਆ ਗਰੀਬੀਆਂ ਦਾ ਜਾਲਾ।
ਦੁੱਖੜੇ ਹੀ ਦੁੱਖੜੇ ਤੇ ਅੰਬਰੀਂ ਉਦਾਸੀਆਂ ਨੇ
ਜਿੱਥੋਂ ਤੀਕ ਜਾਂਦੀ ਹੈ ਨਿਗਾਹ...।
ਹਾੜੀਆਂ ਤੇ ਸੌਣੀਆਂ ਗਵਾਹ...।
ਉੱਚੀਆਂ ਅਟਾਰੀਆਂ ਦੇ ਕੋਨਿਆਂ 'ਚ ਦੱਬਿਆ ਹੈ
ਮਲੂਕੜੇ ਜਿਹੇ ਵੀਰਾਂ ਦਾ ਲਹੂ।
ਦਿੱਲੀ ਦੀਆਂ ਗਲੀਆਂ 'ਚ ਥੋੜ੍ਹੇ ਮੁੱਲ ਉੱਤੇ ਵਿੱਕੀ
ਪਿੰਡ ਵਾਲੇ ਬਾਬੇ ਦੀ ਬਹੂ।
ਧੀਆਂ ਭੈਣਾਂ ਰੋਂਦੀਆਂ ਤੇ ਰੋਂਦੇ ਨੇ ਸਿਆੜ ਸਾਡੇ
ਸੱਧਰਾਂ ਤਾਂ ਹੋ ਗੀਆਂ ਸੁਵਾਹ...।
ਹਾੜੀਆਂ ਤੇ ਸੌਣੀਆਂ ਗਵਾਹ...।
ਜ਼ਿੰਦਗੀ ਦੀ ਮੰਡੀ ਸਾਡਾ ਜ਼ੋਰਾਵਰਾਂ ਮੁੱਲ ਪਾਇਆ
ਇਕ ਮੁੱਠ ਦੇ ਮੁੱਠ ਦਾਣੇਂ।
ਕਿਸੇ ਵੀ ਨਾ ਸਾਡੇ ਦੁੱਖਾਂ 'ਚ ਭਿਆਲੀ ਪਾਈ
ਬੜੇ ਅਸਾਂ ਪੁੱਛੇ ਨੇ ਸਿਆਣੇ।
ਪੱਥਰਾਂ ਦੇ ਮੌਸਮਾਂ ਤੋਂ ਬਿਨਾਂ ਨਹੀਂ ਟੁੱਟਣੀ ਹੈ
ਸ਼ੀਸ਼ਿਆਂ ਦੇ ਘਰਾਂ ਦੀ ਸਲਾਹ...।
ਹਾੜੀਆਂ ਤੇ ਸੌਣੀਆਂ ਗਵਾਹ...।

●

੦

ਬਾਪੂ ਸਾਡੇ ਨੇ ਖੇਤ ਉਗਾਇਆ
ਘਰ ਸਾਡੇ ਤਾਂ ਦਾਣਾ ਨਾ ਆਇਆ
ਜਿੰਦੇ ਨੀ ਹੁਣ ਕਿੰਜ ਕਰੀਏ...
ਕਿੰਜ ਕਰੀਏ ਨੀ ਮੇਰੀਏ ਜਾਨੇ
ਜਿੰਦੇ ਨੀ ਹੁਣ ਕਿੰਜ ਕਰੀਏ...
ਛੋਟੇ ਵੀਰੇ ਨੇ ਮਝੀਆਂ ਚਰਾਈਆਂ
ਘਰ ਖਾਲੀ ਹੀ ਡੋਣੀਆਂ ਆਈਆਂ
ਜਿੰਦੇ ਹੁਣ ਕਿੰਜ ਕਰੀਏ...।
ਧੀਆਂ ਜਦੋਂ ਵੀ ਜਵਾਨੀ ਚੜੀਆਂ
ਮਾਵਾਂ ਗਿੱਠ ਗਿੱਠ ਅੰਦਰ ਵੜੀਆਂ
ਜਿੰਦੇ ਨੀ ਹੁਣ ਕਿੰਜ ਕਰੀਏ...
ਮਹਿਕਾਂ ਸਾਡੀਆਂ ਤਾਂ ਡੁੱਲ੍ਹੀਆਂ ਕੁਰਾਹੇ
ਸਾਡੀ ਚਾਨਣੀ ਤਾਂ ਲੱਗ ਗਈ ਫਾਹੇ
ਜਿੰਦੇ ਨੀ ਹੁਣ ਕਿੰਜ ਕਰੀਏ...
ਸਾਡੇ ਪੁੰਨੂੰ ਦੀ ਲਭਦੀ ਨਾ ਡਾਚੀ
ਸਾਡੀ ਜ਼ਿੰਦਗੀ ਦੀ ਮਹਿੰਦੀ ਗਵਾਚੀ
ਜਿੰਦੇ ਨੀ ਹੁਣ ਕਿੰਜ ਕਰੀਏ...
ਉੱਚੇ ਕੋਠੇ ਤੋਂ ਇੱਲਾਂ ਆਈਆਂ
ਸਾਡੇ ਖ਼ੂਨ ਦੀਆਂ ਤਿਰਹਾਈਆਂ
ਜਿੰਦੇ ਨੀ ਹੁਣ ਕਿੰਜ ਕਰੀਏ...
ਆਓ ਖ਼ੂਨ ਦੇ ਸੋਹਿਲੇ ਗਾਈਏ
ਜਿੰਦ ਲੋਕਾਂ ਨੂੰ ਅਰਘ ਚੜ੍ਹਾਈਏ
ਲੋਕਾ ਵੇ ਹੁਣ ਇੰਜ ਕਰੀਏ
ਇੰਜ ਕਰੀਏ ਨੀ ਮੇਰੀ ਜਾਨੇ
'ਮਾਨਾ' ਵੇ ਹੁਣ ਇੰਜ ਕਰੀਏ...

●

# ਗ਼ਿਲਾ

ਕੁਲਦੀਪ ਖਿਆਲਾ

ਅਸੀਂ ਉਹਨਾਂ 'ਤੇ ਗ਼ਿਲਾ ਨਹੀਂ ਕਰਦੇ
ਕਿ ਉਹਨਾਂ ਦੀ ਅੱਖੋਂ ਕਦੇ ਵੀ
ਕੋਈ ਹੰਝੂ ਕਿਉਂ ਨਹੀਂ ਕਿਰਦਾ
ਰੱਤੋ ਚੂਹੜੀ ਦੀ ਵੱਟ ਖਾਧੀ
ਸਲਵਾਰ ਦੇ ਨੇਫ਼ੇ 'ਤੇ।
ਸਾਨੂੰ ਤਾਂ ਕਦੀ ਵੀ ਗ਼ਿਲਾ ਨਹੀਂ ਹੋਇਆ
ਕਿ ਲਾਲ-ਬਹੀ ਦੇ ਦੁਆਲੇ
ਲਮਕਦਾ ਚਿੱਟਾ ਧਾਗਾ
ਸਦਾ ਹੀ ਕਿਉਂ ਖੋਹ ਲੈ ਜਾਂਦਾ ਹੈ
ਕਿਸੇ ਧੌਲੀ ਦਾਹੜੀ ਵਾਲੇ ਬਾਬਲ ਦੀ
ਕੰਜਕ ਜਿਹੀ ਧੀ ਦਾ
ਸਤਰੰਗੀ ਪੀਂਘ ਜਿਹਾ ਸੁਪਨਾ।
ਅਸੀਂ ਤਾਂ ਕਦੇਂ ਵੀ ਸ਼ਿਕਵਾ ਨਹੀਂ ਕਰਿਆ
ਕਿ ਗਿਰਧਾਰੀ ਦੇ ਕਾਲੇ ਮੱਥੇ 'ਚ ਹੀ ਕਿਉਂ
ਤਿਊੜੀ ਬਣ ਜੰਮ ਜਾਂਦਾ ਹੈ
ਕਾਰਖ਼ਾਨੇ ਦੀ ਚਿਮਨੀ ਦਾ ਕਾਲਾ ਧੂੰਆਂ !
ਅਸੀਂ ਕਦੋਂ ਕਿਹਾ ਹੈ ?
ਕਿ ਸੰਤੇ ਅਮਲੀ ਦੇ
ਇਕ ਸੌ ਅੱਸੀ ਦੇ ਕੋਨ ਜਿਹੇ ਕੁੱਬ 'ਤੇ ਹੀ
ਕਿਉਂ ਹੋ ਜਾਂਦੀ ਹੈ ਹਰ ਵਾਰ
ਹਰ ਰੁੱਤ ਵਿਧਵਾ।
ਅਸੀਂ ਤਾਂ ਕਦੇ ਵੀ ਨਹੀਂ ਕਹਿਣਾ
ਕਿ ਜੀਤੇ ਤੇ ਮੀਤੇ ਵਿਚਕਾਰ ਸੱਪ ਵਾਂਗ
ਸਦਾ ਹੀ ਕਿਉਂ ਫਨ ਚੁੱਕ ਲੈਂਦੈਂ
ਉਹਨਾ ਦਾ ਕੁਬੇਰ ਦੇਵਤਾ !
ਅਸੀਂ ਕਦੋਂ ਸੀ ਤੱਕ ਵੀ ਕਰਦੇ ਹਾਂ ?
ਜਦੋਂ ਸਾਥੋਂ ਵੱਖ ਹੋ ਜਾਂਦਾ ਹੈ
ਸਾਡੀਆਂ ਹੀ ਅੱਖਾਂ ਸਾਹਮਣੇ
ਸਾਡੇ ਹੀ ਨੌਹਾਂ ਦਾ ਮਾਸ।
ਅਸੀਂ ਤਾਂ ਹੁਣ ਵੀ ਕਬੂਲ ਕਰ ਲੈਂਦੇ ਹਾਂ
ਫ਼ੌਜੀ ਬਾਈ ਦੇ ਟੁੰਡ 'ਤੇ ਸਿਉਂਤਾ
ਇਲਜ਼ਾਮ ਵਰਗਾ ਤਗ਼ਮਾ।
ਸ਼ਾਇਦ ਤੁਹਾਨੂੰ ਇਹ ਹੈ
ਕਿ ਅਸੀਂ ਤਾਂ ਗ਼ਿਲਾ ਹੀ ਨਹੀਂ ਕਰਦੇ !
ਅਸੀਂ ਗ਼ਿਲਾ ਕਰਦੇ ਹਾਂ—
ਕਿ ਕਿਉਂ ਕਰਮੂੰ ਮਜ਼ਹਬੀ ਦੀ ਹੀ ਤਲੀ 'ਤੇ
ਹਰ ਵਾਰ ਟੁੱਟ ਜਾਂਦਾ ਹੈ
ਕਾਫ਼ੀ-ਹਾਊਸ 'ਚ ਉਲਝਿਆ
ਬੇਵਫ਼ਾ ਸੁਪਨਾ !
ਤੇ ਸਾਨੂੰ ਗ਼ਿਲਾ ਹੈ
ਕਿ ਹਰ ਚੀਜ਼ ਸੱਪ ਦੇ ਵਲੇਵੇਂ ਵਾਂਗ
ਕਿਉਂ ਕਸੀ ਜਾਂਦੀ ਹੈ
ਸਾਡੇ ਲਵੇ ਜਿਹੇ ਕਬੂਤਰਾਂ ਦੀ ਧੌਣ 'ਤੇ।
ਜੋ ਉਡਦੇ ਨੇ ਇਕ ਵਾਰ ਤਾਂ
ਸਾਡੇ ਜ਼ਿਹਨ ਦੇ ਆਕਾਸ਼ ਵਿਚ
ਇਕ ਸਤਰੰਗੀ ਪੀਂਘ ਦੇ ਦਾਅ।
ਪਰ ਇਸ ਤੋਂ ਵੀ ਵੱਧ ਗ਼ਿਲਾ ਹੈ
ਅੱਖਾਂ ਦੇ ਕੋਇਆਂ ਵਿਚ
ਮੁਸ਼ਕ ਗਏ ਗ਼ੁੱਸੇ ਦੀ ਲੀਕ 'ਤੇ।
ਜੋ ਹਰ ਵਾਰ ਹੀ ਮਿਟ ਜਾਂਦੀ ਹੈ
ਤੁਹਾਡੇ ਦਿੱਤੇ ਸੁਪਨਿਆਂ ਦੀ
ਭੁਰਭੁਰੀ ਮਿੱਟੀ ਦੇ ਪੁਲਾਂ ਹੇਠ।
ਸਾਨੂੰ ਗ਼ਿਲਾ ਤਾਂ ਹੋਣਾ ਹੀ ਹੋਇਆ
ਜਦੋਂ ਤੀਜੇ ਕੁ ਦਿਨ
ਤੁਹਾਡੀ 'ਢਾਈ ਇੱਟਾਂ ਦੀ ਮਸੀਤ'
ਸਾਡੇ ਵਿਚਕਾਰ ਵੀ ਆ ਖੜ੍ਹਦੀ ਹੈ
ਹਿਮਾਲਾ ਪਰਬਤ ਦੇ ਵਾਂਗ
ਸਾਡੇ ਵੱਟ ਦੇ ਰੌਲੇ ਵਾਂਗੂ।
ਸਾਨੂੰ ਤਾਂ ਇਹ ਵੀ ਗ਼ਿਲਾ ਹੈ
ਕਿ ਕਿਉਂ ਸਾਡੇ ਮੱਥੇ ਦੀ ਲਕੀਰ 'ਚ ਹੀ
ਹਰ ਵਾਰ ਦਮ ਤੋੜ ਜਾਂਦਾ ਹੈ
ਤੁਹਾਡਾ 'ਤੀਜੀ ਦੁਨੀਆਂ ਦਾ ਸਿਧਾਂਤ'।
ਅਸੀਂ ਹੋਰ ਕਿਸ ਕੋਲ ਸ਼ਿਕਵਾ ਕਰੀਏ ?
ਕਿ ਕਿੰਨਾ ਚਿਰ ਹੋਰ ਕਿਰੇਗਾ ?
ਕਣਕ ਦੇ ਬੋਹਲਾਂ ਵਿਚਕਾਰ
ਮਾਂਗੇ-ਪੱਤੀ ਵਾਲੇ ਪਾਲੇ ਦਾ ਹੌਕਾ।
ਤੇ ਕਿੰਨਾ ਕੁ ਚਿਰ ਹੋਰ ਮੰਨਦੇ ਰਹੀਏ
'ਸਤਿ-ਬਚਨ' ਕਹਿਕੇ
ਪਿੰਡ ਦੇ ਰਾਮੂੰ ਸ਼ਾਹ ਤੋਂ ਲੈ ਕੇ
ਬੈਂਕ ਦੀ ਤਕਾਵੀ ਵਿਚ ਵਿਚਲਾ
ਹੱਥਕੜੀ ਦਾ ਰਿਸ਼ਤਾ।
ਤੁਸੀਂ ਦੱਸੋ ਤਾਂ ਸਹੀ—
ਅਸੀਂ ਹੋਰ ਕਿੰਨਾ ਕੁ ਚਿਰ ਕਰੀਏ ਉਡੀਕ ?
ਕਿ ਤੁਹਾਡਾ 'ਕੌਮੀ ਤੇ ਕੌਮਾਂਤਰੀਵਾਦ' ਨੂੰ
ਪਹਿਲ ਦੇਣ ਦਾ ਮਸਲਾ
ਕਿਸ ਕਰਵਟ ਬੈਠਦਾ ਹੈ'।
ਜਾਂ ਹੋਰ ਕਿੰਨਾ ਕੁ ਚਿਰ ਦੇਖਦੇ ਰਹੀਏ

'ਜੰਗ ਤੇ ਇਨਕਲਾਬ' ਦੇ ਝਗੜੇ ਨੂੰ
'ਉਠ ਦੇ ਬੁਲ੍ਹ ਡਿੱਗਣ' ਵਾਂਗ।
ਅਸੀਂ ਕਦੋਂ ਕਿਹਾ ਹੈ ?
ਕਿ ਇਹ ਸਾਰਾ ਕੁਝ
ਵਕਤ ਦੀ ਹਥੇਲੀ 'ਤੇ
ਖਿੱਚੀ ਕੋਈ ਸਿੱਧੀ ਲਕੀਰ ਹੈ।
ਪਰ ਤੁਸੀਂ ਕੁਝ ਤਾਂ ਦੱਸੋ—
ਕਿ ਕਿੰਨਾ ਕੁ ਚਿਰ ਹੋਰ ਕਰੀਏ ?
'ਫੰਡਰ ਤੇ ਲਵੇਰੀ ਸਿਆਸਤ'
ਦੀ ਤਿੰਨ ਲੱਤਾਂ ਵਾਲੀ ਕੁਰਸੀ 'ਤੇ
ਬੈਠਣ ਦਾ ਅਭਿਆਸ।
ਬੱਸ, ਇਸੇ ਲਈ ਹੀ
ਸਾਨੂੰ ਤੁਹਾਡੇ 'ਤੇ ਗਿਲਾ ਹੈ !
o

ਨਜ਼ਮ

## ਪ੍ਰਭੂ-ਸੱਤਾ ਨਿਵਾਸੀਆਂ ਨੂੰ

**ਅਜਮੇਰ ਗਿੱਲ**

ਜਿਵੇਂ ਤੇਰੇ ਆਉਣ ਦਾ ਸਮਾਂ ਹੋਇਆ ਸੀ
ਤੇਰੇ ਜਾਣ ਦਾ ਸਮਾਂ ਵੀ ਆ ਜਾਏਗਾ
ਤੂੰ ਜੋ ਹਰ ਦੁਨਿਆਵੀ ਵਸਤੂ ਨੂੰ
ਆਪਣੀ ਮਲਕੀਅਤ ਸਮਝਦਾ ਹੈਂ
(ਤੂੰ ਕਿਸੇ ਖਿਲਾ ਦੀ ਔਲਾਦ...?)
ਤੇਰੇ ਵਿਚਲੇ ਕਿੰਨੇ ਹੀ ਸਿਕੰਦਰ
ਹਿਟਲਰ, ਜ਼ਾਰ ਅਤੇ ਹਾਨ
ਫੁੱਲ ਫੁੱਲ ਬੈਠਦੇ ਸਮੁੰਦਰੀ ਝੱਗ ਵਾਂਗ
ਕਾਲੇ ਪੈ ਜਾਣਗੇ ਸ਼ਾਮ ਦੇ ਰੰਗਾਂ ਤਰ੍ਹਾਂ
ਮੈਂ...
ਕਿਸੇ ਚੰਦ ਉਤਲੀ ਮਾਰੂਥਲੀ ਪੈੜ
ਸਦੀਆਂ ਤੋਂ,
ਤੇਰੇ ਇੰਤਜ਼ਾਰ ਵਿੱਚ ਰੇਤ ਤੇ ਸੜਦੀ ਰਹੀ
ਤੈਨੂੰ ਜ਼ਰੂਰ ਮਿਲਣ ਆਵਾਂਗੀ
ਇੰਤਜ਼ਾਰ ਕਰ—
ਤੇਰੇ ਵਿਚੋਂ ਉੱਠੇ ਅਹਿਮਦ-ਸ਼ਾਹ ਅਬਦਾਲੀ, ਗਜ਼ਨਵੀ
ਸੋਮਨਾਥ ਦੇ ਮੰਦਰ ਤੱਕ ਪੁੱਜਣ ਤੋਂ ਪਹਿਲਾਂ ਹੀ
ਸ਼ਾਂਤ ਹੋ ਜਾਣਗੇ ਕਬਰਾਂ ਤਰ੍ਹਾਂ
ਜ਼ਿੰਦਗੀ ਕੋਈ ਲੁੱਟ ਦਾ ਮਾਲ ਨਹੀਂ
ਇਕ ਹੁਸਨ ਹੈ, ਜੋ ਤੈਨੂੰ ਵੇਖਣਾ ਨਹੀਂ ਆਇਆ
ਸ਼ਾਇਦ ਸੂਰਜ ਦੀਆਂ ਅੱਖਾਂ ਵਿਚ
ਸੂਰਜ ਹੀ ਅੱਖਾਂ ਪਾ ਸਕਦਾ ਹੈ
ਕੋਈ ਦੂਸਰਾ ਨਹੀਂ
ਦਰਬਾਰੀ ਕਿਲੇ ਦੀਆਂ ਫਸੀਲਾਂ ਤੇ ਗੁਟਕਦੇ ਪੰਛੀ
ਹੁਣ ਤਾਂ ਆਪਸ ਵਿਚ ਹੀ ਉਲਝ ਚੱਲੇ ਹਨ
ਸਿਪਾਹ-ਸਲਾਰਾਂ ਦੀ ਜ਼ਬਾਨ ਤਲਵਾਰ ਵੀ ਹੁੰਦੀ ਹੈ
ਤੂੰ ਮੌਤ ਦਾ ਪੇਟ ਭਰਨ ਲਈ
ਬਹੁਤ ਚਿਰ ਗਰੀਬ ਸਿਪਾਹੀ ਖਰੀਦਦਾ ਰਿਹਾ ਹੈ
ਪਰ ਹੋਣੀ ਭਰੇ ਭਵਿੱਖ ਹਲਾਕੂ ਦੇ ਘੋੜੇ ਨਹੀਂ
ਧਰਤੀ ਤੇ ਛਿੜੇ ਖ਼ੂਨ-ਖਰਾਬੇ ਦਾ ਦੂਸਰਾ ਨਾਮ
ਰੀਗਨ, ਖੁਮੀਨ, ਬੇਗਨ ਜਾਂ ਥੈਚਰ ਵੀ ਹੋ ਸਕਦਾ ਹੈ
ਹੀਰੋਸ਼ੀਮਾਂ ਤੇ ਨਾਗਾਸਾਕੀ ਦੇ ਚਿਹਰੇ ਤੇ ਫੈਲੀਆਂ
ਤੇਰੇ ਲੰਬੇ ਨੌਹਾਂ ਦੀਆਂ ਦੰਦਰਾਲ੍ਹਾਂ
ਮਨੁੱਖ ਨੂੰ ਬਹੁਤਾ ਚਿਰ ਭੈ-ਭੀਤ ਨਹੀਂ ਕਰ ਸਕਦੀਆਂ
ਕਿ ਬਿਰਖਾਂ ਦੀਆਂ ਸਿਰਫ ਦੋ ਅੱਖਾਂ ਹੀ ਨਹੀਂ ਹੁੰਦੀਆਂ
ਤਿੜਾਂ ਵਾਲੇ ਘਾਹ ਤਰਾਂ
ਮਿੱਟੀ ਦੇ ਮੂੰਹ ਤੇ ਫਿਰ ਰਹੀ ਮੋਹ ਦੀ ਹਰਿਆਲੀ
ਮਨੁੱਖ ਨੂੰ ਉੱਚਾ-ਸੁੱਚਾ, ਵਿਗਿਆਨੀ
ਅਤੇ ਸਰਹੱਦ-ਹੀਣ ਬਨਾਣ ਦੀ ਸਿੱਕ
ਬੰਬਾਂ ਨਾਲ ਅਚੇਤ ਨਹੀਂ ਹੋਵੇਗੀ
ਫੁੱਲ, ਗੀਤ, ਰੰਗ, ਹਵਾ ਤੇ ਰੌਸ਼ਨੀ
ਨਵੀਆਂ ਹੋਣੀਆਂ ਦੇ ਹਮ-ਸਫ਼ਰ ਨੇ

ਹੰਕਾਰ ਮਾਯਾ ਅਤੇ ਸੱਤਾ
ਦੇ ਉੱਚੇ ਮਹੱਲਾਂ ਤੋਂ
ਤੂੰ ਸ਼ੰਮਾਂਦਾਨ ਤਰ੍ਹਾਂ ਟੁੱਟਕੇ ਬਿਖਰ ਜਾਏਂਗਾ
ਕਿ ਦੁਖੀ ਤੇ ਭੁੱਖੀ ਜ਼ਿੰਦਗੀ
ਹੁਣ ਅੰਨ ਦੀ ਥਾਂ ਲੋਹਾ ਖਾਣ ਨਿਕਲੇਗੀ

ਤੂੰ ਇਕ ਪਲਾਸਟਿਕ ਦਾ ਬੌਨਾਂ
ਮੁਹੱਬਤ ਦੇ ਅਰਥਾਂ ਦੀ ਬੁਲੰਦੀ ਕਿਵੇਂ ਛੋਂਹਦਾ ?
ਮੁਹੱਬਤ ਦੀ ਕੁਦਰਤ...
ਕੱਦਾਵਰ ਅਤੇ ਵਿਸ਼ਾਲ
ਸਮੁੰਦਰ ਦੇ ਸੀਨੇ ਦੀ ਤਰ੍ਹਾਂ ਚੌੜੀ
ਭੇਦ ਭਰੀ ਤੇ ਨਿਰਮਲ
ਤੈਨੂੰ ਅੰਤਮ ਵਿਦਾਇਗੀ ਦੇਵੇਗੀ
ਇੰਤਜ਼ਾਰ ਕਰ—
ਜਿਵੇਂ ਤੇਰੇ ਆਉਣ ਦਾ ਸਮਾਂ ਹੋਇਆ ਸੀ
ਤੇਰੇ ਜਾਣ ਦਾ ਸਮਾਂ ਵੀ ਆ ਜਾਏਗਾ।
o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁੱਖ ਪ੍ਰਿੰਟਰਜ਼, ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕ, ਖਾਲਸਾ ਕਾਲਜ, ਅੰਮ੍ਰਿਤਸਰ-143002। ਵਾਰਸ਼ਿਕ ਚੰਦਾ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 100 ਰੁ:

## 1. ਵਿਸ਼ਵ ਪੰਜਾਬੀ ਕਾਨਫਰੰਸੀਆਂ ਤੇ ਸੰਮੇਲਨੀਆਂ ਲਈ ਕੁਝ ਪ੍ਰਸ਼ਨ

ਅੱਜਕਲ੍ਹ ਵਿਸ਼ਵ ਪੰਜਾਬੀ ਕਾਨਫਰੰਸਾਂ ਤੇ ਸੰਮੇਲਨਾਂ ਦਾ ਏਨਾ ਚੱਕਰ ਚਲਿਆ ਹੋਇਆ ਹੈ ਕਿ ਨਵੇਂ ਲੇਖਕ ਆਪਣੀ ਗ਼ਜ਼ਲ ਦਾ ਪਹਿਲਾ ਸ਼ੇਅਰ ਬੈਰੂਤ ਦੇ ਕਤਲਾਂ ਬਾਰੇ ਲਿਖਦੇ ਹਨ ਤੇ ਦੂਜਾ ਅਲ ਸਾਲਵਡੋਰ ਦੇ ਗੁਰੀ-ਲਿਆਂ ਬਾਰੇ, ਆਸਾਮ ਦੇ ਪਿੰਡ ਨੈਲੀ ਦੇ ਕਤਲਾਂ ਬਾਰੇ ਜਾਂ ਕੁੱਪ ਕਲਾਂ ਵਿਖੇ ਪੁਲਸ ਗੋਲੀ ਬਾਰੇ ਉਹ ਨਹੀਂ ਲਿਖਦੇ। ਉਹ ਸਿੱਧਾ ਹੀ ਵਿਸ਼ਵੀ-ਲੇਖਕ ਬਣਨਾ ਤਾਂਘਦੇ ਹਨ। ਤੇ ਕਈ ਪੁਰਾਣੇ ਲੇਖਕ-ਅਫ਼ਸਰ ਜਾਂ ਸਿਆਸਤ-ਦਾਨ, ਲਿਖਣਾ ਲਿਖੌਣਾ ਛੱਡ ਕੇ, ਹੋ ਚੁੱਕੀਆਂ ਵਿਸ਼ਵ ਕਾਨਫਰੰਸਾਂ ਬਾਰੇ ਬਿਆਨੋ-ਬਿਆਨੀ ਹੋ ਰਹੇ ਹਨ।

ਪਹਿਲੀ ਵਿਸ਼ਵ ਪੰਜਾਬੀ ਲੇਖਕ ਕਾਨਫਰੰਸ 1980 ਜੂਨ ਵਿਚ ਲੰਡਨ ਵਿਖੇ ਹੋਈ ਸੀ। ਇਕ ਰੀਪੋਰਟ ਅਨੁਸਾਰ ਇਸ ਕਾਨਫਰੰਸ ਲਈ 108 ਗੁਰਦਵਾਰਿਆਂ ਪਾਸੋਂ ਅਤੇ ਹੋਰ ਧਾਰਮਕ-ਬਰਾਦਰੀ-ਸੰਸਥਾਵਾਂ ਪਾਸੋਂ ਉਥੋਂ ਦੇ ਪ੍ਰਬੰਧਕਾਂ ਨੇ ਮਾਇਆ ਇਕੱਠੀ ਕੀਤੀ—ਇਸ ਕਾਨਫਰੰਸ ਨੂੰ ਵੱਖ ਵੱਖ ਬਰਾਦਰੀਆਂ ਨੇ ਆਪਣਾ ਆਪਣਾ ਰੰਗ ਤੇ ਨਾਮ ਦਿੱਤਾ—ਰਾਮਗੜ੍ਹੀਆ ਸੰਮੇਲਨ, ਬਾਲ-ਮੀਕੀ—ਰਵੀਦਾਸ ਸੰਮੇਲਨ। ਬਾਅਦ ਵਿਚ ਛਪੀਆਂ ਤਸਵੀਰਾਂ ਤੇ ਰੀਪੋਰਟਾਂ ਅਨੁਸਾਰ ਇਸ ਇਕੱਠ ਨੂੰ ਲੰਮੀ ਪਿਕਨਿਕ, ਧਰਮਜੰਗ ਜਾਂ ਸ਼ਰਾਬ-ਸਮਾਰੋਹ ਕਹਿਣਾ ਵਧੇਰੇ ਉਚਿੱਤ ਸੀ।

ਦੂਜਾ ਵਿਸ਼ਵ (?) ਪੰਜਾਬੀ ਸੰਮੇਲਨ 1982 ਵਿਚ ਓਟਾਵਾ ਕਨੇਡਾ ਵਿਚ ਹੋਇਆ। ਕਨੇਡਾ ਦਾ ਕੋਈ ਵੀ ਨਾਮਵਰ ਲੇਖਕ ਉਸ ਵਿਚ ਸ਼ਾਮਲ ਨਾ ਹੋਇਆ। ਭਾਰਤ ਤੋਂ ਢਾਈ ਕੁ ਲੇਖਕ ਜ਼ਰੂਰ ਚਲੇ ਗਏ। ਜਿਹੜਾ ਉਥੇ ਇਕੋ ਇਕ ਕੀਅ-ਨੋਟ ਪੇਪਰ ਪੜ੍ਹਿਆ ਗਿਆ—ਉਹ ਇਕ ਹਿੰਦੀ ਲੇਖਕ ਵੱਲੋਂ ਸੀ।

ਪਿਛਲੇ ਸਾਲ 1980 ਵਿਚ ਦਿੱਲੀ ਵਿਚ ਵੀ ਇਕ ਪੰਜਾਬੀ ਸੰਮੇਲਨ ਹੋਇਆ ਸੀ। ਸ਼ਾਇਦ ਇਹ ਸੰਮੇਲਨ 'ਵਿਸ਼ਵ' ਹੋਣਾ ਅਤੇ ਆਪਣਾ 'ਨੰਬਰ' ਲਵਾਉਣਾ ਭੁਲ ਗਿਆ ਸੀ। ਅਖ਼ਬਾਰਾਂ ਦੀਆਂ ਰੀਪੋਰਟਾਂ ਅਨੁਸਾਰ ਇਸ ਪੰਜਾਬੀ ਸੰਮੇਲਨ ਵਿਚ ਸਾਰੇ ਦੇ ਸਾਰੇ ਬੁਲਾਰਿਆਂ ਨੇ ਅੰਗਰੇਜ਼ੀ ਵਿਚ ਭਾਸ਼ਨ ਦਿੱਤੇ। ਅੰਤ ਵਿਚ ਸਦਰੇ ਭਾਰਤ ਹੀ ਪੰਜਾਬੀ ਵਿਚ ਬੋਲੇ—ਉਹ ਸ਼ਾਇਦ ਸੋਚ ਰਹੇ ਹੋਣ, ਕਾਸ਼, ਉਹਨਾਂ ਨੂੰ ਫਰ-ਫਰ ਅੰਗਰੇਜ਼ੀ ਬੋਲਣੀ ਆਉਂਦੀ ਹੁੰਦੀ! ਪੰਜਾਬੀ ਵਿਚਾਰੀ ਦੇ ਇਹ ਮੁਦੱਈ!

ਇਕ ਸਰਕਾਰੀ ਐਮ ਪੀ. ਅਤੇ ਇਕ ਮੰਤਰੀ ਦੀ ਅਗਵਾਈ ਵਿਚ ਜੁਲਾਈ 1983 ਵਿਚ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਬੈਂਕਾਕ ਵਿਖੇ ਹੋਈ ਹੈ। ਇਕ ਹੋਰ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਜਾਂ ਸੰਮੇਲਨ ਦਿੱਲੀ ਵਿਖੇ ਦਸੰਬਰ 1983 ਵਿਚ ਹੋ ਰਿਹਾ ਹੈ। ਪਤਾ ਲਗਾ ਹੈ ਕਿ ਤੀਜਾ ਪੰਜਾਬੀ ਵਿਸ਼ਵ ਸੰਗਠਨ, ਪੰਜਾਬੀ ਜਨਵਾਦੀ ਸਾਹਿਤ ਸਭਾ ਸਮਰਾਲਾ, ਸਮਰਾਲਾ ਵਿਖੇ ਨਵੰਬਰ ਵਿਚ ਕਰ ਰਹੀ ਹੈ—ਇਸ ਸਬੰਧ ਵਿਚ, ਪੰਜਾਬ ਵਿਚੋਂ ਮਜ਼ਦੂਰੀ ਕਰਨ—ਪੈਸੇ ਬਨਾਉਣ ਬਦੇਸ ਗਏ, ਪੰਜਾਬੀ ਲੇਖਕਾਂ ਨਾਲ ਸੰਪਰਕ ਪੈਦਾ ਕੀਤਾ ਜਾ ਰਿਹਾ ਹੈ ਕਿ ਉਹ ਨਵੰਬਰ ਵਿਚ ਆਪਣੀ ਛੁੱਟੀ ਨੂੰ ਇਸ ਤਰ੍ਹਾਂ ਐਡਜੈਸਟ ਕਰਨ ਕਿ ਤੀਜੇ ਵਿਸ਼ਵ ਪੰਜਾਬੀ ਸੰਗਠਨ ਸਮੇਂ ਉਹ ਪੰਜਾਬ ਹੋਣ। ਤਾਂ ਕਿ ਇਹ ਇਤਿਹਾਸਕ ਸੰਮੇਲਨ (!) ਹਕੀਕੀ ਰੂਪ ਵਿਚ ਅੰਤਰਰਾਸ਼ਟਰੀ ਬਣ ਜਾਵੇ!

ਹੋਰ ਨਿੱਕੇ ਨਿੱਕੇ ਵਿਸ਼ਵ ਸੰਮੇਲਨ ਜਾਂ ਅਰਧ ਵਿਸ਼ਵ ਸੰਮੇਲਨ ਜਾਂ ਸ਼ਾਇਦ ਏਸ਼ੀਆਈ ਪੰਜਾਬੀ ਸੰਮੇਲਨ ਯੂਰਪੀ ਤੇ ਅਮਰੀਕੀ ਪੰਜਾਬੀ ਸਮੇਲਨ ਛੇਤੀ ਹੀ ਕਲਕੱਤਾ, ਬੰਬਈ, ਲੰਡਨ ਆਦਿ ਵਿਚ ਹੋ ਰਹੇ ਹਨ। ਪੰਜਾਬੀ ਕਿੰਨੀ ਖੁਸ਼ਕਿਸਮਤ ਭਾਸ਼ਾ ਹੈ, ਜਿਸ ਦੇ ਨਾਮ ਉਤੇ ਏਨੇ ਵਿਸ਼ਵ ਸਮੇਲਨ ਹੋ ਰਹੇ ਹਨ। ਕੋਈ ਵੀ ਕਾਨਫਰੰਸ ਵਿਸ਼ਵ ਤੋਂ ਹੇਠਾਂ ਨਹੀਂ। ਪੰਜਾਬੀ ਦੀ ਬੱਲੇ ਬੱਲੇ ਹੋਵੇ ਵੀ ਕਿਉਂ ਨਾ। ਆਖਰ ਪੰਜਾਬੀ ਸੰਸਾਰ ਦੀ ਦਸਵੀਂ ਵੱਡੀ ਭਾਸ਼ਾ ਹੈ। ਭਾਵੇਂ ਇਸ ਨੂੰ ਲਿਖਣ 'ਤੇ ਪੜ੍ਹਨ ਵਾਲਿਆਂ ਦਾ ਨੰਬਰ ਸੰਸਾਰ ਵਿਚ ਸੌਂਵਾਂ ਵੀ ਨਾ ਹੋਵੇ!)

ਇਹਨਾਂ ਸੈਰ-ਨੁਮਾਇੰਦਾ 'ਵਿਸ਼ਵ' ਕਾਨਫਰੰਸ-ਸਮੇਲਨਾਂ ਦੇ ਮੋਹਰੀ ਹਨ—ਨਾਮਜ਼ਦ ਸਰਕਾਰੀ ਐਮ-ਪੀਜ਼, ਮੰਤਰੀ, ਸਾਸ਼ਕ ਤੇ ਧਨਾਢ। ਨਿਰਸਵਾਰਥ ਪੰਜਾਬੀ ਲੇਖਕਾਂ ਜਾਂ ਕਲਾਕਾਰਾਂ ਦਾ ਇਹਨਾਂ 'ਵਿਸ਼ਵਾਂ' ਵਿਚ ਕੋਈ ਥਾਂ ਨਹੀਂ।

ਤੀਜੇ, ਦਸੰਬਰ ਵਿਚ ਹੋ ਰਹੇ ਵਿਸ਼ਵ ਪੰਜਾਬੀ ਸਮੇਲਨ, ਸਮੇਂ ਸਨਮਾਨਿਤ ਕੀਤੇ ਜਾ ਰਹੇ ਪੰਜਾਬੀਆਂ ਵਿਚ ਸ੍ਰੀ ਖੁਸ਼ਵੰਤ ਸਿੰਘ ਵੀ ਹੈ। ਸੰਜੇ ਗਾਂਧੀ ਦੇ ਗੁਣਗਾਣ ਕਰਨ ਵਾਲਾ ਇਹ ਨਾਮਜ਼ਦ ਸਰਕਾਰੀ ਐਮ. ਪੀ, ਪੰਜਾਬੀ ਵਿਚ ਕੋਈ ਅੱਖਰ ਨਖਿੱਧ ਸਮਝਦਾ ਹੀ ਹੈ, ਪੰਜਾਬੀ ਬੋਲਣ ਵਿਚ ਵੀ ਹੇਠੀ ਸਮਝਦਾ ਹੈ। ਦਿੱਲੀ ਵਿਖੇ ਇਕ ਗੁਫਤਗੂ ਵਿਚ, ਉਰਦੂ ਦਾ ਜਗਤ ਪ੍ਰਸਿੱਧ ਪਾਕਿਸਤਾਨੀ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼, ਪੰਜਾਬੀ ਵਿਚ ਗੱਲ ਕਰਦਾ ਫ਼ਖਰ ਮਹਿਸੂਸ ਕਰਦਾ ਹੈ, ਪਰ ਖੁਸ਼ਵੰਤ ਸਿੰਘ ਅੰਗਰੇਜ਼ੀ ਵਿਚ ਬੋਲਦਾ ਹੈ। ਤੇ ਕਹਿੰਦਾ ਹੈ—ਇੰਗਲੈਂਡ ਮੇਰਾ

'ਜਜ਼ਬਾਤੀ ਦੇਸ਼' ਹੈ। ਇਹ ਸ਼ਖਸ ਇਕ ਥਾਂ ਫਾਸਿਸਟਾਂ, ਫਿਰਕਾ-ਪ੍ਰਸਤਾਂ ਤੇ ਕਮਿਊਨਿਸਟਾਂ ਨੂੰ ਨਫਰਤ ਦੇ ਇਕੋ ਰੱਸੇ ਨਰੜਦਾ ਹੈ! ਸਹੀ ਪੰਜਾਬੀ ਸਮਾਗਮ ਜਦੋਂ ਹੋਵੇਗਾ, ਸਭ ਤੋਂ ਪਹਿਲਾਂ ਇਹਨਾਂ ਮਹਾਨ ਪੰਜਾਬੀਆਂ ਨੂੰ ਸਨਮਾਨਤ ਕੀਤਾ ਜਾਵੇਗਾ—ਨੇਕ ਚੰਦ, ਚੰਡੀਗੜ੍ਹ ਦੇ ਰਾਕ ਗਾਰਡਨ ਦਾ ਪਿਤਾ, ਜਿਸ ਨੇ ਇਕੱਲੇ ਨੇ ਹੀ ਫਰਾਂਸੀਸੀ ਭਵਨ ਨਿਰਮਾਣ ਕਲਾ ਦੇ ਮਾਹਰ ਡੀ. ਨਾਰਬੂਜ਼ੇ ਦਾ ਦੇਸ਼ ਦੇ ਸਿਰ ਚੜਿਆ ਕਰਜ਼ਾ ਉਤਾਰ ਦਿੱਤਾ ਸਨਮਾਨ ਹੋਵੇਗਾ ਇਕ ਹੋਰ ਪੰਜਾਬੀ—ਅਰੁਣ ਸ਼ੋਰੀ ਦਾ, ਜਿਹੜਾ ਇਸ ਵੇਲੇ ਸਹੀ ਭਾਰਤੀ ਪੱਤਰਕਾਰੀ ਦੀ ਸਿਖਰ ਹੈ—ਜਿਸ ਨੇ ਭਾਗਲਪੁਰ ਪੁਲਸ ਵਲੋਂ ਸੁਣਾਈ ਅਧੀਨ ਬੰਦੀਆਂ ਦੀਆਂ ਅੱਖਾਂ ਕੱਢੇ ਜਾਣ ਦੀ ਅਤਿ ਪੀੜਤ ਘਟਨਾ ਤੋਂ ਪਰਦਾ ਲਾਹਿਆ, ਜਾਪਾਨ ਨਾਲ ਕੁ ਤੇਲ ਸਕੈਂਡਲ ਨੰਗਾ ਕੀਤਾ, ਮੁੱਖ ਮੰਤਰੀ ਅੰਤੁਲੇ ਦਾ ਭਰਿਸ਼ਟਾਚਾਰ ਸਾਹਮਣੇ ਲਿਆਂਦਾ, ਆਸਾਮ ਦੇ ਪਿੰਡ ਨੈਲੀ ਵਿਖੇ ਹੋਏ 1700 ਵਿਅਕਤੀਆਂ ਦੇ ਕਤਲ ਦੇ ਦਸਤਾਵੇਜ਼ ਪੇਸ਼ ਕੀਤੇ। ਸਨਮਾਨ ਹੋਵੇਗਾ ਗੁਰਸ਼ਰਨ ਸਿੰਘ ਦਾ ਜਿਸ ਨੇ ਪੰਜਾਬੀ ਲੋਕ ਸਭਿਆਚਾਰ ਦੀ ਆਪਣੇ ਨਾਟਕਾਂ ਰਾਹੀਂ ਸੇਵਾ ਕੀਤੀ।

1947 ਤੋਂ ਬਾਅਦ ਇਸ ਵੇਲੇ ਪੰਜਾਬ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦਾ ਸਭ ਤੋਂ ਵੱਡਾ ਸ਼ਿਕਾਰ ਬਣਿਆ ਹੋਇਆ ਹੈ। ਹਿੰਦੂ-ਸਿੱਖ-ਮੁਸਲਿਮ ਦਾ ਮਾੜਾ-ਮੋਟਾ ਬਣਿਆ ਸਾਂਝਾ ਪੰਜਾਬੀ ਸਭਿਆਚਾਰ ਲੀਰੋ-ਲੀਰ ਕੀਤਾ ਜਾ ਰਿਹਾ ਹੈ। ਖੰਡੇ ਤੇ ਤਿਰਸ਼ੂਲ ਭਿੜਵਾਏ ਜਾ ਰਹੇ ਹਨ। ਧਾਰਮਕ ਜਨੂੰਨੀ ਧਮਕੀਆਂ ਦੇ ਰਹੇ ਹਨ। ਆਇਤੁਲਾ ਖੁਮੀਨੀ ਦਾ ਨਾਪਾਕ ਜਨੂੰਨੀ ਪਰਛਾਵਾਂ ਪੰਜਾਬੀ ਸਾਂਝਤਾ ਦੀ ਸੰਘੀ ਨੱਪੀ ਬੈਠਾ ਹੈ ਤੇ ਇਹ ਲੋਕ ਸਰਕਾਰੀ ਸਰਪ੍ਰਸਤੀ ਤੇ ਚੌਧਰ ਹੇਠ ਬੈਂਕਾਕ, ਲੰਡਨ, ਦਿੱਲੀ, ਬੰਬਈ ਤੇ ਕਲਕੱਤਾ ਆਦਿ ਵਿਚ ਤਮਾਸ਼ੇ ਰਚ ਰਹੇ ਹਨ—ਉਹ ਵੀ ਪੰਜਾਬੀ ਬੋਲੀ, ਸਾਹਿਤ, ਕਲਾ ਤੇ ਸਭਿਆਚਾਰ ਦੇ ਨਾਮ ਉਤੇ!

ਇਹਨਾਂ ਪੰਜਾਬੀ ਵਿਸ਼ਵੀਆਂ ਸਾਹਮਣੇ ਕੁਝ ਸਵਾਲ ਹਨ। ਸਰਕਾਰੇ-ਦਰਬਾਰੇ ਪ੍ਰਧਾਨਗੀ ਜਾਂ ਉੱਚੀ ਕੁਰਸੀ ਲਈ ਵਧਦੇ ਹੱਥ ਨੂੰ, ਪਲ ਰੋਕ ਕੇ ਕੀ ਇਹ ਸੋਚਣਗੇ?
——।

○ ਪੰਜਾਬੀ ਬੋਲੀ, ਸਾਹਿਤ ਤੇ ਸਭਿਆਚਾਰ ਦੇ ਨਾਮ ਉਤੇ ਹੀ ਇਹ ਸਭ ਕੁਝ ਹੋ ਰਿਹਾ ਹੈ—ਪੰਜਾਬੀ ਬੋਲਦੇ ਇਲਾਕੇ ਜਿਹੜੇ ਨਾਲ ਲੱਗਦੇ ਪ੍ਰਾਂਤਾਂ ਵਿਚ ਹਨ, ਉਹਨਾਂ ਦਾ ਪੰਜਾਬ ਨਾਲ ਮਿਲਾਉਣ ਬਾਰੇ ਇਹਨਾਂ ਦਾ ਕੀ ਨਜ਼ਰੀਆ ਹੈ?

○ ਹਰਿਆਣਾ, ਦਿੱਲੀ, ਹਿਮਾਚਲ, ਜੰਮੂ ਤੇ ਗੰਗਾ ਨਗਰ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਵਾਣ ਬਾਰੇ ਇਹਨਾਂ ਦੀ ਕੀ ਭੂਮਿਕਾ ਹੋਵੇਗੀ?

○ ਪੰਜਾਬੀ ਬੋਲੀ ਨੂੰ ਪੰਜਾਬ ਵਿਚ ਆਪਣੀ ਹੱਕੀ ਤੇ ਕਾਨੂੰਨੀ ਥਾਂ ਦਿਵਾਉਣ ਲਈ, ਪੰਜਾਬੀ ਨੂੰ ਪੰਜਾਬ ਦੀਆਂ ਯੂਨੀਵਰਸਿਟੀਆਂ, ਹੋਰ ਵਿਦਿਅਕ ਅਦਾਰਿਆਂ, ਦਫਤਰਾਂ, ਆਕਾਸ਼ਵਾਣੀ ਅਤੇ ਦੂਰਦਰਸ਼ ਕੇਂਦਰਾਂ ਵਿਚ ਆਪਣੀ ਠੀਕ ਬਣਦੀ ਥਾਂ ਦਿਵਾਉਣ ਲਈ ਉਹਨਾਂ ਦਾ ਕੀ ਰੋਲ ਹੋਵੇਗਾ? ਦੂਰਦਰਸ਼ਨ ਉਤੇ ਹਰ ਰਾਤ ਡੇਢ ਦੋ ਘੰਟਿਆਂ ਦਾ ਰਾਸ਼ਟਰੀ ਪ੍ਰਸਾਰਨ, ਜਿਹੜਾ ਕਿ ਪੰਜਾਬੀ ਸਾਹਿਤ ਅਤੇ ਸਭਿਆਚਾਰ (ਬਾਕੀ ਪ੍ਰਾਂਤਕ ਬੋਲੀਆਂ ਵੀ) ਦੇ ਪ੍ਰਸਾਰਨ-ਸਮਾਂ ਉਤੇ ਸਿੱਕਾ ਧਾਵਾ ਹੈ, ਨੂੰ ਖਤਮ ਕਰਵਾਉਣ ਲਈ ਕੋਈ ਮਤਾ ਪਾਸ ਕਰਨਗੇ?

○ ਅਫਰੀਕਾ, ਕਨੇਡਾ, ਬਰਤਾਨੀਆ, ਅਮਰੀਕਾ ਆਦਿ ਦੇਸ਼ਾਂ ਵਿਚ ਰਹਿੰਦੇ ਕੁਝ ਪੰਜਾਬੀ ਲੇਖਕਾਂ ਨੇ, ਪੰਜਾਬੀ ਦੇ ਕਈ ਪ੍ਰਕਾਸ਼ਕਾਂ ਦੇ ਮੂੰਹ ਡਾਲਰਾਂ ਤੇ ਪਾਊਂਡਾਂ ਦਾ ਲਹੂ ਲਗਾ ਦਿੱਤਾ ਹੈ। ਬਹੁਤੇ ਪ੍ਰਕਾਸ਼ਕ, ਖਾਸ ਕਰਕੇ ਜਿਹਨਾਂ ਦੇ ਕਾਲਵਾਸ ਹੋ ਚੁਕੇ ਪਿਤਾ ਪੰਜਾਬੀ ਲੇਖਕ ਸਨ, ਤੇ ਪੁੱਤਰਾਂ ਨੇ ਪਿਉ ਵਾਲਾ ਪੁਰਾਣਾ ਪ੍ਰਕਾਸ਼ਕ ਦਾ ਕਿੱਤਾ ਫੜਿਆ ਹੈ, ਉਹ ਸਭ ਵਧੇਰੇ ਲੁਟੇਰੇ ਅਤੇ ਬੇਈ-ਮਾਨ ਸਿੱਧ ਹੋ ਰਹੇ ਹਨ। ਭਾਵੇਂ ਸਾਰੇ ਪ੍ਰਕਾਸ਼ਕ ਇਹੋ ਜਿਹੇ ਨਹੀਂ ਹਨ, ਚੰਗੇ ਵੀ ਹਨ। ਪੰਜਾਬ ਸਰਕਾਰ ਦਾ ਭਾਸ਼ਾ ਵਿਭਾਗ ਵੀ ਸਾਲ ਵਿਚ ਬਹੁਤ ਥੋੜੇ ਜਿਹੇ ਪੰਜਾਬੀ ਖਰੜਿਆਂ ਲਈ ਛਾਪਣ ਸਹਾਇਤਾ ਦਿੰਦਾ ਹੈ, ਕਿਉਂਕਿ ਸਰਕਾਰੀ ਭਾਸ਼ਾ ਫੰਡ ਵਿਚੋਂ ਪੰਜਾਬੀ ਵਿਚਾਰੀ ਦੇ ਹਿੱਸੇ ਤੀਜਾ ਜਾਂ ਚੌਥਾ ਹਿੱਸਾ ਪੈਸੇ ਹੀ ਆਉਂਦੇ ਹਨ —ਕਿਉਂਕਿ ਪੰਜਾਬ ਸਰਕਾਰ ਹਿੰਦੀ, ਉਰਦੂ ਤੇ ਕਈ ਥਾਈਂ ਅੰਗਰੇਜ਼ੀ ਉਤੇ ਲੱਖਾਂ ਰੁਪਇਆ ਖਰਚਦੀ ਹੈ—ਹਾਲਾਂਕਿ ਹਿੰਦੀ-ਉਰਦੂ ਲਈ ਹੋਰ ਵੀ ਕਈ ਪ੍ਰਾਂਤ ਹਨ ਅਤੇ ਕਰੋੜਾਂ ਰੁਪਇਆ। ਪੰਜਾਬ ਵਿਚ ਸਾਰਾ ਭਾਸ਼ਾ ਫੰਡ ਸਿਰਫ ਪੰਜਾਬੀ ਬੋਲੀ ਤੇ ਸਾਹਿਤ ਦੇ ਵਿਕਾਸ ਲਈ ਹੀ ਵਰਤਿਆ ਜਾਣਾ ਚਾਹੀਦਾ। ਕੀ 'ਵਿਸ਼ਵੀਏ' ਇਹਨਾਂ ਗੱਲਾਂ ਦਾ ਕੋਈ ਨੋਟਿਸ ਲੈਣਗੇ?

ਪੰਜਾਬੀ ਸਭਿਆਚਾਰ ਦੀ ਉਨਤੀ ਪੰਜਾਬ ਦੀ ਆਰਥਕਤਾ ਨਾਲ ਜੁੜੀ ਹੋਈ ਹੈ। ਪੰਜਾਬ ਦੀ ਆਰਥਕਤਾ ਲਈ ਵਧੇਰੇ ਪਾਣੀ ਵਧੇਰੇ ਪਾਣੀ, ਵਧੇਰੇ ਬਿਜਲੀ, ਭਾਰੇ ਕਾਰਖਾਨੇ ਆਦਿ ਜ਼ਰੂਰੀ ਹਨ। ਰਤਾ ਦੇਖੋ, ਪਿਛਲੇ ਵੀਹ ਸਾਲਾਂ ਵਿਚ ਪੰਜਾਬ ਵਿਚ ਕਿਧਰੇ ਇਕ ਮੀਲ ਵੀ ਰੇਲ ਪਟੜੀ ਵਿਛਾਈ ਗਈ ਹੈ? ਪੰਜਾਬ ਦੀ ਰਾਜਧਾਨੀ ਚੰਡੀਗੜ ਨੂੰ ਸਿੱਧੀ ਰੇਲ ਪਟੜੀ ਰਾਹੀਂ ਲੁਧਿਆਣਾ ਨਾਲ ਨਹੀਂ ਮਿਲਾਇਆ ਗਿਆ। ਥੀਨ ਡੈਮ ਵੀਹ ਸਾਲਾਂ ਤੋਂ ਵਿਚੇ ਲਟਕਦਾ ਆ ਰਿਹਾ ਹੈ—ਕਿਉਂਕਿ ਪੈਸੇ ਨਹੀਂ

ਹਨ । ਪਰ ਏਸ਼ੀਆਡ ਲਈ ਕਥਿਤ 1700 ਕਰੋੜਾਂ ਰੁਪਿਆ ਸੀ ਅਤੇ ਗੁਟ ਨਿਰਲੇਪ ਦੇਸ਼ਾਂ ਦੇ ਦਿੱਲੀ ਸਮ ਗਮ ਸਮਾਗਮ ਲਈ 25 ਕਰੋੜ ਰੁਪਇਆ ਸੀ—ਤੇ ਬਦੇਸ਼ੀ ਸੈਰਾਂ ਲਈ —।

ਵਖ ਵਖ ਦੇਸ਼ ਦੀਆਂ ਤਾਨਾਸ਼ਾਹੀਆਂ, ਧਰਮ ਰਾਜਾਂ ਤੇ ਨਸਲ ਤੁਅਸਬੀ ਸਰਕਾਰਾਂ ਦੀਆਂ ਜੇਹਲਾਂ ਵਿਚ ਬੰਦ ਅਤੇ ਜਲਾਵਤਨੀ ਵਿਚ ਦਿਨ ਕੱਟ ਰਹੇ ਵਖ ਵਖ ਭਾਸ਼ਾਵਾਂ ਦੇ ਲੇਖਕਾਂ ਦੀ ਬੰਦ ਖਲਾਸੀ ਬਾਰੇ ਕੋਈ ਮਤਾ ? ਅਖੌਤੀ ਪੁਲਸ ਮੁਕਾਬਲਿਆਂ, ਪੁਲਸ ਹਿਰਾਸਤ ਵਿਚ ਮੌਤਾਂ ਤੇ ਬਲਾਤਕਾਰ, ਐਮੀਨੈਸਟੀ ਇੰਟਰਨੈਸ਼ਨਲ ਦੀ ਰੀਪੋਰਟ ? ਲੇਖਕਾਂ ਦੇ ਜਮਹੂਰੀ ਅਧਿਕਾਰਾਂ ਬਾਰੇ ਕੋਈ ਚਰਚਾ ?

ਕੀ ਪਹਿਲਾਂ ਹੋ ਚੁਕੇ ਵਿਸ਼ਵ ਪੰਜਾਬੀ ਸਮੇਲਨਾਂ ਦਾ ਕੋਈ ਰੀਵੀਊ ਹੋਵੇਗਾ ? ਫੰਡ ਕਿਥੋਂ ਆਏ ? ਕਿੰਨਾ ਖਰਚ ਹੋਈ—ਸ਼ਰਾਬ, ਸ਼ਬਾਬ ਤੇ ਸੈਰ ਦਾ ਵੇਰਵਾ ? ਕਿਹੜੇ ਕਿਹੜੇ ਧਰਮ ਜ਼ਾਤ ਜਾਂ ਬਰਾਦਰੀ ਨੇ ਆਪਣੇ ਕਿਹੜੇ ਕਿਹੜੇ ਜ਼ਾਤ-ਬਰਾਦਰੀ ਭਾਈਆਂ ਨੂੰ ਬੁਲਾਇਆ ? ਪੰਜਾਬ ਦੀਆਂ ਸਥਾਨਕ ਲੇਖਕ ਸਭਾਵਾਂ ਨਾਲ ਕੋਈ ਸੰਪਰਕ ਕੀਤਾ ਗਿਆ ਸੀ ? ਕਿਸ ਕਿਸ ਨੇ ਪਰਚੇ ਪੜ੍ਹੇ ਅਤੇ ਉਹਨਾਂ ਦੇ ਪਰਚਾ ਪੜ੍ਹਨ ਲਈ ਕਿਸ ਨੇ ਫੈਸਲਾ ਕੀਤਾ ? ਅਫ਼ਸਰ, ਰਾਜਨੀਤੀਏ ਹੀ ਸਨ ਕਿ ਕੋਈ ਲੇਖਕ ਵੀ ਸੀ ?

[ਹਮਦਰਦਵੀਰ ਨੌਸ਼ਹਿਰਵੀ]

**2.** 'ਸਮਤਾ' ਦੇ ਜੁਲਾਈ, 83 ਦੇ ਅੰਕ ਵਿਚ ਗੁਰਨਾਮ ਸਿੰਘ ਦੀ ਕਹਾਣੀ 'ਨ੍ਹੇਰੇ ਦਾ ਸਫਰ' ਪੜ੍ਹੀ ਤਾਂ ਬਹੁਤ ਚੰਗੀ ਲੱਗੀ । ਮੈਂ ਆਪਣੇ ਹੋਰਾਂ ਦੋਸਤਾਂ ਮਿੱਤਰਾਂ ਨੂੰ ਵੀ ਇਹ ਕਹਾਣੀ ਪੜ੍ਹਨ ਦੀ ਸਿਫ਼ਾਰਸ਼ ਕੀਤੀ, ਉਨ੍ਹਾਂ ਨੇ ਵੀ ਇਸ ਕਹਾਣੀ ਨੂੰ ਬਹੁਤ ਪਸੰਦ ਕੀਤਾ ਸੀ ।

ਅਕਤੂਬਰ, 83 ਦੇ ਅੰਕ ਵਿਚ ਗੁਰਬਖਸ਼ ਜੱਸ ਨੇ 'ਨ੍ਹੇਰੇ ਦਾ ਸਫਰ' ਕਹਾਣੀ ਤੇ ਟਿੱਪਣੀ ਕਰਕੇ ਬਿਲਕੁਲ ਹੀ ਸਿੱਧੜ ਤੇ ਗਲਤ ਸਿੱਟੇ ਕੱਢੇ ਹਨ । ਇਸਤੋਂ ਪਹਿਲਾਂ ਜਸਵੰਤ ਸਿੰਘ 'ਕੰਵਲ' ਦੀ ਅਧਿਆਪਕਾ ਬਾਰੇ ਲਿਖੀ ਕਹਾਣੀ ਤੇ ਹੋਰਾਂ ਲੇਖਕਾਂ ਦੀਆਂ ਕੁਝ ਲਿਖਤਾਂ ਦੀ ਵੀ ਇਹੋ ਜਿਹੀ ਇਕਪਾਸੜ ਤੇ ਨਕਾਰਾਤਮਕ ਅਲੋਚਨਾ ਹੋਈ ਸੀ, ਅਜਿਹੀ ਅਲੋਚਨਾ ਕਿਸੇ ਵਰਗ, ਜਥੇਬੰਦੀ ਜਾਂ ਪਾਰਟੀ ਵਿਚਲੇ ਗਲਤ ਅਨਸਰਾਂ ਨੂੰ ਨੰਗੇ ਹੋਣ ਤੋਂ ਬਚਾਉਣ ਦੀ ਇਕ ਸਾਜਸ਼ ਹੈ ਸੋ ਇਸਦਾ ਸਖਤ ਨੋਟਿਸ ਲਿਆ ਜਾਣਾ ਚਾਹੀਦਾ ਹੈ ।

ਗੁਰਬਖਸ਼ ਜੱਸ ਦੀ ਅਲੋਚਨਾ ਦਾ ਤੱਤ ਇਹ ਹੈ ਕਿ ਕਮਿਊਨਿਸਟ ਇਨਕਲਾਬੀ ਲਹਿਰ ਦੇ ਸਿਰਫ਼ ਪੋਜੇਟਿਵ ਪੱਖ ਹੀ ਪੇਸ਼ ਕੀਤਾ ਤੇ ਉਭਾਰਿਆ ਜਾਣਾ ਚਾਹੀਦਾ ਹੈ । ਜੇ ਕਿਸੇ ਨੇ ਇਸਦੇ ਨੈਗੇਟਿਵ ਪੱਖ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਇਨਕਲਾਬ ਵਿਰੋਧੀ ਬਣ ਜਾਵੇਗਾ । ਜੱਸ ਅਨੁਸਾਰ ਨੈਗੇਟਿਵ ਪੱਖ ਨੂੰ ਪੇਸ਼ ਕਰਨ ਦਾ ਅਰਥ ਸਾਰੇ ਕੁਝ ਨੂੰ ਨੈਗੇਟਿਵ ਮੰਨਣਾ ਹੈ, ਜਿਥੇ ਕਿ ਕੁਝ ਵੀ ਪੋਜੇਟਿਵ ਨਹੀਂ । ਜੱਸ ਦੇ ਇਸ ਫਾਰਮੂਲੇ ਅਨੁਸਾਰ ਜੇ ਕੋਈ ਇਥੋਂ ਦੇ ਕਿਸੇ ਕਮਿਊਨਿਸਟ ਜਾਂ ਕਮਿਊਨਿਸਟ ਪਾਰਟੀ ਨੂੰ ਗਲਤ ਕਹਿੰਦਾ ਹੈ ਤਾਂ ਇਸਦਾ ਮਤਲਬ ਹੈ ਕਿ ਉਹ ਮਾਰਕਸਵਾਦ ਨੂੰ ਹੀ ਗਲਤ ਕਹਿੰਦਾ ਹੈ । ਜੇ ਕੋਈ ਮਾਰਕਸਵਾਦ ਨੂੰ ਠੀਕ ਮੰਨਦਾ ਹੈ ਤਾਂ ਉਸਨੂੰ ਸਿਰਫ ਇਹੋ ਕਹਿਣਾ ਚਾਹੀਦਾ ਹੈ ਕਿ ਇਥੇ ਸਭ ਕੁਝ ਠੀਕ ਠਾਕ ਹੈ । ਉਸਨੂੰ ਸਿਰਫ ਬੂਝਾ ਸਿੰਘ ਤੇ ਮਰਗਿੰਦ ਵਰਗੇ ਪਾਤਰ ਪੇਸ਼ ਕਰਨੇ ਚਾਹੀਦੇ ਹਨ, 'ਧੀਰੋ' ਜਾਂ 'ਕਾਮਰੇਡ ਅਜੀਤ ਬਰਾੜ' ਵਰਗੇ ਪਾਤਰ ਪੇਸ਼ ਨਹੀਂ ਕਰਨੇ ਚਾਹੀਦੇ। 'ਧੀਰੋ' ਜਾਂ 'ਬਰਾੜ' ਵਰਗੇ ਪਾਤਰ ਪੇਸ਼ ਕਰਨ ਨਾਲ ਆਮ ਲੋਕਾਂ ਦੀ ਜੋ ਕਮਿਊਨਿਜ਼ਮ ਪ੍ਰਤੀ ਹਮਾਇਤ ਹੈ ਉਹ ਟੁੱਟ ਜਾਵੇਗੀ । ਪਰ ਲੀਡਰਸ਼ਿਪਾਂ ਦੇ ਘਟੀਆ ਕਿਰਦਾਰ ਕਾਰਨ ਦਰਜਨਾਂ ਦੀ ਗਿਣਤੀ ਵਿਚ ਜੋ ਕਮਿਊਨਿਸਟ ਇਨਕਲਾਬੀ ਨਿਰਾਸ਼ ਹੋ ਕੇ ਘਰਾਂ 'ਚ ਬੈਠ ਰਹੇ ਹਨ, ਉਸ ਨਾਲ ਲੋਕਾਂ 'ਚ ਜੋ ਨਿਰਾਸ਼ਤਾ ਤੇ ਬਦਜਨੀ ਫੈਲ ਰਹੀ ਹੈ ਉਸ ਉਤੇ ਕੌਣ ਉਂਗਲ ਧਰੇਗਾ ?

ਜੱਸ ਦਾ ਇਹ ਫਤਵਾ ਕਿ 'ਕਹਾਣੀ ਵਿਚ ਕਮਿਊਨਿਸਟਾਂ ਦਾ ਜੋ ਕਿਰਦਾਰ ਪੇਸ਼ ਕੀਤਾ ਗਿਆ ਹੈ ਉਹ ਯਥਾਰਥ ਨਾਲ ਮੇਲ ਨਹੀਂ ਖਾਂਦਾ', ਕਿਹੜੇ ਤੱਥਾ ਤੇ ਅਧਾਰਤ ਹੈ । ਮੈਂ ਖ਼ੁਦ 5-6 ਸਾਲ, ਕਮਿਊਨਿਸਟ ਇਨਕਲਾਬੀ ਲਹਿਰ ਵਿਚ ਹੋਲਟਾਈਮਰ ਦੇ ਰੂਪ ਵਿਚ ਕੰਮ ਕੀਤਾ ਹੈ । ਅਨੇਕਾਂ ਕਾਮਰੇਡਾਂ ਨਾਲ ਇਕੱਠੇ ਰਹਿਕੇ ਕੰਮ ਕੀਤਾ ਹੈ ਤੇ ਉਨ੍ਹਾਂ ਨੂੰ ਨੇੜਿਉਂ ਤੱਕਿਆ ਹੈ । ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਜੇ ਜ਼ਿਆਦਾ ਨਹੀਂ ਤਾਂ 70-75 ਪ੍ਰਤੀਸ਼ਤ ਕਾਮਰੇਡਾਂ ਦਾ ਕਿਰਦਾਰ ਜ਼ਰੂਰ ਅਜਿਹਾ ਹੈ ਜਿਹੋ ਜਿਹਾ ਕਿ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ । ਪੰਜਾਬ ਵਿਚ ਕਮਿਊਨਿਸਟ ਇਨਕਲਾਬੀ ਲਹਿਰ 60 ਸਾਲ ਦੇ ਕਰੀਬ ਉਮਰ ਭੋਗ ਲੈਣ ਦੇ ਬਾਵਜੂਦ ਵੀ (ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜੱਸ 60 ਸਾਲ ਦੀ ਉਮਰ ਨੂੰ ਬਚਪਨ ਹੀ ਦੱਸਦਾ ਹੈ) ਜਿਸ ਪਾਟੋਧਾੜ, ਸਿਧਾਂਤਕ ਰੋਲ-ਘਚੋਲੇ, ਨਿਰਾਸ਼ਤਾ ਤੇ ਬਦਜਨੀ ਦੀ ਸ਼ਿਕਾਰ ਹੈ, ਇਹ ਕਿਸੇ ਪ੍ਰਮਾਤਮਾ ਦੀ ਕਰੋਪੀ ਕਰਕੇ ਨਹੀਂ ਸਗੋਂ ਇਸਦੇ ਜ਼ਿੰਮੇਵਾਰ, ਬੁਰਜੂਆ ਤੇ ਨਿੱਕ-ਬੁਰਜੂਆ ਨੁਕਸਾਂ ਵਿਗਾੜਾਂ ਦੇ ਗਰੱਸੇ ਉਹ 'ਕਾਮਰੇਡ' ਹੀ ਹਨ ਜੋ ਵੱਖ ਵੱਖ ਗਰੁੱਪਾਂ ਧੜਿਆਂ ਦੀ ਅਗਵਾਈ ਕਰ ਰਹੇ ਹਨ । ਜਿਨ੍ਹਾਂ ਨੇ ਨਿੱਕ-ਬੁਰਜੂਆ ਤਬਕਿਆਂ 'ਚੋਂ ਆਏ ਕੇਡਰ ਦੀ ਢਲਾਈ ਤਾਂ ਕੀ ਕਰਨੀ ਸੀ, ਸਗੋਂ ਪ੍ਰੋਲੇਤਾਰੀ ਤੇ ਅਰਧ-ਪ੍ਰੋਲੇਤਾਰੀ

'ਚੋਂ ਆਏ ਕੇਡਰ ਨੂੰ ਵੀ ਬੁਰਜੂਆ ਤੇ ਨਿੱਕ-ਬੁਰਜੂਆ ਨੁਕਸਾਂ – ਵਿਗਾੜਾਂ ਦੀ ਲਾਗ ਲਾਈ ਜਾ ਰਹੇ ਹਨ। ਜਿਹੜੇ ਹਰ ਨਵੀਂ ਫੁੱਟ ਪਾਉਣ ਵੇਲੇ ਪਿਛਲੀਆਂ ਸਾਰੀਆਂ ਗਲਤੀਆਂ ਦੀ ਜ਼ਿੰਮੇਵਾਰੀ ਦੂਸਰਿਆਂ ਤੇ ਸੁੱਟ ਕੇ ਆਪ ਸਾਫ਼ ਬਰੀ ਹੋ ਜਾਂਦੇ ਹਨ ਜਾਂ ਪਿਛਲੇ ਸਾਰੇ ਅਮਲ ਤੇ ਕਾਂਟਾ ਫੇਰ ਕੇ (ਟੋਟਲੀ ਰੱਦ ਕਰਕੇ) ਸਵੇਰ ਨੂੰ ਇਹ ਐਲਾਨ ਕਰ ਦਿੰਦੇ ਹਨ ਕਿ ਉਨ੍ਹਾਂ ਨੇ 'ਪੜਚੋਲ-ਆਪਾ-ਪੜਚੋਲ' ਦੇ ਅਮ੍ਰਿਤ ਸਰੋਵਰ ਵਿਚ ਇਸ਼ਨਾਨ ਕਰ ਲਿਆ ਹੈ ਤੇ ਉਨ੍ਹਾਂ ਦੇ ਸਾਰੇ 'ਪਾਪ' ਬਖ਼ਸ਼ੇ ਗਏ ਹਨ ! 'ਪ੍ਰਮਾਤਮਾ ਦੀ ਕਿਰਪਾ ਨਾਲ' ਉਨ੍ਹਾਂ ਨੂੰ ਰਾਤੋ-ਰਾਤ ਇਹ 'ਇਲਾਹੀ-ਗਿਆਨ' ਹੋ ਗਿਆ ਹੈ ਕਿ 'ਮਾਰਕਸਵਾਦ ਇਕ ਵਿਗਿਆਨ ਹੈ' ਤੇ ਹੁਣ ਉਨ੍ਹਾਂ ਦੀ ਇਸ ਵਿਗਿਆਨ ਤੇ ਇਕਦਮ ਪੂਰੀ ਪਕੜ ਹੋ ਗਈ ਹੈ। ਇਸੇ ਦੀ ਮਦਦ ਨਾਲ ਉਨ੍ਹਾਂ ਨੇ ਇਕ ਨਵੀਂ ਨਕੋਰ ਤੇ ਬਿਲਕੁਲ ਦਰੁਸਤ ਲਾਈਨ ਘੜ ਲਈ ਹੈ। ਜਿਸਦੇ ਦੁਆਲੇ ਸਾਰੇ ਭਾਰਤ ਦੇ ਕਮਿਉਨਿਸਟ ਇਨਕਲਾਬੀਆਂ ਨੇ ਛੇਤੀ ਹੀ ਜਥੇਬੰਦ ਹੋ ਜਾਣਾ ਹੈ ਤੇ 'ਇਨਕਲਾਬ ਬੱਸ ਹੁਣ ਆਇਆ ਸਮਝੋ...।'

ਕੁਝ ਚਿਰ ਬਾਦ ਫਿਰ ਟੁੱਟ-ਫੁੱਟ, ਨਿਰਾਸਤਾ, ਬਦਜਨੀ...ਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਲੀਡਰਸ਼ਿਪ ਉਪਰ ਕੀ ਕਰ ਰਹੀ ਹੈ। ਇਸਦਾ ਹੇਠਲੇ ਕੇਡਰ ਨੂੰ ਸਾਲਾਂ ਬੱਧੀ ਪਤਾ ਹੀ ਨਹੀਂ ਲੱਗਣ ਦਿਤਾ ਜਾਂਦਾ, ਜੇ ਪਤਾ ਲੱਗਣ ਤੇ ਕਾਡਰ ਬੋਲਣ ਲਈ ਮੂੰਹ ਖੋਲ੍ਹਦਾ ਹੈ ਤਾਂ 'ਪਾਰਟੀ ਡਸਿਪਲਿਨ' ਦੇ ਡੰਡੇ ਨਾਲ ਚੁੱਪ ਕਰਾ ਦਿੱਤਾ ਜਾਂਦਾ ਹੈ। ਜੇ ਕੋਈ ਫੇਰ ਵੀ ਚੁੱਪ ਨਾ ਕਰੇ ਤਾਂ 'ਪਾਰਟੀ ਡਸਿਪਲਿਨ' ਭੰਗ ਕਰਨ' ਜਾਂ 'ਪਾਰਟੀ ਵਿਰੋਧੀ' ਪਰਚਾਰ ਕਰਨ' ਆਦਿ ਦੇ ਦੋਸ਼ ਲਾ ਕੇ ਪਾਰਟੀ 'ਚੋਂ ਕੱਢ ਦਿੱਤਾ ਜਾਂਦਾ ਹੈ। ਇਸ ਸਾਰੇ ਕੁਝ ਨੂੰ ਨੰਗਾ ਕਰਨਾ ਈਮਾਨ-ਦਾਰ ਲੇਖਕਾਂ ਦਾ ਫ਼ਰਜ਼ ਹੈ ਜੋ ਕਿ ਗੁਰਨਾਮ ਸਿੰਘ ਨੇ ਆਪਣੇ ਵਿਤ ਅਨੁਸਾਰ ਨਿਭਾਇਆ ਹੈ।

ਜੱਸ ਇਕ ਬੇਹੂਦਾ ਸਵਾਲ ਪੁੱਛਦਾ ਹੈ ਕਿ 'ਕੀ ਸਾਰੇ ਕਮਿਊਨਿਸਟ ਇਨਕਲਾਬੀ ਅਜੇਹੇ ਹੀ ਹਨ, ਜਿਹੋ-ਜਿਹਾ ਉਨ੍ਹਾਂ ਨੂੰ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ।' ਜੇ ਗੁਰਨਾਮ ਸਿੰਘ ਦੀ ਕਹਾਣੀ ਦਾ ਪਾਤਰ ਇਕ ਚੰਗਾ ਕਮਿਉਨਿਸਟ ਹੁੰਦਾ ਤੇ ਮਜ਼ਦੂਰਾਂ ਨੂੰ ਜਥੇਬੰਦ ਕਰਨ ਦੇ ਆਪਣੇ ਕਾਰਜ ਵਿਚ ਸਫਲ ਹੋ ਜਾਂਦਾ ਤਾਂ ਕੀ ਇਸਦਾ ਇਹ ਮਤਲਬ ਹੋਣਾ ਸੀ ਕਿ ਇਥੇ ਸਾਰੇ ਦੇ ਸਾਰੇ ਕਮਿਊਨਿਸਟ ਚੰਗੇ ਹਨ, ਇਕ ਵੀ ਮਾੜਾ ਨਹੀਂ। 'ਨੇਰ੍ਹੇ ਦਾ ਸਫ਼ਰ' ਇਕ ਛੋਟੀ ਜਿਹੀ ਕਹਾਣੀ ਹੈ ਜਿਹੜੀ ਕਿ ਇਕੋ ਮੁੱਖ ਪਾਤਰ (ਕਾਮਰੇਡ ਬਰਾੜ) ਦੇ ਦੁਆਲੇ ਘੁੰਮਦੀ ਹੈ। ਇਹ ਸਮੁੱਚਾ ਸੱਚ ਨਹੀਂ, ਸਗੋਂ ਸਮੁੱਚੇ ਸੱਚ ਦਾ ਇਕ ਛੋਟਾ ਜਿਹਾ ਭਾਗ ਹੈ। ਇਹ ਕੋਈ ਨਾਵਲ ਨਹੀਂ ਕਿ ਗੁਰਨਾਮ ਸਿੰਘ ਬਹੁਤ ਸਾਰੇ ਪਾਤਰ ਸਿਰਜਦਾ, ਜਿਨ੍ਹਾਂ ਰਾਹੀਂ ਉਹ ਗ਼ਲਤ ਤੇ ਠੀਕ ਦੀ ਟੱਕਰ ਪੇਸ਼ ਕਰਦਾ ਤੇ ਠੀਕ ਨੂੰ ਜਿੱਤਦਾ ਤੇ ਗ਼ਲਤ ਤੇ ਭਾਰੂ ਹੁੰਦਾ ਵਿਖਾਉਂਦਾ। (ਜਦਕਿ ਅਸਲੀਅਤ ਇਹ ਹੈ ਕਿ ਗ਼ਲਤ ਨੇ ਠੀਕ ਨੂੰ ਏਨੀ ਬੁਰੀ ਤਰ੍ਹਾਂ ਕੁਚਲ ਰੱਖਿਆ ਹੈ ਕਿ ਹਾਲੇ ਨੇੜ-ਭਵਿੱਖ ਵਿਚ ਠੀਕ ਦੇ ਜਿੱਤਕੇ (ਗ਼ਲਤ ਦੇ) ਉਤੋਂ ਦੀ ਪੈਣ ਦੀਆਂ ਸੰਭਾਵਨਾਵਾਂ ਬਹੁਤ ਮੱਧਮ ਹਨ।) ਜੇ ਇਥੋਂ ਦੇ ਕਮਿਊਨਿਸਟ ਦਲਿਤ ਸ਼ਰੇਣੀਆਂ ਨੂੰ ਜਥੇਬੰਦ ਕਰਨ ਵਿਚ ਸਫਲ ਨਹੀਂ ਹੋ ਸਕੇ ਤਾਂ ਇਸ 'ਚੋਂ ਇਹ ਸਿੱਟਾ ਨਹੀਂ ਨਿਕਲਦਾ ਕਿ ਕਮਿਊਨਿਜ਼ਮ ਠੀਕ ਨਹੀਂ ਤੇ ਦਲਿਤ ਸ਼ਰੇਣੀਆਂ ਨੂੰ ਜਾਤੀ ਅਧਾਰ ਤੇ ਆਪਣੀਆਂ ਜਥੇਬੰਦੀਆਂ ਬਣਾਉਣੀਆਂ ਚਾਹੀਦੀਆਂ ਹਨ। ਸਵਾਲ ਤਾਂ ਇਹ ਹੈ ਕਿ ਕਮਿਊਨਿਸਟ ਕਿਹੜੇ ਕਾਰਨਾਂ ਕਰਕੇ ਦਲਿਤ ਸ਼ਰੇਣੀਆਂ ਨੂੰ ਜਥੇਬੰਦ ਕਰਨ 'ਚ ਸਫਲ ਨਹੀਂ ਹੋ ਸਕੇ ? ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਵਿਗਿਆਨਕ ਸਿਧਾਂਤ ਦੇ ਧਾਰਨੀ ਹੋਣ ਦੇ ਬਾਵਜੂਦ ਵੀ ਆਪਣਾ ਨਿਕ-ਬੁਰਜੂਆ ਕਿਰਦਾਰ ਛੱਡ ਕੇ ਪ੍ਰੋਲੇਤਾਰੀ ਕਿਰਦਾਰ ਨਹੀਂ ਅਪਣਾ ਸਕੇ ?'

ਗੁਰਸ਼ਰਨ ਭਾਜੀ ਮੁਤਾਬਕ ਵੀ ਇਹ ਕਹਾਣੀ 'ਇਕ ਸੋਚ ਮੰਗਦਾ ਯਥਾਰਥ ਹੈ'। ਲੋੜ ਯਥਾਰਥ 'ਚੋਂ ਦਰੁੱਸਤ ਸਿੱਟੇ ਕੱਢ ਕੇ ਅੱਗੇ ਤੁਰਨ ਦੀ ਹੈ, ਯਥਾਰਥ ਨੂੰ ਲੁਕੋਣ ਤੇ ਇਸਤੋਂ ਅੱਖਾਂ ਮੀਟਣ ਦੀ ਨਹੀਂ।

**ਪਰਮਜੀਤ ਸਿੰਘ ਪਟਿਆਲਾ**

## 3. ਖੇਤ-ਮਜ਼ਦੂਰ—ਤਸਵੀਰ ਦਾ (?) ਰੁਖ

ਪੰਜਾਬ ਦੇ ਖੇਤ-ਮਜ਼ਦੂਰਾਂ ਬਾਰੇ, ਕੁੱਝ ਇਕ ਪੰਜਾਬੀ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ, ਕੁਝ ਸਮੇਂ ਤੋਂ ਵਾਦ-ਵਿਵਾਦ ਚਲਦਾ ਆ ਰਿਹਾ ਹੈ, ਖ਼ਾਸ ਕਰਕੇ ਪ੍ਰਵਾਸੀ ਮਜ਼ਦੂਰਾਂ ਰਾਹੀਂ ਪੈਦਾ ਕੀਤੀਆਂ ਸਮਸਿਆਵਾਂ ਬਾਰੇ। ਜੇਕਰ ਇਸ ਗੱਲ ਨੂੰ ਥੋੜ੍ਹੀ ਸੁਹਿਰਦਤਾ ਤੇ ਬਾਰੀਕੀ ਨਾਲ ਵਿਚਾਰਿਆ ਜਾਏ ਤਾਂ ਇਹ ਇਕ ਅਹਿਮ ਮਸਲਾ ਵੀ ਹੈ। ਪਰ ਦੁੱਖ ਦੀ ਗੱਲ ਹੈ ਕਿ ਇਸ ਬਾਰੇ ਕੋਈ ਵਿਗਿਆਨਕ ਪਹੁੰਚ ਨਹੀਂ ਅਪਣਾਈ ਗਈ, ਬਲਕਿ ਇਸ ਨੁਕਤੇ-ਨਜ਼ਰ ਤੋਂ ਕੀਤਾ ਗਿਆ ਹਰ ਵਾਦ-ਵਿਵਾਦ ਮਹਿਜ਼ ਅਖ਼ਬਾਰੀ ਚਰਚਾ ਤੱਕ ਹੀ ਮਹਿਦੂਦ ਰਿਹਾ ਹੈ। ਕਾਰਨ ? ਇਸ ਵਿਸ਼ੇ ਉਤੇ ਚਾਰ ਅੱਖਰ 'ਝਾੜਨ' ਵਾਲਾ ਹਰ ਬੰਦਾ ਆਪਣੇ ਆਪਣੇ ਵਰਗ ਦੇ ਹਿੱਤਾਂ ਨੂੰ ਲੈ ਕੇ 'ਆਪਣਾ ਹੀ ਤਵਾ' ਲਾਉਂਦਾ ਰਿਹਾ ਹੈ।

ਖੇਤ ਮਜ਼ਦੂਰ ਸਾਡੇ ਸਮਾਜ ਦੀ ਇਕ ਵੱਖਰੀ

ਜਮਾਤ ਹੈ। ਸਮੁੱਚੇ ਸਮਾਜ ਦੀ ਤਰੱਕੀ ਤੇ ਖੁਸ਼ਹਾਲੀ ਵਿੱਚ ਇਸ ਦਾ ਰੋਲ ਸਨਅਤੀ ਮਜ਼ਦੂਰ ਨਾਲੋਂ ਕਿਸੇ ਵੀ ਗੱਲੋਂ ਘੱਟ ਨਹੀਂ। ਕਿਰਦਾਰ ਵਜੋਂ ਖੇਤ ਮਜ਼ਦੂਰ 'ਸੇਵਾਦਾਰ' ਹੈ ਜਿਸਨੂੰ 'ਮਾਲਕ' ਪ੍ਰਤੀ ਪੂਰੀ ਵਫ਼ਾ ਨਿਭਾਉਣੀ ਚਾਹੀਦੀ ਹੈ। ਹੁਣ ਜਦ ਉਸ ਨੇ ਨੀਵੀਂ ਤੇ ਭੈੜੀ ਜਾਤ ਵਿਚ ਜਨਮ ਲੈਣ ਦਾ ਗੁਨਾਹ ਕਰ ਹੀ ਲਿਆ, ਤਾਂ ਉਸ ਨੂੰ ਆਪਣਾ ਗੁਨਾਹ ਬਖਸ਼ਾਉਣ ਲਈ ਵੱਡੇ ਤੇ ਉਚੇ-ਸੁੱਚੇ ਲੋਕਾਂ ਦੀ ਸੇਵਾ ਤਾਂ ਕਰਨੀ ਹੀ ਪਊ। ਹਰ ਦਰੁਸਤ ਕਰ ਕੇ ਕਿਹਾ ਜਾਏ ਤਾਂ ਪਿਛਲੇ ਜਨਮਾਂ ਵਿਚ ਕੀਤੇ ਮਾੜੇ ਕਰਮਾਂ ਦਾ ਫਲ ਉਹਨੂੰ ਇਸ ਮਨੁੱਖੀ-ਜਨਮ ਵਿਚ ਭੋਗਣਾ ਹੀ ਪੈਣਾ ਹੈ, ਤਦੇ ਹੀ ਤਾਂ ਉਸ ਦੀ ਗਤੀ ਹੋ ਸਕਦੀ ਹੈ, ਨਹੀਂ ਤਾਂ ਅਗਲੀਆਂ ਜੂਨਾਂ ਵਿਚ ਵੀ ਭਟਕਦਾ ਰਹੂ। ਤੇ ਇਹ ਗਤੀ ਉਹਨੂੰ ਮਿਲਦੀ ਹੈ, ਆਪਣੇ 'ਸਰਦਾਰਾਂ' ਦੀ ਪੁਸ਼ਤ-ਦਰ-ਪੁਸ਼ਤ ਗੁਲਾਮੀ ਕਰਕੇ। ਸਾਰਾ ਦਿਨ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਬਾਅਦ ਜਦ ਉਹ ਥੱਕਿਆ-ਹਾਰਿਆ ਆਪਣੇ ਡੇਰੇ ਪਰਤਦਾ ਹੈ ਤਾਂ ਉਸਦੇ ਪੱਲੇ ਆਪਣੇ ਦਾਤੇ ਦੀਆਂ ਬੇਹੀਆਂ 'ਬਖਸ਼ਿਸ਼ਾਂ' ਤੋਂ ਸਿਵਾ ਕੁਝ ਨਹੀਂ ਹੁੰਦਾ। ਉਸ ਨੇ ਅਗਰ ਆਪਣੇ ਵਿਹੜੇ ਚੜ੍ਹਦਾ ਤੇ ਡੁੱਬਦਾ ਸੂਰਜ ਵੇਖਿਆ ਹੋਵੇ ਤਾਂ ਹੀ ਉਸ ਨੂੰ ਘਰ ਅੰਦਰਲੇ ਨ੍ਹੇਰਿਆਂ ਦਾ ਗਿਆਨ ਹੋਵੇ। ਤੇ ਜਿੰਨਾ ਚਿਰ ਨ੍ਹੇਰਾ ਹੈ, ਬੀਤੇ ਜਨਮਾਂ ਦਾ ਸਰਾਪ ਭੋਗੀ ਜਾਵੇ। ਅਖੇ 'ਜਿਸ ਘਰ ਦੀਵਾ ਨਾ ਬਲੇ, ਨਾ ਖੇਡੋ ਉਸ ਘਰ ਬਾਲ'। ਫਿਰ ਜਦ ਕਿਸੇ ਦੇ 'ਭਾਗ' ਹੀ ਰੁੱਸ ਗਏ ਤਾਂ ਦੋਸ਼ ਕੀਹਨੂੰ ਦਿੱਤਾ ਜਾਏ। ਤੇ ਤਕਦੀਰਾਂ ਬਦਲਣ ਦੀ ਸੋਝੀ ਸਨਅਤੀ ਮਜ਼ਦੂਰ ਨੂੰ ਤਾਂ ਕੁਝ ਕੁਝ ਹੋ ਸਕਦੀ ਹੈ, ਖੇਤ-ਮਜ਼ਦੂਰ ਦਾ ਗੁਲਾਮੀ ਦੀਆਂ ਵਲਗਣਾਂ ਵਿਚੋਂ ਨਿਕਲਣਾ ਐਡਾ ਆਸਾਨ ਨਹੀਂ। ਆਪਣੇ ਅਗਿਆਨ ਤੇ ਬੇਵਸੀ ਸਦਕਾ ਉਹ ਕਿਆਮਤ ਤੱਕ ਲੁੱਟ ਹੀ ਹੁੰਦਾ ਰਹੇਗਾ।

ਇਹ ਸਹੀ ਹੈ ਕਿ ਪੰਜਾਬ ਵਿਚ ਬਾਹਰੋਂ ਆਉਣ ਵਾਲੇ ਮਜ਼ਦੂਰਾਂ ਨੇ ਪੰਜਾਬ ਦੀ ਸਮੁੱਚੀ ਪੈਦਾਵਾਰੀ, ਉਦਯੋਗਿਕ ਅਤੇ ਸਮਾਜਿਕ ਜ਼ਿੰਦਗੀ ਵਿੱਚ ਕਈ ਨਵੀਆਂ ਤਬਦੀਲੀਆਂ ਲਿਆ ਕੇ ਕੁਝ ਮੁਸਕਲਾਂ ਖੜੀਆਂ ਕੀਤੀਆ ਹਨ। ਜਿਵੇਂ ਕਿ ਅਸੀਂ ਫ਼ੌਜੀ ਕਿਰਾਏਦਾਰ ਨੂੰ ਜ਼ਿਆਦਾ ਤਰਜੀਹ ਦਿੰਦੇ ਹਾਂ, ਉਵੇਂ ਹੀ ਸਾਡੇ ਜ਼ਿਮੀਂਦਾਰ ਤਬਕੇ ਨੇ ਪ੍ਰਵਾਸੀ ਮਜ਼ਦੂਰ ਨੂੰ ਜ਼ਿਆਦਾ ਪਹਿਲ ਦਿੱਤੀ ਹੈ। ਇਹ ਪਹਿਲ ਕਿਉਂ ਦਿੱਤੀ ਗਈ? ਘੱਟ ਮਜ਼ਦੂਰੀ, ਆਸਾਨ ਸ਼ਰਤਾਂ ਅਤੇ ਭਰਵੀਂ ਜੀ-ਹਜ਼ੂਰੀ। ਹੋਰ ਰੱਬ ਕੀ ਚਾਹੀਦਾ? ਫਿਰ ਜਦ ਇਕ ਜਣਾ ਦੂਸਰੇ ਦੇ ਪੇਟ ਉਤੇ ਲੱਤ ਮਾਰਦਾ ਹੈ, ਦੁੱਖ ਤਾਂ ਲੱਗਣਾ ਹੀ ਹੋਇਆ। ਇਕ ਜਣਾ ਦੂਸਰੇ ਦਾ ਹੱਕ ਖੋਹੇ, ਫਸਾਦ ਤਾਂ ਅਵੱਸ਼ ਹੋਣਾ ਹੈ। ਸਿੱਟੇ ਵਜੋਂ ਜਗ੍ਹਾ ਜਗ੍ਹਾ ਕਈ ਵੇਲਿਆਂ ਉਤੇ ਇਸ ਮਸਲੇ ਤੋਂ ਲੁੱਟਾਂ, ਝਗੜੇ ਤੇ ਕਤਲ ਵੀ ਹੋਏ। ਪੰਜਾਬ ਦੀ ਜ਼ਿਮੀਂਦਾਰੀ ਤੇ ਭਈਏ ਇਕ ਪਾਸੇ ਤੇ ਸਥਾਨਕ ਮਜ਼ਦੂਰ ਇਕ ਪਾਸੇ। ਜ਼ਿਮੀਂਦਾਰ ਨੇ ਆਪਣੇ ਹਿੱਤਾਂ ਦੀ ਸੁਰੱਖਿਆ ਲਈ ਵਿਰੋਧੀ ਜਮਾਤ (ਪ੍ਰਵਾਸੀ-ਮਜ਼ਦੂਰ) ਨਾਲ ਭਿਆਲੀ ਪਾ ਲਈ ਦੂਸਰੇ ਪਾਸ ਸਥਾਨਕ ਤੇ ਪ੍ਰਵਾਸੀ ਮਜ਼ਦੂਰ ਇਕੋ ਹੀ ਸ਼੍ਰੇਣੀ ਨਾਲ ਸੰਬੰਧਤ ਹੁੰਦਿਆਂ ਹੋਇਆਂ ਵੀ ਦੁਸ਼ਮਣ ਬਣ ਗਏ। (ਇਸ ਦਾ ਸਿੱਧਾ-ਅਸਿੱਧਾ ਨੁਕਸਾਨ ਕਿਸਾਨਾਂ ਤੇ ਮਜ਼ਦੂਰਾਂ ਦੀ ਸਾਂਝੀ ਜਮਹੂਰੀ ਲਹਿਰ ਨੂੰ ਵੀ ਪਹੁੰਚਿਆ ਹੈ।) ਇਨ੍ਹਾਂ ਨਵੇਂ ਸਥਾਪਤ ਹੋਏ ਸ਼ਰੇਣਿਕ ਰਿਸ਼ਤਿਆਂ ਦਾ ਵਕਤੀ ਫਾਇਦਾ ਤਾਂ ਭਾਵੇਂ ਜ਼ਿਮੀਂਦਾਰ ਨੂੰ ਹੀ ਹੈ ਪਰ ਆਉਣ ਵਾਲੇ ਸਮੇਂ ਵਿਚ ਇਸ ਤਣਾਓ ਦੇ ਸਿੱਟੇ ਸਭਨਾਂ ਨੂੰ ਭੁਗਤਣੇ ਪੈਣਗੇ।

... ... ...

ਪੰਜਾਬੀ ਟ੍ਰਿਬਿਊਨ (12 ਨਵੰਬਰ 1983) ਵਿੱਚ, 'ਤਸਵੀਰ ਦਾ ਦੂਜਾ ਰੁਖ' ਸਿਰਲੇਖ ਹੇਠ ਤਰਲੋਚਨ ਸਿੰਘ (ਲੁਧਿਆਣਾ) ਲਿਖਦੇ :—'ਯੂ ਪੀ. ਅਤੇ ਬਿਹਾਰ ਤੋਂ ਆਏ ਮਜ਼ਦੂਰਾਂ ਦੀ ਪਿੰਡਾਂ ਵਿਚ ਹਾਲਤ ਭਾਵੇਂ ਏਨੀ ਚੰਗੀ ਨਾ ਹੋਵੇ ਪਰ ਲੁਧਿਆਣੇ ਸ਼ਹਿਰ ਵਿਚ ਇਹ ਬੜੀ ਠਾਠ ਨਾਲ ਰਹਿੰਦੇ ਹਨ। ਚੰਗੀ ਖੁਰਾਕ ਖਾਂਦੇ, ਚੰਗੇ ਕਪੜੇ ਪਹਿਨਦੇ, ਬਹੁਤੀਆਂ ਫਿਲਮਾਂ ਦੇਖਦੇ ਅਤੇ ਪਹਿਲੀਆਂ ਤਰੀਕਾਂ ਵਿਚ ਕਾਫੀ ਧੰਨ ਮਨੀਆਰਡਰਾਂ ਰਾਹੀਂ ਆਪਣੇ ਘਰਾਂ ਨੂੰ ਭੇਜਦੇ ਹਨ। ਇਹ ਕੋਈ ਇਤਰਾਜ਼ ਵਾਲੀ ਗੱਲ ਨਹੀਂ। ਪਰ ਕਈ ਸਮਝਦੇ ਹਨ ਕਿ ਇਨ੍ਹਾਂ ਦੀ ਹਾਲਤ ਤਰਸਯੋਗ ਹੈ, ਇਹ ਗਲਤ ਹੈ।

ਇਸ ਤੋਂ ਬਿਨਾਂ ਇਨ੍ਹਾਂ ਵਿਚ ਕਈ ਨਾਂਹ-ਪੱਖੀ ਗੱਲਾਂ ਵੀ ਹਨ। ਜਿਵੇਂ ਪੰਜਾਬੀਆਂ ਨੂੰ ਜਰਦਾ ਖਾਣ ਦੀ ਆਦਤ ਇਨ੍ਹਾਂ ਨੇ ਹੀ ਪਾਈ ਹੈ। ਇਨ੍ਹਾਂ ਵਿਚ ਕਈ ਜਰਾਇਮ-ਪੇਸ਼ਾ ਲੋਕ ਹਨ ਅਤੇ ਕਈ ਵਾਰਦਾਤਾਂ ਕਰਕੇ ਪੁਲੀਸ ਪੋਂ ਬਚਣ ਲਈ ਪੰਜਾਬ ਆਏ ਹੋਏ ਹਨ। ਇਥੇ ਵੀ ਉਹ ਚੋਰੀਆਂ ਆਦਿ ਕਰਨ ਤੋਂ ਨਹੀਂ ਟਲਦੇ।

ਇਹ ਪੈਸੇ ਲੈ ਕੇ ਜਾਅਲੀ ਵੋਟਾਂ ਪਾ ਦਿੰਦੇ ਹਨ। ਰਿਕਸ਼ਾ ਵਾਹੁਣ ਵਾਲੇ ਸਵਾਰੀਆਂ ਨਾਲ ਅਕਸਰ ਝਗੜਾ ਕਰਦੇ ਅਤੇ ਬਦਤਮੀਜ਼ੀ ਨਾਲ ਪੇਸ਼ ਆਉਂਦੇ ਹਨ। ਇਹ ਯੂ ਪੀ. ਬਿਹਾਰ ਤੋਂ ਕਈ ਗੰਭੀਰ ਬੀਮਾਰੀਆਂ ਆਪਣੇ ਨਾਲ ਲੈ ਆਉਂਦੇ ਹਨ ਅਤੇ ਪੰਜਾਬ ਵਿਚ ਫੈਲਾਉਂਦੇ ਹਨ। ਪੰਜਾਬ ਦੀ ਸੀਮਾਂ ਤੇ ਆਉਣ ਸਮੇਂ ਇਨ੍ਹਾਂ ਨੂੰ ਲੋੜੀਂਦੇ ਟੀਕੇ ਲਗਣੇ ਚਾਹੀਦੇ ਹਨ। ਇਨ੍ਹਾਂ ਦੀ ਫੋਟੋ ਵਾਲੇ ਸ਼ਨਾਖਤੀ ਕਾਗਜ਼ ਬਨਣੇ ਚਾਹੀਦੇ ਹਨ।'

(ਤੇ ਇਹ ਵਿਚਾਰ ਇੱਕ-ਇਕੱਲੇ ਤਰਲੋਚਨ ਸਿੰਘ ਦੇ ਹੀ ਨਹੀਂ) ਭਾਈ ਸਾਹਿਬਾਨ ਨੂੰ ਈਰਖਾ ਹੈ ਕਿ ਇਹ

ਪ੍ਰਵਾਸੀ ਮਜ਼ਦੂਰ 'ਭਾੜੇ ਦੇ ਟੱਟੂ' ਹੁੰਦਿਆਂ ਹੋਇਆਂ ਵੀ ਐਨੀ ਠਾਠ ਨਾਲ ਕਿਉਂ ਰਹਿੰਦੇ ਹਨ। ਉਨ੍ਹਾਂ ਨੂੰ ਇਹ ਜਾਣ ਕੇ ਰੋਹ ਚੜ੍ਹਦਾ ਹੈ ਕਿ ਇਹ ਜਰਾਇਮ-ਪੇਸ਼ਾ ਲੋਕ ਪੁਲਿਸ ਤੋਂ ਬਚਣ ਦੀ ਖਾਤਰ 'ਸਤਿਗੁਰਾਂ ਦੇ ਦੇਸ਼' ਭੱਜ ਆਉਂਦੇ ਹਨ (ਜਿਸ ਦੇਸ਼ ਦੇ 'ਅਣਖੀਲੇ ਮਨੁੱਖ' ਦਿਨ-ਦੀਵੀ 'ਸਫਾਇਆ' ਕਰ ਕੇ ਕੈਨੇਡਾ ਤੇ ਜਰਮਨੀ ਪਹੁੰਚ ਜਾਂਦੇ ਹਨ), ਭਾਈ ਸਾਹਿਬ ਨੂੰ ਇਤਰਾਜ਼ ਹੈ ਕਿ ਪੰਜਾਬ ਦੇ ਸ਼ਾਹੀ ਨਸ਼ੇ ਸਰਾਬ ਉਤੇ ਜਰਦੇ ਜਿਹਾ ਸਸਤਾ ਤੇ ਘਟੀਆ ਨਸ਼ਾ ਭਾਰੂ ਹੋ ਗਿਆ ਹੈ। ਇਹ ਵੀ ਕਿ ਖੁਸ਼ਹਾਲ ਪੰਜਾਬ ਨੂੰ ਅਗਰ ਕਦੀ ਗੰਭੀਰ ਬੀਮਾਰੀਆਂ ਆ ਚੰਬੜੀਆਂ ਹਨ ਤਾਂ ਇਹ ਸਭ ਪ੍ਰਵਾਸੀ ਮਜ਼ਦੂਰਾਂ ਦੀ ਅਲਾਮਤ ਹਨ। ਸੁਝਾ ਦਿੱਤਾ ਗਿਆ ਹੈ ਕਿ ਪੰਜਾਬ ਦੀ ਸਰਹੱਦ ਅੰਦਰ ਦਾਖਲ ਹੋਣ ਲੱਗਿਆਂ ਇਨ੍ਹਾਂ ਦਾ ਡਾਕਟਰੀ ਮੁਆਇਨਾ ਜ਼ਰੂਰੀ ਹੈ ਜਿਵੇਂ ਕਿ ਇੰਗਲੈਂਡ ਵਿਚ ਕਦਮ ਰੱਖਣ ਲੱਗਿਆਂ ਸਾਡੀਆਂ ਧੀਆਂ ਭੈਣਾਂ ਦਾ ਕੁਆਰਾਪਨ-ਟੈਸਟ। ਇਨ੍ਹਾਂ ਲਈ ਫੋਟੋ ਵਾਲੇ ਸ਼ਨਾਖਤੀ ਕਾਰਡ ਵੀ ਬਨਣੇ ਚ ਹੀਦੇ ਹਨ ਤਾਂ ਜੋ ਉਹ ਗੁਰਦੁਆਰਿਆਂ ਤੇ ਮੰਦਰਾਂ, ਬੈ ਕਾਂ ਤੇ ਸਿਨਮਿਆਂ, ਸੜਕਾਂ ਤੇ ਪਾਰਕਾਂ, ਜਿੱਥੇ ਕਿਧਰੇ ਵੀ ਅਵਾਰੌਣ ਘੁੰਮ-ਫਿਰ ਰਹੇ ਹੋਣ ਤਾਂ ਤੁਰੰਤ ਪਹਿਚਾਣੇ ਜਾਣ।

... ... ...

ਸੂਝ ਦੇ ਪੱਖੋਂ ਪੰਜਾਬ ਦਾ ਖੇਤ-ਮਜ਼ਦੂਰ ਹਾਲਾਂ ਵੀ ਬੋਥਾ ਹੀ ਤੇ, ਸਥਿੱਤੀ ਉੱਕਾ ਹੀ ਪਿਛਲੇ ਸਮਿਆਂ ਵਰਗੀ ਨਹੀਂ। ਪਰ ਯੁੱਗਾਂ ਦੇ ਯੁੱਗ ਬਦਲ ਗਏ, ਉਸ ਦੀ ਬੇਵਸੀ ਸਗੋਂ ਹੋਰ ਵਧੀ ਹੈ। ਜ਼ਿੰਦਗੀ ਦੇ ਹਰ ਪਹਿਲੂ ਤੋਂ ਦੂਸਰੀਆਂ ਜਮਾਤਾਂ ਤਰੱਕੀ ਕਰਦੀਆਂ ਕਿਤੇ ਦੀ ਕਿਤੇ ਪਹੁੰਚ ਗਈਆਂ ਪਰ ਖੇਤ-ਮਜ਼ਦੂਹ ਪਛੜਦਾ ਹੀ ਗਿਆ। ਹਾਲਤ ਕਿੰਨੀ ਕੁ ਨਾਜ਼ੁਕ ਸਥਿਤੀ ਉਤੇ ਪਹੁੰਚ ਗਈ ਹੈ, ਇਸ ਪੱਖ ਵਿਚ 'ਤਿਆਰ-ਬਰ-ਤਿਆਰ' ਅੰਕੜੇ ਦੇਣੇ ਮੁਸ਼ਕਲ ਹਨ।

ਸਮਤਾ ਦੇ ਪੰਨਿਆਂ ਉਤੇ (ਦੇਖੋ ਸਮਤਾ, ਅਗਸਤ 1983 : ਅਜੋਕੇ ਪੰਜਾਬ ਦੇ ਖੇਤ-ਮਜ਼ਦੂਰ ਮਸਲੇ —ਘੋਲ ਤੇ ਸਿਆਸੀ ਵਿਚਾਰਧਾਰਾਵਾਂ—ਇਕ ਅਧਿਐਨ) ਖੇਤ-ਮਜ਼ਦੂਰਾਂ ਦੇ ਮਸਲੇ ਬਾਰੇ ਸੋਚਣ-ਵਿਚਾਰਨ ਦੀ ਕਾਫੀ ਪਹਿਲ-ਕਦਮੀਂ ਕੀਤੀ ਗਈ ਹੈ। ਸਭ ਤੋਂ ਪਹਿਲਾਂ ਸਾਨੂੰ ਯਥਾਰਥ ਜਾਨਣ ਦੀ ਲੋੜ ਹੈ। ਫਿਰ ਇਸ ਵਧ ਰਹੀ ਸਮੱਸਿਆ ਬਾਰੇ ਈਮਾਨਦਾਰੀ ਨਾਲ ਸੋਚ-ਵਿਚਾਰ ਕਰਨ ਦੀ। ਮੇਰੀ ਮਨਸ਼ਾ ਸਿਰਫ ਇਤਨੀ ਹੀ ਹੈ ਕਿ ਇਸ ਵਿਸ਼ੇ ਬਾਰੇ ਕੁਝ ਗੱਲਾਂ ਕਰਕੇ ਬਹਿਸ ਨੂੰ ਹੋਰ ਤਿੱਖਾ ਕੀਤਾ ਜਾਏ। ਸੂਝਵਾਨ ਤੇ ਜੁਝਾਰੂ ਸੱਜਣਾਂ ਦਾ ਇਹ ਫਰਜ਼ ਬਣਦਾ ਹੈ ਕਿਉਹ ਪੂਰੀ ਦਿਲਚਸਪੀ ਨਾਲ ਇਸ ਨੁਕਤੇ ਉਤੇ ਘੋਖ-ਪੜਤਾਲ ਕਰਨ, ਤਾਂ ਜੋ ਕੋਈ ਸਾਰਥਕ ਹੱਲ ਲੱਭਿਆ ਜਾ ਸਕੇ।

**ਸੁਰਜੀਤ 'ਆਲਮ'**

**4.** ਪ੍ਰੋ. ਭਾਰਦਵਾਜ ਨੇ 'ਸਮਤਾ' ਦੇ ਨਵੰਬਰ ਅੰਕ ਵਿਚ ਗੁਰਮੇਲ ਸਿੰਘ ਭਰੋਵਾਲ ਦੇ ਜੁਆਬ 'ਚ ਕਿਹਾ ਹੈ ਕਿ ਕਾਂਗਰਸ ਪਾਰਟੀ ਤੋਂ ਬਗੈਰ 'ਦੂਜੀਆਂ ਪਾਰਟੀਆਂ ਨੂੰ ਵੀ ਲਾਲ ਐਨਕਾਂ ਥਾਣੀਂ ਦੇਖੀ ਜਾਣਾ ਬਚਪਨਾ ਹੋਵੇਗਾ'। ਕੀ ਇਸ ਤੋਂ ਪ੍ਰੋ. ਸਾਹਬ ਦਾ ਭਾਵ ਮਾਰਕਸਵਾਦੀ ਪੈਂਤੜੇ ਤੋਂ ਹੈ। ਕੀ ਪ੍ਰੋ. ਸਾਹਬ ਦੱਸ ਸਕਣਗੇ ਕਿ ਉਹ ਕਿਹੜੇ ਪੈਂਤੜੇ ਤੇ ਖੜ ਕੇ ਆਪਣੇ ਵਿਚਾਰ ਲਿਖਦੇ ਹਨ ਜਾਂ ਉਹਨਾਂ ਤੇ ਅਮਲ ਕਰਦੇ ਹਨ। ਨਿਰਸੰਦੇਹ ਕਿਸੇ ਵੀ ਘਟਨਾ ਪ੍ਰਤੀ ਮਜ਼ਦੂਰ ਜਮਾਤ ਦਾ ਨਿਰਣਾ ਸਰਮਾਏਦਾਰੀ ਜਮਾਤ ਨਾਲੋਂ ਵੱਖਰਾ ਹੋਵੇਗਾ ਤੇ ਮਜ਼ਦੂਰ ਜਮਾਤ ਇਹ ਨਿਰਣਾ ਆਪਣੀ ਸਿਆਸਤ ਮਾਰਕਸਵਾਦ-ਲੈਨਿਨਵਾਦ ਮਾਉ-ਜੇ-ਤੁੰਗ ਵਿਚਾਰਧਾਰਾ (ਜੋ ਕਿ ਅੱਜ ਦੀ ਸਭ ਤੋਂ ਉੱਨਤ ਵਿਚਾਰਧਾਰਾ ਹੈ) ਤੇ ਖੜ੍ਹ ਕੇ ਹੀ ਕਰੇਗੀ। ਸੋ ਜੇਕਰ ਪ੍ਰੋ. ਸਾਹਿਬ ਇਸ ਪੈਂਤੜੇ ਨੂੰ ਮੰਨਦੇ ਹਨ ਤਾਂ ਇਸ ਪੈਂਤੜੇ ਤੇ ਖੜ੍ਹ ਕੇ ਹੇਠ ਲਿਖੇ ਸਵਾਲਾਂ ਦੇ ਜੁਆਬ ਬਿਨਾ ਕਿਸੇ 'ਵਿਲੱਖਣ ਸ਼ੈਲੀ' ਦੇ ਦੇਣ ਵਰਨਾ 'ਸਮਤਾ' ਦੇ 'ਬਹੁਮੁਲੇ' ਵਰਕੇ ਕਾਲੇ ਕਰਨ ਦਾ ਕੋਈ ਫ਼ਾਇਦਾ ਨਹੀਂ। ਸਵਾਲ ਇਹ ਹਨ :

1. ਤੁਹਾਨੂੰ 'ਰਸਤਾ ਰੋਕੋ' ਅੰਦੋਲਨ ਦੌਰਾਨ ਸ਼ਹੀਦ ਹੋਏ ਲੋਕਾਂ ਦਾ ਖੂਨ ਬਹੁਤ ਪਿਆਰਾ ਲਗਿਆ। ਪ੍ਰਿਥੀਪਾਲ ਸਿੰਘ ਰੰਧਾਵਾ ਦੇ ਖੂਨ 'ਚ ਕਿਹੜੀ ਕਮੀ ਸੀ ? (ਟੈਕਨੀਕਲ ਮਾਹਰ ਪ੍ਰੋ. ਸਾਹਬ) ਕੀ ਪ੍ਰਿਥੀਪਾਲ ਰੰਧਾਵਾ ਨਾਲੋਂ ਵੱਧ ਕੀਮਤ ਇਹਨਾਂ ਲੋਕਾਂ (ਅਕਾਲੀਆਂ) ਦੀ ਹੈ ? ਬਾਕੀ ਨੈਕਸਲਾਈਟਾਂ ਦੇ 40-50 ਕਤਲਾਂ ਦੀ ਤਾਂ ਗੱਲ ਹੀ ਛੱਡੋ।
2. ਕੀ ਕਮਿਉਨਿਸਟ ਵਿਚਾਰਧਾਰਾ ਨੂੰ ਮੰਨਣ ਵਾਲੇ ਲਈ ਅੱਜ ਦੇ ਵਿਚਾਰਧਾਰਕ ਘਚੋਲੇ ਵਾਲੇ ਸਮੇਂ 'ਚ ਪਾਰਟੀ ਉਸਾਰੀ ਦਾ ਕਾਰਜ ਪਰਮੁੱਖ ਹੈ ਜਾਂ ਹਾਕਮ ਜਮਾਤਾਂ ਦੀ ਕਿਸੇ ਵੀ ਪਾਰਟੀ ਲਈ ਲੀਗਲ ਐਡਵਾਈਜ਼ਰੀ ਦਾ...।
3. ਅਕਾਲੀ ਮੋਰਚੇ ਦੌਰਾਨ ਪ੍ਰੋ: ਹੋਰਾਂ ਪਰੋਲੇਤਾਰੀਏ ਕਮਿਉਨਿਸਟ ਚੇਤਨਾ ਨਾਲ ਲੈਸ ਕੀਤੇ ਹਨ ।
4. ਕੀ ਕਮਿਉਨਿਸਟ ਸਿਧਾਂਤ ਅਨੁਸਾਰ ਹਾਕਮ ਜਮਾਤਾਂ ਦਾ ਆਪਸ 'ਚ ਕੋਈ ਵਿਰੋਧ ਨਹੀਂ ਹੁੰਦਾ ? ਜੇ ਹੈ ਤਾਂ ਫਿਰ ਕੀ ਅਕਾਲੀ, ਜੰਤਾ

ਪਾਰਟੀ, ਲੋਕ ਦਲ...ਆਦਿ ਵਿਚ ਇਹੀ ਵਿਰੋਧ ਨਹੀਂ...?

5. ਕੀ ਸਮਾਜਵਾਦ ਦਾ ਮਤਲਬ ਸਰਮਾਏਦਾਰੀ ਨੂੰ ਟਾਕੀਆਂ ਲਾ ਕੇ ਸੁਧਾਰਨਾ ਹੈ ? ਜਿਵੇਂ ਕਿ ਤੁਸੀਂ ਸਾਬਤ ਕਰੀ ਜਾ ਰਹੇ ਹੋ ।

ਅੰਤ ਵਿਚ ਮੈਂ ਸਮਤਾ ਦੇ ਸੰਪਾਦਕ ਜੀ ਨੂੰ ਅਪੀਲ ਕਰਾਂਗਾ ਕਿ ਉਹ ਕਿਸੇ ਵੀ ਲਿਖਤ ਜਾਂ ਚਿੱਠੀ ਛਾਪਣ ਤੋਂ ਪਹਿਲਾਂ ਇਹ ਦੇਖ ਲਿਆ ਕਰਨ ਕਿ ਕੀ ਇਹ ਮਾਰਕਸਵਾਦੀ ਪੈਂਤੜੇ ਤੋਂ ਲਿਖੀ ਗਈ ਹੈ ਜਾਂ ਨਹੀਂ ਕਿਉਂਕਿ 'ਸਮਤਾ' ਮਜ਼ਦੂਰ ਜਮਾਤ ਦੀ ਮੁਕਤੀ ਲਈ ਵਚਨਬੱਧ ਹੈ । ਅਤੇ ਅਜੇਹੇ ਅਖੌਤੀ ਮਾਰਕਸੀ ਵਿਦਵਾਨਾਂ ਦੀਆਂ ਲਿਖਤਾਂ ਛਾਪਣ ਨਾਲੋਂ ਆਪਣੇ ਵਲੋਂ ਕੋਈ ਟਿੱਪਣੀ ਛਾਪ ਦਿਆ ਕਰਨ ਤਾਂ ਵਧੀਆ ਰਹੇਗਾ ।

**ਇੰਦਰਜੀਤ ਸਿੰਘ**

## 5. ਲੰਬੀ ਗਰੁੱਪ ਅਤੇ R. T. F.

ਅੱਜ ਤੋਂ ਕੋਈ 9 ਸਾਲ 9 ਮਹੀਨੇ ਪਹਿਲਾਂ ਰਾਣਾ-ਢਿਲੋਂ ਗਰੁੱਪਾਂ ਦੀ ਨਾਕਸ ਸੋਧਵਾਦੀ ਆਰਥਕਤਾਵਾਦੀ ਪਹੁੰਚਾਂ ਤੋਂ ਔਖੇ ਕੁਝ ਵਰਗਾਂ ਨੇ ਜ਼ਿਲਾਂ ਫ਼ਰੀਦਕੋਟ ਦੇ ਬਲਾਕ ਲੰਬੀ ਵਿਚੋਂ ਲੰਬੀ ਸਮਝ ਨੂੰ ਜਨਤਾ ਦੀ ਕਚਹਿਰੀ ਵਿਚ ਪੇਸ਼ ਕੀਤਾ । ਇਹ ਇਕ ਕਿਤਾਬਚੇ ਦੀ ਸ਼ਕਲ ਵਿਚ ਸੀ ਜਿਸਦੇ ਪਿਛਲੇ ਸਫੇ ਤੇ ਗਿਆਰਾਂ ਜਥੇਬੰਦੀਆਂ ਦੇ ਨਾਮ ਸਨ ਤੇ ਪ੍ਰਕਾਸ਼ਕ ਸਨ ਗੌ. ਟੀ. ਯੂ. ਦੇ ਸੁਖਮੰਦਰ ਸਿੰਘ । ਅੱਜ ਇਸਦੇ ਬਰਾਬਰ ਤੇ R.T.F. ਹੋਂਦ ਵਿਚ ਆ ਗਈ । ਕਿਉਂ ? ਇਹ ਗੱਲ ਸਾਡੇ ਸਾਰਿਆਂ ਦਾ ਧਿਆਨ ਖਿੱਚਦੀ ਹੈ ।

ਜਦੋਂ ਕੋਈ ਵਿਅਕਤੀ ਖੁਦ ਰਾਜਨੀਤਕ ਘਚੋਲੇ ਦਾ ਸ਼ਿਕਾਰ ਹੋਵੇ ਉਦੋਂ ਉਸਨੂੰ ਸਿਆਸੀ ਪਾਰਟੀਆਂ ਵਿਚ ਰਾਜਨੀਤਕ ਘਚੋਲਾ ਵੀ ਲਗਦਾ ਹੈ ਅਤੇ ਟਰੇਡ ਯੂਨੀਅਨਾਂ ਵੀ ਘਚੋਲਿਆਂ ਤੇ ਰੱਫੜਾਂ ਦਾ ਸ਼ਿਕਾਰ । ਪਿਛਲੇ ਸਮੇਂ ਦਾ ਵਰਤਾਰਾ ਇਹ ਦਰਸਾਉਂਦਾ ਹੈ ਕਿ ਜਿੰਨੀਆਂ ਵੀ ਸਿਆਸੀ ਪਾਰਟੀਆਂ ਹੋਂਦ ਵਿਚ ਆਈਆਂ ਉਨੇ ਹੀ ਸਿਆਸੀ ਵਿਚਾਰ ਟਰੇਡ ਯੂਨੀਅਨ ਜਥੇਬੰਦੀਆਂ ਵਿਚ ਵੀ ਆਏ । ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ । ਪੰਜਾਬ ਦੀ ਮੁਲਾਜ਼ਮ ਲਹਿਰ ਵਿਚ ਵੱਖ 2 ਨਾਵਾਂ ਥੱਲੇ ਫੈਡਰੇਸ਼ਨਾਂ ਕੰਮ ਕਰਦੀਆਂ ਹਨ, ਜਿਹੜੀਆਂ ਕਿ ਰਾਜਨੀਤਕ ਪਾਰਟੀਆਂ ਦੇ ਸਿਆਸੀ ਮੰਚਾਂ ਵਜੋਂ ਕੰਮ ਕਰਦੀਆਂ ਹਨ । ਇਨ੍ਹਾਂ ਤੇ ਖੜਕੇ ਹੀ ਇਹ ਸਿਆਸੀ ਪਾਰਟੀਆਂ ਆਪਣੀ ਸਿਆਸਤ ਨੂੰ ਪ੍ਰਚਾਰਨ, ਪ੍ਰਸਾਰਨ ਦਾ ਕੰਮ ਕਰਦੀਆਂ ਹਨ । ਪਰ ਲੰਬੀ ਸਮਝ ਮੁਢੋਂ ਹੀ ਇਨਾਂ ਫੈਡਰੇਸ਼ਨਾਂ ਦਾ ਵਿਰੋਧ ਕਰਦੀ ਆਈ ਹੈ ਅਤੇ ਹੁਣ ਵੀ ਕਰਦੀ ਹੈ ਅਤੇ ਮੰਗ ਕਰਦੀ ਆਈ ਹੈ ਕਿ ਇਕੋ ਇਕ ਹਕੀਕੀ ਫੈਡਰੇਸ਼ਨ ਦੀ ਉਸਾਰੀ ਹੀ ਹੋਣੀ ਚਾਹੀਦੀ ਹੈ ਇਹ ਗੱਲ R T. F. ਵੀ ਮੰਨਦੀ ਹੈ ਕਿ ਫੈਡਰੇਸ਼ਨ ਸਿਰਫ ਇਕ ਹੀ ਹੋਣੀ ਚਾਹੀਦੀ ਹੈ । ਪਰ ਐਨੇ ਲੰਬੇ ਸਮੇਂ ਤੋਂ ਇਨ੍ਹਾਂ ਫੈਡਰੇਸ਼ਨਾਂ ਨੂੰ ਖੋਰਾ ਤਾਂ ਕੀ ਲੱਗਣਾ ਸੀ ਸਗੋਂ ਜਿਉਂ ਦੀਆਂ ਤਿਉਂ ਹਨ । **ਰੈਵੋਲਿਊਸ਼ਨਰੀ ਟੀਚਰਜ਼ ਫਰੰਟ ਇਨਾਂ ਸਿਆਸੀ ਧੜਿਆਂ ਨਾਲ ਬਹਿਸ-ਭੇੜ ਅਤੇ ਸਿਆਸੀ ਵਿਚਾਰ-ਚਰਚਾ ਛੇੜਨੀ ਦਰੁਸਤ ਸਮਝਦਾ ਹੈ ਬਸ਼ਰਤੇ ਕਿ ਕਿਸੇ ਨੂੰ ਵੀ ਆਪਣੀ ਸਿਆਸਤ ਲੈ ਕੇ ਜਾਣ ਤੇ ਰੋਕ ਨਾ ਹੋਵੇ ।** ਇਸ ਨਾਲ ਸਗੋਂ ਮਜ਼ਦੂਰ ਜਮਾਤ ਦੀ ਸਹੀ ਤੇ ਦਰੁਸਤ ਸੇਧ ਵਾਲੀ ਸਿਆਸਤ ਹੋਰ ਵਿਕਾਸ ਕਰੇਗੀ ਨਾ ਕਿ 'ਘਚੋਲੇ ਤੇ ਰੱਫੜ ਦਾ ਸ਼ਿਕਾਰ' । ਇਸ ਦੇ ਨਾਲ ਹੀ ਲੰਬੀ ਸਮਝ ਟਰੇਡ ਯੂਨੀਅਨਾਂ ਉਪਰ ਕਿਸੇ ਖਾਸ ਕਿਸਮ ਦੀ ਸਿਆਸਤ ਦੀ ਜਕੜ ਦਾ ਵਿਰੋਧ ਕਰਦੀ ਹੈ ਪਰ ਖੁਦ ਐਲਾਨ ਨਾਮੇ ਘੜਕੇ ਜਾਂ ਹੋਰ ਢੰਗਾਂ ਨਾਲ (ਜਿਵੇਂ 1974 ਦੀ ਸੰਗਰਾਮ ਰੈਲੀ) ਜਕੜ ਰਖਣ ਦੀ ਕੋਸ਼ਿਸ਼ ਕਰਦੀ ਹੈ । ਇਸ ਤਰ੍ਹਾਂ ਸੁਭਾਵਿਕ ਹੀ ਹੈ ਕਿ ਜਿਨ੍ਹਾਂ ਦੇ ਇਹ ਗੱਲਾਂ ਨਹੀਂ ਪਚਣਗੀਆਂ ਉਹ ਕਿਉਂ ਨਾ ਵੱਖਰੇ ਹੋਣਗੇ ? ਸੋ ਇਸ ਰੁਝਾਣ ਨੇ ਪਿਛਲੇ ਸਮੇਂ ਵਿਚ ਵੀ U. T. U. ਵਿਚ ਦੁਫੇੜ ਪਾਈ ਤੇ ਹੁਣ ਹੋਰਨੀ ਥਾਈਂ ਵੀ ਪਾਵੇਗਾ ਨਾ ਕਿ R. T. F. । ਲੰਬੀ ਸਮਝ ਰਾਣਾ-ਢਿਲੋਂ ਵਾਂਗ ਅਧਿਆਪਕਾਂ ਦੇ ਆਰਥਿਕ ਮਸਲੇ ਸੁਲਝਾਉਣ ਵਲ ਵੱਧ ਉਲਾਰ ਰਹੀ ਹੈ । ਅਧਿਆਪਕਾਂ ਦੇ ਕਾਫ਼ੀ ਹਿੱਸਿਆਂ ਨੂੰ ਮਾਰੂ ਕਾਲੇ ਕਾਨੂੰਨਾਂ ਬਾਰੇ ਜਾਗਰੂਪ ਨਹੀਂ ਕਰਦੀ ਰਹੀ । ਉਨ੍ਹਾਂ ਦੀਆਂ ਆਰਥਕ ਮੰਗਾਂ ਨੂੰ ਸਿਆਸਤ ਨਾਲ ਜੋੜ ਕੇ ਅਧਿਆਪਕਾਂ ਵਿਚ ਲੈ ਜਾਣਾ ਬਣਦਾ ਹੈ । ਉਨ੍ਹਾਂ ਨੂੰ ਦੁਆਨੀਆਂ ਚੁਆਨੀਆਂ ਦੇ ਗੇੜ ਵਿਚ ਉਲਝਾਉਣਾ ਹੀ ਆਰਥਕਤਾਵਾਦ ਦੀ ਤੰਗ ਜਿਲ੍ਹਣ ਵਿਚ ਫਸਣਾ ਹੈ । ਇਸ ਦਾ ਸਬੂਤ ਅਧਿਆਪਕਾਂ ਦੇ ਬਹੁਤੇ ਹਿੱਸੇ ਅਜੇ ਵੀ ਕਿਸ਼ਤਾਂ ਦੀਆਂ ਸੁਰਖੀਆਂ ਨੂੰ, ਅਖ਼ਬਾਰਾਂ ਵਿਚੋਂ ਖੁਸ਼ੀ ਨਾਲ ਪੜ੍ਹਨ ਦੀ ਰੁਚੀ ਲੈਂਦੇ ਹਨ । ਸਾਡੇ ਅਨੇਕਾਂ ਕਾਰਕੁਨ, ਹਮਦਰਦ ਰਸੋਈਆਂ ਵਿਚ ਕੈਦ ਹੋਏ ਚੁਲਿਆਂ ਦੇ ਧੂਏਂ ਨਾਲ ਧੁਆਂਖੇ ਗਏ ਹਨ ।

R. T. F. ਆਪਣੇ ਚੋਣ ਮੈਨੀਫੈਸਟੋ ਵਿਚ ਸਪਸ਼ਟ ਐਲਾਨ ਕਰਦੀ ਹੈ (ਜਿਹੜਾ 30 ਅਕਤੂਬਰ 1983 ਦੀਆਂ ਚੋਣਾਂ ਦੌਰਾਨ ਜਾਰੀ ਕੀਤਾ ਸੀ) ਕਿ ਅਧਿਆਪਕ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਮਸਲਿਆਂ ਨੂੰ ਅਧਿਆਪਕ ਸੱਥਾਂ ਵਿਚ ਲੈ ਜਾਣਾ ਚਾਹੀਦਾ ਹੈ ਅਤੇ ਇਨਾਂ ਮਸਲਿਆਂ ਦਾ ਮਜ਼ਦੂਰ ਜਮਾਤ ਦੀ ਸਿਆਸਤ ਦੇ ਪੈਂਤੜੇ ਤੋਂ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ । ਇਸ ਵਰਗ ਨੂੰ ਪਹਿਲ ਪ੍ਰਥਮੇ ਸਮਾਜਵਾਦੀ ਚੇਤਨਾ ਨਾਲ ਲੈਸ ਹੋਣਾ ਚਾਹੀਦਾ

ਹੈ ਅਤੇ ਇਸਦੇ ਪਸਾਰੇ ਲਈ ਯਤਨ ਕਰਨੇ ਚਾਹੀਦੇ ਹਨ।

ਸੁਰਜੀਤ ਬਰਾੜ ਨੂੰ ਇਕ ਹੋਰ ਗਲਤ ਫਹਿਮੀ ਹੋਈ ਹੈ "ਕਿ ਬਹਿਸ-ਮ-ਬਹਿਸੇ ਅਧੀਨ ਵਿਰੋਧੀ ਧਿਰਾਂ ਨੇ ਵੀ ਲੰਬੀ ਸਮਝ ਨੂੰ ਦਰੁਸਤ ਮੰਨਿਆ ਹੈ।" ਇਹ ਤਾਂ ਆਪਣੇ ਮੂੰਹ ਮੀਆਂ ਮਿੱਠੂ ਬਣਨ ਵਾਲੀ ਗੱਲ ਹੈ। ਹਾਂ, ਅਧਿਆਪਕਾਂ ਦੇ ਸਧਾਰਨ ਹਿੱਸਿਆਂ ਨੇ ਇਸ ਜ਼ਰੂਰ ਮੰਨਿਆ ਹੈ। ਮਤਾਂ ਪੰਜਾਬ ਭਰ ਵਿਚ ਕਿਤੇ ਕੋਈ ਰਾਣਾ-ਢਿਲੋਂ ਦਾ ਸਰਗਰਮ ਲੀਡਰ ਇਧਰ ਆਇਆ ਵੇਖਿਆ ਨੀ। ਇਹ ਗੱਲ ਦਰੁਸਤ ਹੈ ਕਿ ਨੌਜੁਆਨ ਅਧਿਆਪਕ ਪੀੜ੍ਹੀ ਜ਼ਰੂਰ ਰਾਣਾ-ਢਿਲੋਂ ਦੀਆਂ ਨਾਕਸ ਆਰਥਕਤਾ-ਵਾਦੀ ਪਹੁੰਚਾਂ ਨੂੰ ਦੂਰੋਂ ਸਲਾਮ ਕਰਦੀ ਹੈ।

ਜਿਹੜੀ ਦੁਫੇੜ P.S.U. ਵਿਚ ਕਮਿਊਨਿਸਟ ਯੂਥ ਲੀਗ ਨੇ ਪਾਈ ਹੈ ਉਸ ਬਾਰੇ ਮੈਂ ਤਾਂ ਐਨਾ ਹੀ ਜਾਣਦਾ ਹਾਂ ਕਿ ਇਸ ਤੋਂ ਪਹਿਲਾਂ ਵੀ P.S.U. ਦੇ ਤਿੰਨ ਗਰੁੱਪ ਲੰਬੀ ਸਮਝ ਦੇ ਸਨ ਤੇ ਨੌਜਵਾਨ ਭਾਰਤ ਸਭਾਵਾਂ ਵੀ। ਜੇਕਰ ਇਨ੍ਹਾਂ ਵਿਚੋਂ ਕਿਸੇ ਰਲ ਕੇ ਕਮਿਊਨਿਸਟ ਯੂਥ ਲੀਗ ਬਣਾ ਲਈ ਤਾਂ ਇਸਨੂੰ P.S.U ਵਿਚ ਦੁਫੇੜ ਨਹੀਂ ਕਿਹਾ ਜਾ ਸਕਦਾ ਕਿਉਂ ਜੁ ਬਾਕੀ ਦੋਵੇਂ P.S.U. ਜਿਉਂ ਦੀਆਂ ਤਿਉਂ ਹਨ। ਵੇਰਵੇ ਸਹਿਤ ਪਤਾ ਲੈਣ ਲਈ ਕਿਸੇ ਕਮਿਊਨਿਸਟ ਯੂਥ ਲੀਗ ਦੇ ਮੈਂਬਰ ਨਾਲ ਸੰਪਰਕ ਜੋੜਨ ਦੀ ਖੇਚਲ ਕਰਨੀ ਪਵੇਗੀ।

ਇਕੱਲੇ ਅਧਿਆਪਕਾਂ ਦੀ ਹੀ ਨਹੀਂ ਸਗੋਂ ਸਾਰੇ ਲੁਟੀਂਦੇ ਵਰਗਾਂ ਦੀ ਹਾਲਤ ਇਸ ਢਾਂਚੇ ਨੂੰ ਲਬਦੀਲ ਕਰਕੇ ਹੀ ਬਦਲੇਗੀ, ਜਿਸ ਵਿਚ ਮਜ਼ਦੂਰ ਦੀ ਸਰਦਾਰੀ ਵਾਲਾ ਰਾਜ ਹੋਵੇਗਾ। ਇਸਨੂੰ ਬਦਲਣ ਲਈ ਉਪਰਾਲਾ ਕੌਣ ਕਰੇਗਾ? ਇਸਨੂੰ ਬਦਲਣ ਲਈ ਮੁੱਖ ਰੋਲ ਅਧਿਆਪਕ ਨਹੀਂ ਨਿਭਾਏਗਾ ਸਗੋਂ ਇਥੋਂ ਦੀ ਮਜ਼ਦੂਰ ਜਮਾਤ। ਅਧਿਆਪਕ ਇਸ ਦਾ ਸਹਾਇਕ ਹੋਵੇਗਾ। ਇਸ ਲਈ ਲੋੜ ਹੈ ਮਜ਼ਦੂਰ ਜਮਾਤ ਦੀ ਸਿਆਸਤ ਨਾਲ ਪਰੁੱਚੀ ਕਿਸੇ ਪਾਰਟੀ ਦੀ ਸਮੇਂ ਦੀ ਮੁੱਖ ਲੋੜ ਹੈ। ਟਰੇਡ ਯੂਨੀਅਨਾਂ ਵੀ ਓਸੇ ਸਿਆਸਤ ਨਾਲ ਲੈਸ ਹੋਣ ਤਾਂ ਹੀ ਗੱਲ ਬਣੇਗੀ। ਰਹੀ ਗੱਲ ਮਸਲਿਆਂ ਨੂੰ with in group ਹੱਲ ਕਰਨ ਦੀ, ਇਹ ਉਥੇ ਹੀ ਹੱਲ ਹੁੰਦੇ ਹਨ ਜਿੱਥੇ ਬੁਨਿਆਦੀ ਵਖਰੇਵਾਂ ਨਾ ਹੋਵੇ। ਸੋ R.T.F. ਅਤੇ ਲੰਬੀ ਸਮਝ ਵਿਚ ਬੁਨਿਆਦੀ ਵਖਰੇਵਾਂ ਹੈ ਜੋ ਤੁਹਾਨੂੰ ਸਪਸ਼ਟ ਝਲਕਦਾ ਹੈ ਇਸ ਤੋਂ ਮੁੱਖ ਮੋੜਿਆਂ ਨਹੀਂ ਸਰਨਾ ਬਰਾੜ ਸਾਹਿਬ। ਇਹ ਗੱਲ ਤਾਂ ਮੋਟੇ ਦਿਮਾਗਾਂ ਨੂੰ ਵੀ ਸਮਝ ਆਉਂਦੀ ਹੈ ਕਿ ਨਿੱਜੀ ਅਧਾਰ ਤੇ ਪੈਦਾ ਹੋਈਆਂ ਤਰੇੜਾਂ ਮੁੱਖ ਵਿਰੋਧਤਾਈਆਂ ਨਹੀਂ ਬਣਦੀਆਂ ਸਗੋਂ ਵਿਚਾਰਾਂ ਵਿਚ ਬੁਨਿਆਦੀ ਵਖਰੇਵੇਂ ਹੀ ਮੁੱਖ ਵਿਰੋਧਤਾਈਆਂ ਬਣਦੇ ਹਨ। ਇਥੇ ਸਿਆਸੀ ਪਾਰਟੀਆਂ ਦੇ ਰਾਜਨੀਤਕ ਵਿਚਾਰ ਭਿੜਦੇ ਹਨ। ਹਰ ਟਰੇਡ ਜਥੇਬੰਦੀ ਦੀ ਇਕ ਥਾਂ ਜ਼ਰੂਰ ਹੈ। ਬਸ ਲੋੜ ਹੈ ਖੁੱਲ੍ਹੀਆਂ ਅੱਖਾਂ ਨਾਲ ਦੇਖਣ ਦੀ। ਸੋ ਮੈਂ ਆਸ ਕਰਦਾ ਹਾਂ ਕਿ ਸਾਰੇ ਅਧਿਆਪਕ ਸਾਥੀ R.T F. ਦਾ ਦਿੱਤਾ ਚੋਣ ਮਨੋਰਥ ਪੱਤਰ ਜ਼ਰੂਰ ਪੜ੍ਹਨ, ਘੋਖਣ ਅਤੇ ਵਿਚਾਰਨ, ਨਾਲ ਦੀ ਨਾਲ ਵਿਚਾਰ-ਚਰਚਾ ਛੇੜਨ ਤਾਂ ਜੁ ਕਿਸੇ ਸਿੱਟੇ ਤੇ ਪਹੁੰਚਿਆ ਜਾ ਸਕੇ।

- ਨਰਿਦਰ ਸ਼ਰਮਾ

## 6. ਟੀਚਰ ਫ਼ਰੰਟ ਤੋਂ

ਸਮਤਾ ਨਵੰਬਰ 1983 ਵਿਚ ਸੁਰਜੀਤ ਬਰਾੜ (ਘੱਲਿਆਂ) ਨੇ ਟੀਚਰਾਂ ਵਿਚ ਇਕ ਨਵੇਂ ਉਭਰੇ ਗਰੁੱਪ R.T.F. ਬਾਰੇ ਕੁਝ ਪ੍ਰਸ਼ਨ ਕੀਤੇ ਹਨ।

ਉਤਰ ਵਿਚ ਮੈਂ R.T.F. ਦੇ ਹੱਕ ਜਾਂ ਵਿਰੋਧ ਵਿਚ ਅਜੇ ਕੁਝ ਕਹਿਣੋਂ ਅਸਮਰਥ ਹਾਂ—ਕੰਮ-ਕਾਰ ਵੇਖਿਆਂ ਹੀ ਪਤਾ ਲਗਗਾ ਪਰ ਸਥਾਪਤ ਗਰੁੱਪਾਂ ਦੇ ਕੰਮ ਢੰਗ ਤੋਂ ਬਹੁਤ ਮਾਯੂਸ ਹਾਂ। ਇਹ ਗਰੁੱਪ ਕਹਿਣ ਨੂੰ ਭਾਵੇਂ ਸਮਾਜਵਾਦੀ ਸਿਧਾਂਤਾਂ ਦੇ ਧਾਰਨੀ ਹਨ, ਪਰ ਅਸਲ ਵਿਚ ਇਹਨਾਂ ਦੇ ਸਾਰੇ ਕੰਮ ਕਾਰ ਸੌੜੇ ਹਿਤਾਂ ਜਿਵੇਂ ਚੋਣ ਜਿੱਤਣ, ਗਰੇਡ ਸੁਧਾਈ ਅਤੇ ਬਦਲੀਆਂ ਕਰਾਉਣ ਤਕ ਸੀਮਤ ਹਨ। ਟੀਚਰਾਂ ਤੇ ਸਮਾਜ ਪ੍ਰਤੀ ਬਣਦੀ ਜ਼ੁੰਮੇਵਾਰੀ ਇਹ ਨਿਭਾਉਣ ਤੋਂ ਅਸਮਰਥ ਹਨ। ਇਹੀ ਕਾਰਣ ਹੈ ਕਿ ਸਕੂਲਾਂ ਵਿਚ ਬੱਚਿਆਂ ਤੇ ਸਕੂਲੀ ਕੰਮ ਕਾਰ ਦੀ ਜੋ ਦੁਰਦਸ਼ਾ ਹੋ ਰਹੀ ਹੈ, ਉਹ ਜਾਂ ਤਾ ਇਹਨਾਂ ਨੂੰ ਨਜ਼ਰ ਨਹੀਂ ਆਉਂਦੀ ਜਾਂ ਇਹਨਾਂ ਦੇ ਨਾਅਰੇ—'ਸਿਸਟਮ ਦੀ ਦੇਣ ਤੇ ਸਰਕਾਰ ਦੀ ਜ਼ੁੰਮੇਵਾਰੀ' ਥਲੇ ਦੱਬੀ ਜਾ ਰਹੀ ਹੈ। ਜਦੋਂ ਸਮਾਜ ਵਿਚ ਕੋਈ ਕਿੱਤਾ ਨਿਘਾਰ ਵੱਲ ਜਾ ਰਿਹਾ ਹੋਵੇ ਤੇ ਟੀਚਰ ਜਥੇਬੰਦੀ ਤੇ ਵਾਰੀ ਵਾਰੀ ਸਮਾਜਵਾਦੀ ਗਰੁੱਪ ਕਾਬਜ਼ ਹੁੰਦੇ ਰਹਿਣ ਤੇ ਇਸ ਨਿਘਾਰ ਵੱਲ ਧਿਆਨ ਨਾ ਕਰਨ ਤਾਂ ਫਿਰ ਮਾਪਿਆਂ ਜਾਂ ਸਮਾਜ ਪ੍ਰਤੀ ਉਹ ਕਿਵੇਂ ਜ਼ੁੰਮੇਵਾਰ ਹੋਏ? ਬੇਸ਼ਕ ਸਮਾਜ ਅੱਜ ਇਸ ਸਥਿਤੀ ਵਿਚ ਨਹੀਂ ਕਿ ਉਹ ਟੀਚਰਾਂ ਤੋਂ ਉਹਨਾਂ ਦੀ ਗ਼ੈਰ-ਜ਼ੁੰਮੇਵਾਰੀ ਦਾ ਹਿਸਾਬ ਕਿਤਾਬ ਮੰਗੇ। ਪਰ ਸਪਸ਼ਟ ਹੈ ਕਿ ਟੀਚਰ ਵਰਗ ਵੀ ਸਮਾਜ ਵਿਚ ਫੈਲ ਰਹੇ ਭ੍ਰਿਸ਼ਟਾਚਾਰ ਦਾ ਵਿਰੋਧੀ ਨਹੀਂ—ਸਗੋਂ ਸਹਾਇਕ ਹੈ। ਇਸ ਤਰ੍ਹਾਂ ਕਿਸੇ ਵੀ ਅਧਿਆਪਕ ਗਰੁੱਪ ਨੂੰ ਜਾਂ ਜਥੇਬੰਦੀ ਨੂੰ ਅਜੇ ਤੱਕ ਲੋਕ ਪੱਖੀ ਜਥੇਬੰਦੀ ਕਹਿਣਾ ਗ਼ਲਤ ਹੈ। ਇਹ ਸਮਾਜ ਵਿਚ ਤਬਦੀਲੀ ਲਿਆਉਣ ਲਈ ਕਿਹੜੀ ਪਹਿਲ ਕਦਮੀ ਕਰਨ ਜਾ ਰਹੇ ਹਨ। ਚੋਣਾਂ ਵਿਚ? ਵਿਧਾਨਕ ਢੰਗਾਂ ਵਿਚ? ਰਾਜਨੀਤਕ ਪਾਰਟੀਆਂ ਤੇ

ਇਹਨਾਂ ਦੇ ਕੰਮ ਕਾਰ ਵਿਚ ਕੀ ਫ਼ਰਕ ਹੈ ?

ਅਜਿਹੀ ਸੂਰਤ ਵਿਚ ਕਿਸੇ ਪਾਰਟੀ ਪ੍ਰਭਾਵ ਤੋਂ ਮੁਕਤ ਨਰੋਲ ਅਧਿਆਪਕ ਤੇ ਸਮਾਜੀ ਲੋੜਾਂ ਤੇ ਅਧਾਰਤ ਜੇ ਕੋਈ ਗਰੁੱਪ ਮੈਦਾਨ ਵਿਚ ਨਿਕਲਦਾ ਹੈ ਤਾਂ ਚੰਗੀ ਗੱਲ ਹੈ। ਜੇ ਉਹ ਵੀ ਇਹੀ ਚਾਲ ਚੱਲੇਗਾ ਤਾਂ ਗੱਲ ਹੋਰ ਅੱਗੇ ਤੁਰ ਪਏਗੀ। ਸਾਡੀ ਵੰਡ ਦਰ ਵੰਡ ਚੰਗੀ ਨਹੀਂ, ਪਰ ਜਿੰਨਾ ਚਿਰ ਅਸੂਲ ਨਾਲੋਂ ਜ਼ਾਤੀ ਗਰਜ਼ਾਂ ਨੂੰ ਪਹਿਲ ਦਿਤੀ ਜਾਵੇਗੀ ਇੰਜ ਹੁੰਦਾ ਹੀ ਰਹੇਗਾ। ਸੱਚ ਤਾਂ ਆਖ਼ਰ ਇਕ ਹੈ।

—ਹੀਰਾ ਸਿੰਘ

**7.** ਸਮਤਾ ਦੇ ਨਵੰਬਰ ਅੰਕ ਵਿਚ, ਲੰਬੀ ਗਰੁਪ ਦੀ ਸਮਝ ਦੇ ਨਾਲ R.T.F. ਪੈਦਾ ਹੋਣ ਉਤੇ ਫ਼ਿਕਰਮੰਦੀ ਦਾ ਇਜ਼ਹਾਰ ਕਰਦਿਆਂ ਜੋ ਸੁਰਜੀਤ ਬਰਾੜ ਦੀ ਚਿੱਠੀ ਛਾਪਕੇ ਬਹਿਸ ਤੋਰੀ ਗਈ ਹੈ ਉਸ ਨੂੰ ਜੀ ਆਇਆਂ ਕਹਿੰਦਿਆਂ ਮੈਂ R.T.F. ਦੇ ਨੁਕਤਾ ਨਜ਼ਰ ਬਾਰੇ ਕੁਝ ਜਾਣਕਾਰੀ ਪੇਸ਼ ਕਰਨੀ ਚਾਹਾਂਗਾ ਤਾ ਕਿ ਬਹਿਸ ਨੂੰ ਅੱਗੇ ਤੋਰਿਆ ਜਾ ਸਕੇ। ਸੁਰਜੀਤ ਬਰਾੜ ਘੋਲੀਆ ਦੀ ਚਿੱਠੀ ਵਿਚੋਂ ਤਿੰਨ ਨੁਕਤੇ ਉਭਰਦੇ ਹਨ : ਪਹਿਲਾ ਕਿ ਇਨਕਲਾਂਬੀ ਕਮਿਊਨਿਸਟਾਂ ਦਰਮਿਆਨ ਰੱਫੜ ਅਤੇ ਫੁੱਟਾਂ ਦੇ ਸਿਲਸਿਲੇ ਵਿਚੋਂ ਜੋ ਟਰੇਡ ਯੂਨੀਅਨ ਫਰੰਟ ਤੇ ਪਾਟਕ ਪੈਂਦੇ ਹਨ ਇਹ ਅੱਤ ਨੁਕਸਾਨਦੇਹ ਹੈ। ਦੂਜਾ ਕਿ 'ਲੰਬੀ ਗਰੁਪ ਦੀ ਸਮਝ' ਇਕ ਇਨਕਲਾਬੀ ਸਮਝ ਹੈ ਆਰਥਕਵਾਦੀ ਨਹੀਂ। ਜਿਸਦਾ ਅਰਥ ਕਿ ਇਸਤੋਂ ਵੱਖਰਾ ਹੋਣਾ ਗਲਤ ਹੈ ਅਤੇ ਤੀਜਾ ਕਿ 'ਸਮਾਜ ਵਿਚ ਅਧਿਆਪਕਾਂ ਦਾ ਰੋਲ' ਸਬੰਧੀ ਜੋ ਸਮਝ R.T.F. ਲੈਕੇ ਆਇਆ ਹੈ ਉਹੀ ਸਮਝ ਲੰਬੀ ਗਰੁਪ ਦੀ ਹੈ ਤਾਂ ਵੱਖਰੇ R.T.F. ਦਾ ਕੀ ਮਤਲਬ ?

ਆਪਣਾ ਨੁਕਤਾ ਸਪਸ਼ਟ ਕਰਨ ਲਈ ਸਭ ਤੋਂ ਪਹਿਲਾਂ ਦੂਜੇ ਨੁਕਤੇ ਨੂੰ ਲੈਂਦੇ ਹਾਂ : ਲੰਬੀ ਗਰੱਪ ਵੱਲੋਂ ਅਧਿਆਪਕਾਂ ਅੰਦਰ ਆਪਣੇ ਅਧਿਆਪਕਾਂ ਅੰਦਰ ਆਪਣੇ ਕੰਮ ਨੂੰ ਇਨਕਲਾਬ ਲਈ ਭੂਮੀ ਤਿਆਰ ਕਰਨ ਦਾ ਕੰਮ ਸਮਝਣਾ, ਸਮਾਜਵਾਦ ਦੇ ਹੱਕ ਵਿਚ ਚੇਤਨਾ ਫੈਲਾਉਣਾ ਕੌਮੀ ਅਤੇ ਕੌਮਾਂਤਰੀ ਹਾਲਤਾਂ ਅਤੇ ਸੰਕਟ ਬਾਰੇ ਚੇਤੰਨ ਕਰਨਾ ਅਤੇ ਏਥੋਂ ਤੱਕ ਕਿ ਹੂੰਝ ਦੇਣੀ ਸਰਮਾਏਦਾਰੀ ਦੇ ਨਾਅਰੇ ਦੇਣੇ, ਜਿਵੇਂ ਕਿ ਬਰਾੜ ਹੁਰਾਂ ਲੰਬੀ ਗਰੁਪ ਦੇ ਆਰਥਕਵਾਦੀ ਹੋਣ ਵਿਰੁਧ ਦਲੀਲਾਂ ਦੇਣ ਦੀ ਕੋਸ਼ਿਸ਼ ਕੀਤੀ ਹੈ, ਇਸ ਗਰੁੱਪ ਨੂੰ ਇਸ ਇਲਜ਼ਾਮ ਤੋਂ ਬਰੀ ਨਾ ਕਰਦਾ। ਕਿਉਂਕਿ ਟਰੇਡ ਯੂਨੀਅਨ ਅੰਦਰ ਆਪਣੇ ਕੰਮ, ਟਰੇਡ ਯੂਨੀਅਨ ਦੀਆਂ ਨੀਤੀਆਂ ਅਤੇ ਦਾਅ ਪੇਚਾਂ ਨੂੰ ਕਿਸੇ ਤਬਕੇ ਦੇ ਆਰਥਕ ਹਿਤਾਂ, ਉਸ ਦੇ ਆਰਥਕ ਘੋਲਾਂ ਦੇ ਪੈਂਤੜੇ ਤੋਂ ਤੈਅ ਕਰਨਾ ਹੀ ਆਰਥਕਵਾਦ ਹੈ। ਲੰਬੀ ਗਰੁਪ ਦੀ ਸਮਝ ਦੇ ਦੋ ਅਹਿਮ ਦਸਤਾਵੇਜ਼ 21-22 ਫਰਵਰੀ ਦੇ ਅਹਿਮ ਸਵਾਲ" ਅਤੇ ਹਕੀਕੀ ਸਾਂਝਾ ਕੇਂਦਰ ਕਿਵੇਂ ਉਸਰੇ ?" ਅਜਿਹੇ ਪੈਂਤੜੇ ਦਾ ਉਘਾ ਸਬੂਤ ਹਨ, ਜਿਸ ਵਿਚ ਰਾਣਾ ਤੇ ਢਿੱਲੋਂ ਗਰੁੱਪ ਦਾ ਵਿਰੋਧ ਇਸ ਗੱਲ ਉਤੇ ਕੇਂਦਰਤ ਹੈ ਕਿ ਅਧਿਆਪਕਾਂ ਜਾਂ ਮੁਲਾਜ਼ਮਾਂ ਦੇ ਆਰਥਕ ਹਿਤਾਂ ਨੂੰ ਪੂਰਨ ਲਈ ਬੇਹਤਰ ਟਰੇਡ ਯੂਨੀਅਨੀ ਢੰਗ ਕਿਹੜਾ ਹੈ। ਜਿਸ ਵਿਚ ਲੰਬੀ ਗਰੁੱਪ ਨੇ ਪਹਿਲੇ ਜ਼ਿਕਰ ਕੀਤੇ ਗਰੁਪਾਂ ਦੇ ਮੁਕਾਬਲੇ 'ਦ੍ਰਿੜ੍ਹ ਖਾੜਕੂ ਲੰਬੇ ਘੋਲਾਂ' ਦਾ ਦਾ ਪੈਂਤੜਾ ਲਿਆਂਦਾ ਅਤੇ ਇਹ ਲੰਬੀ ਸਮਝ ਮੁਲਾਜ਼ਮਾਂ ਨੂੰ ਖੱਸੀ ਆਰਥਕਵਾਦ 'ਚੋਂ ਬਾਹਰ ਨਹੀਂ ਕੱਢ ਸਕੀ। ਜਿਵੇਂ ਕਿ ਅਸੀਂ ਆਪਣੇ R.T.F. ਦੇ ਚੋਣ ਮੈਨੀਫੈਸਟੋ ਵਿਚ ਦਰਸਾਇਆ ਕਿ ਅਧਿਆਪਕਾਂ ਅੰਦਰ ਆਪਣੇ ਕੰਮ, ਟਰੇਡ ਯੂਨੀਅਨ ਦੀਆਂ ਨੀਤੀਆਂ ਅਤੇ ਦਾਅ ਪੇਚ, ਮੌਜੂਦਾ ਰਾਜ ਸੱਤਾ ਉਲਟਾਉਣ ਦੇ ਪੈਂਤੜੇ ਤੋਂ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਹੋਰਨਾਂ ਲੁਟੀਂਦੇ ਤਬਕਿਆਂ ਵਾਂਗ ਅਧਿਆਪਕਾਂ ਦੇ ਸਿਆਸੀ, ਸਭਿਆ-ਚਾਰਕ ਹਿਤ ਤਾਂ ਇਕ ਪਾਸੇ, ਆਰਥਕ ਹਿਤ ਵੀ ਮੌਜੂਦਾ ਰਾਜ ਸੱਤਾ ਨੂੰ ਉਲਟਾਏ ਜਾਣ ਨਾਲ ਹੀ ਸੰਪੂਰਣ ਹੋ ਸਕਦੇ ਹਨ। ਇਥੇ ਹੀ R.T.F. ਦਾ ਲੰਬੀ ਸਮਝ ਨਾਲੋਂ ਵਖਰੇਵਾਂ ਹੈ।

ਇਸੇ ਵਿਚੋਂ ਹੀ R.T.F. ਦਾ ਚੋਣ ਮੈਨੀਫੈਸਟੋ ਅਧਿਆਪਕਾਂ ਦੀ ਯੂਨੀਅਨ ਵਾਸਤੇ ਸਮਾਜ ਅੰਦਰ ਚੌਰੇੜੇ ਦਖਲ ਲਈ ਪ੍ਰੋਗਰਾਮ ਸਾਹਮਣੇ ਲੈ ਕੇ ਆਇਆ ਹੈ। ਚੋਣਾਂ ਅੰਦਰ ਬਾਕੀ ਸਾਰੇ ਗਰੁੱਪ ਅਧਿਆਪਕਾਂ ਦੀਆਂ ਮੰਗਾਂ ਉਤੇ ਹੀ ਧਿਆਨ ਕੇਂਦਰਤ ਕਰਦੇ ਰਹੇ ਹਨ ਅਤੇ ਇਸ ਤਰ੍ਹਾਂ ਸਾਡੇ ਆਲੇ ਦੁਆਲੇ ਦਿਆਂ ਅਨੇਕਾਂ ਮਹੱਤਵ-ਪੂਰਨ ਸਮਾਜਕ ਘਟਨਾਵਾਂ, ਪੰਜਾਬ ਦੀਆਂ, ਭਾਰਤ ਦੀਆਂ ਅਤੇ ਸੰਸਾਰ ਦੀਆਂ ਘਟਨਾਵਾਂ ਤੋਂ ਉਨ੍ਹਾਂ ਦਾ ਧਿਆਨ ਲਾਂਭੇ ਲਿਜਾਂਦੇ ਰਹੇ ਹਨ। ਅਤੇ ਇਹੀ ਘਟਨਾਵਾਂ ਹਨ ਜੋ ਜਮਾਤੀ ਸੰਘਰਸ਼ ਦੇ ਪ੍ਰਗਟਾਅ ਵਜੋਂ ਬਾਕੀ ਤਬਕਿਆਂ ਵਾਂਗ ਅਧਿਆਪਕਾਂ ਦੀ ਜ਼ਿੰਦਗੀ 'ਤੇ ਡੂੰਘੀ ਤਰ੍ਹਾਂ ਅਸਰ-ਅੰਦਾਜ਼ ਹੋ ਰਹੀਆਂ ਹਨ ਅਤੇ ਹੋਣ ਜਾ ਰਹੀਆਂ ਹਨ। ਇਸਦੇ ਐਨ ਉਲਟ R.T.F. ਨੇ ਅਧਿਆਪਕਾਂ ਨੂੰ ਇਨ੍ਹਾਂ ਵਰਤਾਰਿਆਂ ਵਿਚ ਦਖਲ ਦੇ ਕੇ ਮੌਜੂਦਾ ਰਾਜ ਸੱਤਾ ਉਲਟਾਉਣ ਦੇ ਸੰਘਰਸ਼ ਵਿਚ ਆਪਣਾ ਹਿੱਸਾ ਪਾਉਣ ਰਾਹੀਂ ਜਮਾਤੀ ਸੰਘਰਸ਼ ਵਿਚ ਆਪਣੀ ਥਾਂ ਲੈਣ ਦਾ ਹੋਕਾ ਦਿੱਤਾ ਹੈ ਅਤੇ ਆਪਣਾ ਸਮਾਜਕ ਰੋਲ ਅਖ-ਤਿਆਰ ਕਰਨ ਲਈ ਪ੍ਰੇਰਿਆ ਹੈ। ਬਿਲਕੁਲ ਇਸੇ ਵਿਚ ਹੀ R.T.F. ਦਾ ਲੰਬੀ ਗਰੁੱਪ ਨਾਲੋਂ ਅਧਿਆਪਕਾਂ ਦੇ ਰੋਲ ਵਾਰੇ ਬੁਨਿਆਦੀ ਵਖਰੇਵਾਂ ਹੈ ਅਤੇ ਇਹ

Post Office No. P/AR—133
Registered with the Registrar, News Papers, Vide No. MA/12397-D dated 14.8.80

ਵਖਰੇਵਾਂ ਕਦਾਚਿਤ ਵੀ ਇਥੋਂ ਤੱਕ ਨਹੀਂ ਸੀਮਤ ਕੀਤਾ ਜਾ ਸਕਦਾ ਕਿ ਵਿਦਿਆਰਥੀਆਂ ਨੂੰ ਕੀ ਪੜ੍ਹਾਉਣਾ ਹੈ ।

ਅਤੇ ਹੁਣ ਅਸੀਂ ਪਹਿਲੇ ਨੁਕਤੇ ਵੱਲ ਆਉਂਦੇ ਹਾਂ, ਇਨਕਲਾਬੀਆਂ ਦੀ ਦੁਫੇੜ ਦੇ ਟਰੇਡ ਯੂਨੀਅਨ ਉਤੇ ਅਸਰ । ਪਹਿਲੀ ਗੱਲ ਤਾਂ ਇਹ ਹੈ ਕਿ ਵੱਖ ਵੱਖ ਸਿਆਸੀ ਟਕਰਾਵਾਂ ਸਿਆਸੀ ਪਾਰਟੀਆਂ ਅਤੇ ਗਰੁੱਪਾਂ ਦੀ ਦੁਫੇੜ ਨਤੀਜੇ ਵਜੋਂ ਟਰੇਡ ਯੂਨੀਅਨ ਅੰਦਰ ਦੁਫੇੜ ਨਹੀਂ ਪੈ ਸਕਦੀ। ਗੌਰਮਿੰਟ ਟੀਚਰਜ਼ ਯੂਨੀਅਨ ਦਾ ਇਤਿਹਾਸ ਇਸ ਦਾ ਸਭ ਤੋਂ ਵੱਡਾ ਸਬੂਤ ਹੈ ਜਿੱਥੋਂ ਕਿ ਸਿਆਸਤਾਂ ਰਾਹੀਂ ਦੁਫੇੜਾਂ ਦੀ ਬਜਾਏ ਛੋਟੇ (Petty) ਆਰਥਕ ਗਰੁੱਪਾਂ ਤੇ ਆਧਾਰਤ ਤਬਕਾਤੀ ਯੂਨੀਅਨਾਂ ਹੋਂਦ ਵਿਚ ਆਈਆਂ ਹਨ । ਟਰੇਡ ਯੂਨੀਅਨ ਜੋ ਕਿਸੇ ਇਕ ਤਬਕੇ ਦੇ ਆਰਥਕ ਹਿੱਤਾਂ ਦੇ ਬਾਹਰਮੁਖੀ ਆਧਾਰ ਤੇ ਉਸਰੀ ਇਕ ਜਥੇਬੰਦੀ ਹੈ 'ਤੇ ਇਸਨੂੰ ਵੱਖ ਵੱਖ ਸਿਆਸਤਾਂ ਤੋੜ ਨਹੀਂ ਸਕਦੀਆਂ ਅਤੇ R.T.F. ਇਕ ਟਰੇਡ ਵਿਚ ਇਕੋ ਟਰੇਡ ਯੂਨੀਅਨ ਦਾ ਪੁਰਜ਼ੋਰ ਮੁਦੱਈ ਹੈ। ਪਰ ਇਸ ਗੱਲ ਨਾਲ ਇਸ ਤੱਥ ਤੇ ਪੂੰਝਾ ਨਹੀਂ ਫੇਰਿਆ ਜਾ ਸਕਦਾ ਕਿ ਵੱਖ ਵੱਖ ਸਿਆਸਤਾਂ ਕਿਸੇ ਤਬਕੇ ਜਾਂ ਉਸਦੀ ਟਰੇਡ ਯੂਨੀਅਨ ਅੰਦਰ ਆਪਣੀ ਸਿਆਸਤ ਲੈ ਕੇ ਆਉਣਗੀਆਂ । ਏਥੇ ਏਸ ਤੱਥ ਨੂੰ ਢੱਕਣ ਦਾ ਕੋਈ ਮਤਲਬ ਨਹੀਂ ਕਿਉਂਕਿ ਇਹ ਢੱਕਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਹ ਟਰੇਡ ਯੂਨੀਅਨ ਨੂੰ ਤੋੜਦਾ ਹੈ ਬਲਕਿ ਟਰੇਡ ਯੂਨੀਅਨ ਅੰਦਰ ਸਿਆਸਤਾਂ ਦਾ ਭੇੜ ਚਲਣਾ ਅਤਿ ਜ਼ਰੂਰੀ ਹੈ ਕਿਉਂਕਿ ਜਿੱਥੇ ਇਹ ਤੰਗ ਆਧਾਰ ਉਤੇ ਵੱਖਰੀਆਂ ਯੂਨੀਅਨਾਂ ਖੜੀਆਂ ਕਰਨ ਨੂੰ ਰੋਕੇਗਾ ਉਥੇ ਇਹ ਉਸ ਤਬਕੇ ਨੂੰ ਇਹ ਸਮਝਣ ਲਈ ਬੇਹਤਰ ਮਹੌਲ ਮੁਹੱਈਆ ਕਰੇਗਾ ਕਿ ਉਸਦੇ ਹਿੱਤਾਂ ਦੀ ਬਿਹਤਰੀ ਕਿਸ ਸਿਆਸਤ ਵਿਚ ਹੈ ਅਤੇ ਇਨਕਲਾਬੀ ਗਰੁੱਪਾਂ ਦੀ ਟੁੱਟ-ਭੱਜ ਤੇ ਅੱਥਰੂ ਕੇਰਨਾ ਫਜ਼ੂਲ ਹੈ ਇਸ ਲਈ ਸਿਆਸਤਾਂ ਦੇ ਟਕਰਾਉ ਤੇ ਢੱਕਣ ਲਾਉਣ ਦੀ ਬਜਾਏ ਇਸਨੂੰ ਇਕ ਟਰੇਡ ਯੂਨੀਅਨ ਅੰਦਰ ਖੁੱਲ ਕੇ ਚੱਲਣ ਦਾ ਮਹੌਲ ਬਨਾਉਣਾ ਚਾਹੀਦਾ ਹੈ।

ਹੁਣ ਇਨਕਲਾਬੀ ਗਰੁੱਪਾਂ ਦੀ ਟੁੱਟ ਭੱਜ ਬਾਰੇ ਦੋ ਸ਼ਬਦ । ਮੋਟੇ ਤੌਰ ਤੇ ਹਾਲਤ ਨੂੰ ਦੇਖਦਿਆਂ ਇਹ ਅਕਤੂਬਰ ਇਨਕਲਾਬ ਤੋਂ ਬਾਅਦ ਸੰਸਾਰ ਭਰ ਵਿਚ ਪ੍ਰੋਲੇਤਾਰੀ ਇਨਕਲਾਬ ਨੂੰ ਅੱਗੇ ਵਧਾਉਣ ਦੇ ਰਸਤੇ ਸਬੰਧੀ ਸੰਕਟ ਦੀ ਹੀ ਉਪਜ ਹੈ ਨਾਂ ਕਿ ਕਿਸੇ ਦੀਆਂ ਵਿਅਕਤੀਗਤ ਖਾਹਿਸ਼ਾਂ ਜਾਂ ਕਾਰਨਾਮਿਆਂ ਦੀ। ਸੋ ਇਸ ਤੇ ਅਫਸੋਸ ਕਰਨ ਦੀ ਬਜਾਏ ਇਨਕਲਾਬੀ ਕਾਰਵਾਈ ਇਹ ਹੋਵੇਗੀ ਕਿ ਪ੍ਰੋਲੇਤਾਰੀ ਇਨਕਲਾਬ ਦੀ ਖੜੋਤ ਕਿਉਂ ਹੈ । ਸਾਮਰਾਜ ਨੂੰ ਕਬਰ ਵਿਚ ਆਖਰੀ ਧੱਕਾ ਕਿਉਂ ਨਹੀਂ ਦਿੱਤਾ ਜਾ ਸਕਿਆ ਆਦਿ ਸਵਾਲਾਂ ਨੂੰ ਖੋਜਦੇ ਹੋਏ ਪ੍ਰੋਲੇਤਾਰੀ ਇਨਕਲਾਬ ਦੀ ਲੀਹ ਨਿਤਾਰਨ ਵਲ ਵਧਿਆ ਜਾਵੇ ।

ਬਹਿਸ ਨੂੰ ਅੱਗੇ ਵਧਾਉਣ ਦੀ ਖਾਹਿਸ਼ ਨਾਲ

**ਸੁਖਜੀਵਨ ਕੁਮਾਰ**

**8**. ਸਮਤਾ ਨਵੰਬਰ 1983 ਵਿਚ ਵਖ ਵਖ ਰਾਜਨੀਤਕ ਪਾਰਟੀਆਂ ਅਤੇ ਧਾਰਮਕ ਸ਼ਖਸੀਅਤਾਂ ਬਾਰੇ ਦਿਤੀਆਂ ਗਈਆਂ ਸੰਪਾਦਕੀ ਟਿੱਪਣੀਆਂ ਮੌਜੂਦਾ ਗੰਧਲਚੌਂਦੇ ਬਾਰੇ ਤੁਹਾਡੀ ਫ਼ਿਕਰਮੰਦੀ ਦਰਸਾਉਂਦੀਆਂ ਹਨ । ਏਸੇ ਪਰਸੰਗ ਵਿਚ ਹੋਰ ਵਿਸਥਾਰ ਨਾਲ ਲਿਖਣਾਂ ਚਾਹੀਦਾ ਹੈ । ਖ਼ਾਸ ਕਰਕੇ ਕਮਿਊਨਿਸਟ ਇਨਕਲਾਬੀਆਂ ਅਤੇ ਕਮਿਊਨਿਸਟ ਪਾਰਟੀਆਂ ਬਾਰੇ । ਕਮਿਊਨਿਸਟ ਇਨਕਲਾਬੀਆਂ ਨੂੰ ਤੁਸੀਂ ਏਨਾ ਹੀ ਲਿਖਿਆ ਹੈ ਕਿ ਇਹ ਲੋਕਾਂ ਦੀ ਮੁਕਤੀ ਦਾ ਦਾਅਵਾ ਤਾਂ ਕਰਦੇ ਹਨ ਪਰ ਇਹਨਾਂ ਵਿਚ ਆਪਣੇ ਵਰਗੀ ਸੋਚ ਰੱਖਣ ਵਾਲਿਆਂ ਦੇ ਨਿਕੇ ਮੋਟੇ ਵਖਰੇਵੇਂ ਬਰਦਾਸ਼ਤ ਕਰਨ ਦੀ ਲੱਚਕ ਨਹੀਂ ਹੈ ਤਾਂ ਇਸ ਤੋਂ ਜ਼ਾਹਿਰ ਹੈ ਕਿ ਇਨਕਲਾਬੀਆਂ ਦੀ ਸੋਚ ਹੀ ਤੰਗ ਨਜ਼ਰ ਅਤੇ ਸੌੜੀ ਹੈ । ਜੋ ਏਕਤਾ ਕਾਇਮ ਕਰਨ ਵਿਚ ਰੁਕਾਵਟ ਬਣਦੀ ਹੈ ਤੇ ਫੁੱਟ-ਦਰ ਫੁਟ ਨੂੰ ਜਨਮ ਦਿੰਦੀ ਹੈ। ਜੇਕਰ ਇਸ ਸਮਝ ਵਿਚ ਗੁੰਜਾਇਸ਼ ਹੈ ਤਾਂ ਇਸ ਤੇ ਮੁੜ ਵਿਚਾਰ ਕਰ ਲੈਣੀ ਚਾਹੀਦੀ ਹੈ ਤਾਂ ਕਿ ਇਸ ਅਲਾਮਤ ਨੂੰ ਵਧਣੋਂ ਰੋਕਿਆ ਜਾ ਸਕੇ । ਲੋਕਾਂ ਦੀ ਮੁਕਤੀ ਦੇ ਦਾਅਵੇ ਅਤੇ ਇਨਕਲਾਬੀ ਨਾਅਰੇ ਬੁਲੰਦ ਕਰਨੇ ਤਾਂ ਬਹੁਤ ਸੌਖੇ ਅਤੇ ਸਪਸ਼ਟ ਹਨ । ਪਰ ਇਸ ਅਤਿ ਔਖੇ ਤੇ ਜਟਿਲ ਮਨੋਰਥ ਨੂੰ ਪਰਵਾਨ ਚੜ੍ਹਾਉਣੇ ਲਈ ਨਿਰੇ ਪੁਰੇ ਨਾਅਰੇ ਜਾਂ ਦਾਅਵੇ ਹੀ ਕਾਫੀ ਨਹੀਂ ।

ਕਮਿਊਨਿਸਟ ਪਾਰਟੀਆਂ (CPI, CPM) ਬਾਰੇ ਤੁਹਾਡਾ ਨਿਰਨਾ ਹੈ ਕਿ ਇਹ ਪਾਰਟੀਆਂ ਮਾਰਕਸਵਾਦੀ ਸਾਇੰਸ ਨੂੰ ਤਾਂ ਮੰਨਦੀਆਂ ਹਨ, ਪਰ ਪਾਰਲੀਮਾਨੀ ਜਿਲ੍ਹਣ ਵਿਚ ਫਸਕੇ ਆਪਣੀ ਦ੍ਰਿਸ਼ਟੀ ਗਵਾ ਬੈਠੀਆਂ ਹਨ। ਜੇਕਰ ਇਹ ਪਾਰਟੀਆਂ ਮਾਰਕਸਵਾਦੀ ਸਾਇੰਸ ਨੂੰ ਮੰਨਕੇ ਇਸਨੂੰ ਅਮਲ ਵਿਚ ਲਿਆ ਕੇ ਪਾਰਲੀਮਾਨੀ ਅਦਾਰਿਆਂ ਵਿਚ ਸ਼ਾਮਿਲ ਹੁੰਦੀਆਂ ਹਨ ਅਤੇ ਇਸਨੂੰ ਆਪਣੇ ਪਰਚਾਰ ਲਈ ਸਟੇਜ ਵਜੋਂ ਵਰਤਦੀਆਂ ਹਨ ਤਾਂ ਸਾਨੂੰ ਅਜੋਕੇ ਹਾਲਾਤ, ਭਾਵ ਜਥੇਬੰਦਕ ਤਾਕਤਾਂ ਨੂੰ ਦੇਖਦਿਆਂ ਇਸ ਨੂੰ ਘੋਲ ਦੇ ਹੀ ਇਕ ਰੂਪ ਵਿਚ ਦੇਖਣਾ ਪਏਗਾ । ਦ੍ਰਿਸ਼ਟੀ ਗਵਾ ਬੈਠਣੀ ਵੀ ਕਹਿ ਦੇਣਾ ਕਾਫੀ ਨਹੀਂ ਜਾਂ ਇਸ ਦੇ ਵਿਰੋਧ ਵਿਚ ਕੋਈ ਠੋਸ ਦਲੀਲ ਜਾਂ ਤੱਥ ਪੇਸ਼ ਕਰਨੇ ਚਾਹੀਦੇ ਹਨ । ਜੋ ਲੋਕਾਂ ਦੇ ਕੁਝ ਪਿੜ ਪੱਲੇ ਪਾਉਂਦੇ ਹੋਣ । ਸਿਰਫ ਤੁਹਮਤੀ ਸ਼ਬਦਾਵਲੀ ਵਰਤਣ ਨਾਲ ਨਾ ਹੀ ਹਕੀਕਤ ਉਘੜਦੀ ਹੈ ਨਾ ਛਪਦੀ ਹੈ । ਕਮਿਊਨਿਸਟ ਇਨਕਲਾਬੀਆਂ ਅਤੇ ਕਮਿਊਨਿਸਟ ਪਾਰਟੀਆਂ ਬਾਰੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਮੁਲਾਂਕਣ ਹੋਣਾ ਚਾਹੀਦਾ ਹੈ ਤਾਕਿ ਪਤਾ ਲੱਗ ਸਕੇ ਕੌਣ ਕਿਥੇ ਫਸਿਆ ਹੈ ?

**ਬਹਾਦਰ ਸਾਥੀ**